40ਵਾਂ ਵਰ੍ਹਾ

ਗਿਆਨ-ਵਿਗਿਆਨ ਅਤੇ ਚਿੰਤਨ ਦੀ ਅਵਾਜ਼

# ਤਰਕਸ਼ੀਲ

# TARKSHEEL

ਸਤੰਬਰ-ਅਕਤੂਬਰ 2025



ਡਾਇਣ ਕਰਾਰ ਦੇ ਕੇ ਬਿਹਾਰ ਵਿੱਚ ਉਪਰੋਕਤ ਪੰਜ ਜੀਆਂ ਦੇ ਪ੍ਰੀਵਾਰ ਨੂੰ ਜਿਊਂਦੇ ਸਾੜਿਆ ਗਿਆ (5)



ਲੋਕ ਝੂਠੀਆਂ ਕਹਾਣੀਆਂ ਕਿਉਂ ਘੜਦੇ ਹਨ (2)



ਏ.ਆਈ. ਐਨਕਾਂ (13)



ਸੱਪਾਂ ਨੂੰ ਬਚਾਉਣ ਵਾਲੇ ਸੋਸ਼ਲ ਮੀਡੀਆ ਨਾਲ ਡੰਗੇ ਗਏ (21)

30/-

ਜਿਹੜਾ ਜਨ-ਸਮੂਹ ਸੋਚਣਾ ਤਿਆਗ ਦੇਵੇ, ਉਹ ਭੀੜ ਅਖਵਾਉਂਦਾ ਹੈ।

## ਤਰਤੀਬ


| | |
|---|---|
| 1. ਲੋਕ ਝੂਠੀਆਂ ਕਹਾਣੀਆਂ ਕਿਉਂ ਘੜਦੇ ਹਨ | 2 |
| 2. ਡਾਇਣ ਕਰਾਰ ਦੇ ਕੇ ਮਾਰਨ ਦੀ ਘਟਨਾ ਬਾਰੇ ਰਵੀਸ਼ ਕੁਮਾਰ | 5 |
| 3. ਬੇਅਦਬੀ ਕਾਨੂੰਨ ਦੀ ਤਜਵੀਜ਼ | 7 |
| 4. ਸਿੱਖਣ ਪ੍ਰਕਿਰਿਆ ਉੱਤੇ ਏ.ਆਈ. ਦੇ ਅਸਰ | 11 |
| 5. ਏ.ਆਈ. ਐਨਕਾਂ | 13 |
| 6. ਏ.ਆਈ. ਦਾ ਜੀਵਨ 'ਤੇ ਪ੍ਰਭਾਵ | 15 |
| 7. ਡਾ. ਕਮਲਾ ਸੋਹਾਨੀ : ਭਾਰਤ ਦੀ ਪਹਿਲੀ ਔਰਤ ਪੀਐਚ.ਡੀ. | 16 |
| 8. ਮਮਤਾ ਦੀ ਹੂਕ | 18 |
| 9. ਸੱਪਾਂ ਨੂੰ ਬਚਾਉਣ ਵਾਲੇ ਸੋਸ਼ਲ ਮੀਡੀਆ ਨਾਲ ਡੰਗੇ ਗਏ | 21 |
| 10. ਵਿਸ਼ਨੂੰ ਦਾ ਚਿੰਨ੍ਹ | 22 |
| 11. ਲਸਣ | 25 |
| 12. ਵਿਰਸੇ ਦੀ ਲੋਅ | 28 |
| 13. ਖ਼ਬਰਾਂ ਵਿਚੋਂ ਉਠਦਾ ਇੱਕ ਸਵਾਲ | 30 |
| 14. ਯੂਟਿਊਬ ਚੈਨਲਾਂ ਬਾਰੇ-1 | 31 |
| 15. ਧਾਰਮਿਕ ਅਡੰਬਰਾਂ ਨੂੰ ਸਰਕਾਰੀ ਸਰਪ੍ਰਸਤੀ | 34 |
| 16. ਪ੍ਰੇਰਨਾ ਦੇ ਖੰਭ | 35 |
| 17. ਵਿਦਿਆਰਥੀ ਕੋਨਾ | 37 |
| 18. ਫਿਲਾਸਫ਼ੀ ਦਾ ਮਹੱਤਵ | 39 |
| 19. ਪੜ੍ਹਨਯੋਗ ਪੁਸਤਕਾਂ | 42 |
| 20. ਕਹਾਣੀ 'ਚੇਤਨਾ ਪਰਖ ਪ੍ਰੀਖਿਆ' | 45 |
| 21. ਸਰਗਰਮੀਆਂ | 46 |
| 22. ਪਾਠਕ ਪ੍ਰਤੀਕਰਮ | 50 |
| 23. ਲੇਖ ਰਚਨਾ ਮੁਕਾਬਲਾ | 52 |


### ਲੇਖ ਰਚਨਾ ਮੁਕਾਬਲਾ

- ਤਰਕਸ਼ੀਲ ਵੱਲੋਂ ਸ਼ੁਰੂ ਕੀਤੇ ਗਏ ਲੇਖ ਰਚਨਾ ਮੁਕਾਬਲੇ ਲਈ ਨਵੰਬਰ-ਦਸੰਬਰ 2025 ਦਾ ਵਿਸ਼ਾ ਪਾਕਿਸਤਾਨੀ ਸ਼ਾਇਰ ਬਾਬਾ ਨਜ਼ਮੀ ਦੀ ਕਵਿਤਾ ਵਿਚੋਂ ਸਤਰ
  - *" ਬੇਹਿੰਮਤੇ ਨੇ ਜਿਹੜੇ ਬਹਿਕੇ ਸ਼ਿਕਵਾ ਕਰਨ ਮੁਕੱਦਰਾਂ ਦਾ "*
- ਲੇਖ ਦੀ ਲੰਬਾਈ 1000 ਕੁ ਸ਼ਬਦਾਂ ਦੇ ਆਸ ਪਾਸ ਹੋਣੀ ਚਾਹੀਦੀ ਹੈ। ਇਸ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੇ ਨੂੰ 1000 ਰੁਪਏ ਅਤੇ ਦੂਜੇ ਸਥਾਨ ਵਾਲੇ ਨੂੰ 700 ਰੁਪਏ ਇਨਾਮ ਵਜੋਂ ਦਿੱਤੇ ਜਾਣਗੇ। ਇਸ ਲੇਖ ਰਚਨਾ ਮੁਕਾਬਲੇ ਲਈ ਅਸੀਂ ਮੁੱਖ ਤੌਰ 'ਤੇ ਕਾਲਜ ਵਿਦਿਆਰਥੀਆਂ ਅਤੇ ਨਵੇਂ ਉਭਰ ਰਹੇ ਲੇਖਕਾਂ ਨੂੰ ਸੱਦਾ ਦਿੰਦੇ ਹਾਂ।
- ਇਸ ਵਿਸ਼ੇ ਉਪਰ ਤੁਹਾਡੀ ਰਚਨਾ 5 ਅਕਤੂਬਰ ਤੱਕ ਈਮੇਲ ਜਾਂ ਵਟਸਐਪ ਰਾਹੀਂ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

Email - editortarksheel@gmail.com
Watsapp Number - 95018 83486


ਰਾਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫ਼ੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।



**ਮੁੱਖ ਸੰਪਾਦਕ**
ਰਾਜਪਾਲ ਸਿੰਘ
95018 83486
editortarksheel@gmail.com

**ਸੰਪਾਦਕੀ ਬੋਰਡ**
ਹੇਮ ਰਾਜ ਸਟੈਨੋ 98769 53561
ਪਾਲ ਬਾਗਪੁਰ 94173 13738
ਰਾਮ ਸਵਰਨ ਲੱਖੇਵਾਲੀ 95010 06626
ਵਿਸ਼ਵ ਕਾਂਤ 94170 37843
ਰਣਧੀਰ ਗਿੱਲਪੱਤੀ 98556 56156

**ਮੁੱਖ ਪ੍ਰਬੰਧਕ**
ਸੁਖਵਿੰਦਰ ਬਾਗਪੁਰ
94174 27538

**ਵਿਦੇਸ਼ੀ ਪ੍ਰਤੀਨਿਧ**
ਅਵਤਾਰ ਬਾਈ, ਵੈਨਕੂਵਰ
+1 672 558-5757
ਬੀਰਬਲ ਭਦੌੜ, ਕੈਲਗਿਰੀ
+1 204 894-4371
ਬਲਦੇਵ ਰਹਿਪਾ, ਟਰਾਂਟੋ
+1 41688 17202
ਅੱਛਰ ਸਿੰਘ ਖਰਲਵੀਰ (ਇੰਗਲੈਂਡ)
+1 44 748 635 1185
ਅਵਤਾਰ ਗੋਂਦਾਰਾ (USA)
+1(559)375-2589



**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :**
ਮੁੱਖ ਦਫ਼ਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਕ, ਬਰਨਾਲਾ-148101 (ਪੰਜਾਬ)
ਮੋਬਾ. 98769 53561

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234 IFSC : PUNB0004400

ਸਲਾਨਾ ਚੰਦਾ ਦੇਸ਼ : 150 ਰੁ.
ਜੀਵਨ ਮੈਂਬਰਸ਼ਿਪ : 1500 ਰੁ.
ਸਲਾਨਾ ਚੰਦਾ ਵਿਦੇਸ਼ : 40 ਯੂ.ਐਸ. ਡਾਲਰ
ਜੀਵਨ ਮੈਂਬਰਸ਼ਿਪ ਵਿਦੇਸ਼ : 20,000 ਰੁ.
ਰਸੀਦ ਵਾਊਚਰ ਅਤੇ ਪਤਾ ਹੇਠ ਲਿਖੇ ਨੰਬਰ 'ਤੇ ਭੇਜਿਆ ਜਾਵੇ
98156 70725

# ਸੰਪਾਦਕੀ

ਲੋਕਾਂ ਵਿੱਚ ਤਰਕਸ਼ੀਲ ਵਿਚਾਰਾਂ ਦੇ ਪ੍ਰਚਾਰ ਪਸਾਰ ਲਈ ਕੰਮ ਕਰਨ ਦੀ ਲੋੜ ਅੱਜ ਪਹਿਲਾਂ ਨਾਲੋਂ ਵੀ ਵੱਧ ਜਰੂਰੀ ਹੋ ਗਈ ਹੈ। ਕਿਉਂ ਵੱਧ ਜਰੂਰੀ ਹੋ ਗਈ ਹੈ ? ਇਹ ਜਾਣਨ ਲਈ ਪਿਛਲੇ ਕੁਝ ਸਮੇਂ ਤੋਂ ਜੋ ਕੁਝ ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਖੇਤਰ ਵਿੱਚ ਹੋ ਰਿਹਾ ਹੈ, ਉਸ ਉੱਤੇ ਨਿਗ੍ਹਾ ਮਾਰਨ ਦੀ ਲੋੜ ਹੈ।

ਪੰਜਾਬ ਸਰਕਾਰ ਲੋਕਾਂ ਦੇ ਅਸਲ ਮਸਲੇ ਹੱਲ ਕਰਨ ਦੀ ਬਜਾਏ ਉਹਨਾਂ ਮਸਲਿਆਂ ਤੋਂ ਧਿਆਨ ਤਿਲਕਾਉਣ ਲਈ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਵਰਗੇ ਕਾਨੂੰਨ ਲਿਆ ਕੇ ਆਪਣੀਆਂ ਨਕਾਮੀਆਂ 'ਤੇ ਪਰਦਾ ਪਾਉਣਾ ਚਾਹੁੰਦੀ ਹੈ। ਲੋਕਾਂ ਦੇ ਟੈਕਸਾਂ ਦੇ ਪੈਸੇ ਉੱਤੇ ਤੀਰਥ ਯਾਤਰਾਵਾਂ ਅਤੇ ਧਾਰਮਿਕ ਦਿਨਾਂ ਨੂੰ ਮਨਾਉਣ ਵਰਗੇ ਅਜਿਹੇ ਕਾਰਜ ਕਰ ਰਹੀ ਹੈ ਜਿਸ ਨਾਲ ਇਹ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਦਰਜ ਧਰਮ ਨਿਰਪੱਖਤਾ ਵਾਲੇ ਸੰਕਲਪ ਦੀਆਂ ਧੱਜੀਆਂ ਉਡਾ ਰਹੀ ਹੈ।

ਉੱਤਰ ਪ੍ਰਦੇਸ਼ ਦੀ ਸਰਕਾਰ ਨੇ ਆਪਣੀ ਪੁਲਿਸ ਨੂੰ ਕਾਂਵੜੀਆਂ ਉੱਤੇ ਫੁੱਲ ਬਰਸਾਉਣ, ਉਹਨਾਂ ਦੇ ਖਾਣ ਪੀਣ ਦਾ ਪ੍ਰਬੰਧ ਕਰਨ ਅਤੇ ਇਥੋਂ ਤੱਕ ਕਿ ਉਹਨਾਂ ਦੇ ਪੈਰ ਘੁੱਟਣ ਤੱਕ ਲਗਾ ਰੱਖਿਆ ਸੀ। ਪੁਲਿਸ ਦਾ ਜਿਹੜਾ ਅਸਲ ਕੰਮ ਹੁੰਦਾ ਹੈ ਕਿ ਇਹੋ ਜਿਹੇ ਮੌਕਿਆਂ ਉੱਤੇ ਹੜਦੁੰਗ ਮਚਾਉਣ ਨੂੰ ਰੋਕਿਆ ਜਾਵੇ, ਉਸ ਵੱਲੋਂ ਯੂ.ਪੀ. ਪੁਲਿਸ ਨੇ ਬਿਲਕੁਲ ਅੱਖਾਂ ਮੀਚੀਆਂ ਹੋਈਆਂ ਸਨ। ਸਿੱਟੇ ਵਜੋਂ ਜਿਸ ਪੱਧਰ ਦੀ ਗੁੰਡਾਗਰਦੀ ਕਾਂਵੜ ਯਾਤਰਾ ਦੌਰਾਨ ਇਸ ਵਾਰ ਹੋਈ, ਉਹ ਬਹੁਤ ਸ਼ਰਮਨਾਕ ਸੀ।

ਇਹਨਾਂ ਤੋਂ ਵੀ ਉੱਤੇ ਕੇਂਦਰ ਸਰਕਾਰ ਪਿਛਲੇ ਕੁਝ ਸਾਲਾਂ ਤੋਂ ਜਿਸ ਤਰ੍ਹਾਂ ਧਾਰਮਿਕ ਕੱਟੜਤਾ ਅਤੇ ਫਿਰਕਾਪ੍ਰਸਤੀ ਨੂੰ ਸਰਪ੍ਰਸਤੀ ਦੇ ਰਹੀ ਹੈ, ਉਸ ਨਾਲ ਸਿਰਫ ਸੰਵਿਧਾਨ ਦੇ ਧਰਮ ਨਿਰਪੱਖ ਖਾਸੇ ਉੱਤੇ ਹੀ ਨਹੀਂ ਬਲਕਿ ਭਾਈਚਾਰਕ ਸਾਂਝ ਵਾਲੇ ਸਮਾਜਿਕ ਮਾਹੌਲ ਅਤੇ ਮਾਨਵਵਾਦੀ ਸੋਚ ਉੱਤੇ ਵੱਡੀ ਸੱਟ ਵੱਜ ਰਹੀ ਹੈ। ਇਸ ਵੱਲੋਂ ਵਿਦਿਅਕ ਅਤੇ ਹੋਰ ਸਰਕਾਰੀ ਅਦਾਰਿਆਂ ਵਿੱਚ ਕੱਟੜ ਸੋਚ ਵਾਲੇ ਲੋਕਾਂ ਨੂੰ ਭਰਿਆ ਜਾ ਰਿਹਾ ਹੈ, ਵਿਦਿਆਰਥੀ ਨੂੰ ਪੜ੍ਹਾਏ ਜਾਣ ਵਾਲੇ ਪਾਠਕ੍ਰਮਾਂ ਵਿੱਚੋਂ ਵਿਗਿਆਨਕ ਸੋਚ ਪੈਦਾ ਕਰਨ ਵਾਲੇ ਹਿੱਸੇ (ਜਿਵੇਂ ਕਿ ਜੀਵ ਵਿਕਾਸ) ਨੂੰ ਖਾਰਜ ਕੀਤਾ ਗਿਆ ਹੈ। ਯੂਨੀਵਰਸਟੀਆਂ ਵਿੱਚ ਜੋਤਿਸ਼ ਅਤੇ ਕਰਮਕਾਂਡ ਵਰਗੇ ਗੈਰ-ਵਿਗਿਆਨਕ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ। ਤਰਕ ਨਾਲ ਲੋਕ ਪੱਖੀ ਗੱਲ ਕਰਨ ਵਾਲਿਆਂ ਨੂੰ ਸਰਕਾਰੀ ਮਸ਼ੀਨਰੀ ਵਰਤ ਕੇ ਦਬਾਇਆ ਜਾ ਰਿਹਾ ਹੈ।

ਵਿਗਿਆਨ ਦੀ ਖੋਜ ਟੈਲੀਵਿਜ਼ਨ ਜਿਸ ਨੇ ਸੱਚ ਨੂੰ ਪੇਸ਼ ਕਰਨ ਦਾ ਸਾਧਨ ਹੋਣਾ ਸੀ, ਲੋਕ ਮਨਾਂ ਵਿੱਚ ਵਿਗਿਆਨ ਦਾ ਚਾਨਣ ਕਰਨਾ ਸੀ, ਉਹ ਝੂਠਾ ਪ੍ਰਾਪੇਗੰਡਾ ਕਰਨ ਦਾ ਸਭ ਤੋਂ ਵੱਡਾ ਸਾਧਨ ਬਣ ਗਿਆ ਹੈ, ਗੈਰ-ਵਿਗਿਆਨਕ ਕਥਾਵਾਂ ਅਤੇ ਰੂੜ੍ਹੀਵਾਦੀ ਧਾਰਨਾਵਾਂ ਨੂੰ ਫੈਲਾਉਣ ਦਾ ਸਾਧਨ ਬਣ ਗਿਆ ਹੈ। ਸੋਸ਼ਲ ਮੀਡੀਆ, ਜਿਸ ਨੇ ਲੋਕਾਂ ਦਾ ਮੀਡੀਆ ਬਣਨਾ ਸੀ, ਉਸ ਉੱਤੇ ਸੱਤਾਧਾਰੀ ਧਿਰਾਂ ਦੇ ਆਈ.ਟੀ. ਸੈੱਲਾਂ ਅਤੇ ਟਰੋਲ ਆਰਮੀਆਂ ਨੇ ਕਬਜ਼ਾ ਕਰ ਲਿਆ ਹੈ।

ਆਰਥਿਕ ਖੇਤਰ ਵਿੱਚ ਕਾਰਪੋਰੇਟ ਵਰਗ ਵੱਲੋਂ ਵੱਡਾ ਹੱਲਾ ਕੀਤਾ ਜਾ ਰਿਹਾ ਹੈ ਜੋ ਸਾਰੇ ਸਾਧਨਾਂ ਨੂੰ ਲੋਕਾਂ ਤੋਂ ਖੋਹ ਕੇ ਆਪਣੇ ਕਬਜ਼ੇ ਵਿੱਚ ਕਰ ਲੈਣਾ ਚਾਹੁੰਦੇ ਹਨ। ਸੱਤਾਧਾਰੀ ਧਿਰਾਂ ਵੱਲੋਂ ਉੱਪਰ ਬਿਆਨ ਕੀਤਾ ਵਿਚਾਰਧਾਰਕ ਹਮਲਾ ਕਾਰਪੋਰੇਟਾਂ ਦੇ ਇਸ ਆਰਥਿਕ ਹਮਲੇ ਦਾ ਸਭ ਤੋਂ ਵੱਡਾ ਸਹਿਯੋਗੀ ਹੈ। ਸਰਕਾਰੀ ਸਰਪ੍ਰਸਤੀ ਨਾਲ ਫੈਲਾਈ ਜਾ ਰਹੀ ਗੈਰ-ਵਿਗਿਆਨਕ ਸੋਚ ਮਿਥਿਹਾਸਕ ਕਥਾਵਾਂ, ਧਾਰਮਿਕ ਕੱਟੜਤਾ ਅਤੇ ਫਿਰਕਾਪ੍ਰਸਤੀ, ਕਾਰਪੋਰੇਟਾਂ ਦੇ ਇਸ ਆਰਥਿਕ ਹੱਲੇ ਖਿਲਾਫ ਲੜਾਈ ਨੂੰ ਬਹੁਤ ਕਮਜ਼ੋਰ ਕਰਦੀ ਹੈ, ਉਨ੍ਹਾਂ ਦੀ ਇੱਕਜੁਟਤਾ ਵਿੱਚ ਪਾਟਕ ਪਾਉਂਦੀ ਹੈ, ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਕਮਜ਼ੋਰ ਕਰਦੀ ਹੈ।

ਸਾਡਾ ਕਾਰਜ ਇਸ ਵਿਚਾਰਧਾਰਕ ਹਮਲੇ ਨੂੰ ਰੋਕਣ ਲਈ ਲੋਕਾਂ ਨੂੰ ਵਿਗਿਆਨਕ ਚੇਤਨਾ ਨਾਲ ਲੈਸ ਕਰਨਾ ਹੈ। ਜੇ ਸਰਕਾਰ ਵਿਦਿਆਰਥੀਆਂ ਨੂੰ ਵਿਗਿਆਨਕ ਸਿੱਖਿਆ ਤੋਂ ਵਾਂਝਾ ਕਰਦੀ ਹੈ ਤਾਂ ਅਸੀਂ ਉਹ ਵਿਗਿਆਨਕ ਸਿੱਖਿਆ ਵਿਦਿਆਰਥੀਆਂ ਤੱਕ ਲੈ ਕੇ ਜਾਈਏ। ਜੇ ਉਹ ਲੋਕਾਂ ਨੂੰ ਪਾੜਨ ਲਈ ਉਨ੍ਹਾਂ ਵਿੱਚ ਧਾਰਮਿਕ ਕੱਟੜਵਾਦ ਅਤੇ ਫਿਰਕਾਪ੍ਰਸਤੀ ਫੈਲਾਉਂਦੀ ਹੈ ਤਾਂ ਅਸੀਂ ਧਰਮਾਂ ਦੀ ਅਸਲੀਅਤ ਨੂੰ ਲੋਕਾਂ ਸਾਹਮਣੇ ਬਿਆਨ ਕਰੀਏ। ਜੇ ਉਹ ਕਿਸਮਤ, ਕਰਮਾਂ ਦੇ ਨਾਂ ਉੱਤੇ ਲੋਕਾਂ ਨੂੰ ਭਾਣਾ ਮੰਨਣ ਦੀ ਸਿੱਖਿਆ ਦਿੰਦੇ ਹਨ ਤਾਂ ਅਸੀਂ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਸੰਘਰਸ਼ ਦੀ ਲੋੜ ਦਾ ਅਹਿਸਾਸ ਕਰਵਾਈਏ।

ਸੋ ਜੇ ਅਸੀਂ ਇੱਕ ਬਿਹਤਰ ਸਮਾਜ ਸਿਰਜਣਾ ਚਾਹੁੰਦੇ ਹਾਂ ਤਾਂ ਜਰੂਰੀ ਹੈ ਕਿ ਲੋਕਾਂ ਵਿੱਚ ਵਿਗਿਆਨਕ ਅਤੇ ਤਰਕਸ਼ੀਲ ਸੋਚ ਦਾ ਚਾਨਣ ਵੱਧ ਤਾਕਤ ਨਾਲ ਕਰੀਏ।

# ਲੋਕ ਝੂਠੀਆਂ ਕਹਾਣੀਆਂ ਕਿਉਂ ਘੜ੍ਹਦੇ ਹਨ ?
# ਲੋਕ ਝੂਠੀਆਂ ਕਹਾਣੀਆਂ ਕਿਉਂ ਮੰਨਦੇ ਹਨ ?

*ਰਾਜਪਾਲ ਸਿੰਘ*

ਸਮੇਂ ਸਮੇਂ ਤੇ ਇਹੋ ਜਿਹੀਆਂ ਕਹਾਣੀਆਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ ਜਿਨ੍ਹਾਂ ਵਿੱਚ ਸੱਚਾਈ ਕੋਈ ਨਹੀਂ ਹੁੰਦੀ। ਇਨ੍ਹਾਂ ਵਿਚਲੀਆਂ ਘਟਨਾਵਾਂ ਦਾ ਵਰਣਨ ਕੁਦਰਤੀ ਨਿਯਮਾਂ ਦੇ ਘੇਰੇ ਵਿੱਚ ਨਹੀਂ ਆਉਂਦਾ ਜਿਸ ਕਰਕੇ ਇਨ੍ਹਾਂ ਨੂੰ ਚਮਤਕਾਰ ਮੰਨਿਆ ਜਾਂਦਾ ਹੈ। ਤਰਕਸ਼ੀਲ ਸੁਸਾਇਟੀ ਪੰਜਾਬ ਦੀ ਕਾਫੀ ਊਰਜਾ ਇਨ੍ਹਾਂ ਕਥਿਤ ਚਮਤਕਾਰਾਂ ਵਾਲੀਆਂ ਕਹਾਣੀਆਂ ਦੇ ਖੰਡਨ ਵਿਚ ਲੱਗਦੀ ਹੈ। ਅੱਜ ਕੱਲ੍ਹ ਅਜਿਹੀਆਂ ਕਹਾਣੀਆਂ ਸੋਸ਼ਲ ਮੀਡੀਆ ਰਾਹੀਂ ਬਹੁਤ ਪ੍ਰਚਾਰੀਆਂ ਜਾਂਦੀਆਂ ਹਨ। ਪਰ ਅਜਿਹੀਆਂ ਝੂਠੀਆਂ ਕਹਾਣੀਆਂ ਘੜ੍ਹਨਾ ਕੋਈ ਨਵਾਂ ਵਰਤਾਰਾ ਨਹੀਂ, ਬਹੁਤ ਪਹਿਲਾਂ ਵੀ ਅਜਿਹੀਆਂ ਕਹਾਣੀਆਂ ਘੜ੍ਹੀਆਂ ਅਤੇ ਪ੍ਰਚਾਰੀਆਂ ਜਾਂਦੀਆਂ ਰਹੀਆਂ ਹਨ। ਗੱਲ ਅੱਗੇ ਤੁਰਨ ਤੋਂ ਪਹਿਲਾਂ ਹੇਠ ਦਿੱਤੀਆਂ ਤਸਵੀਰਾਂ ਉੱਤੇ ਨਿਗ੍ਹਾ ਮਾਰੋ।



Another traveller, Münster, published a book in 1550 where he described people such as these whom he had also seen "with his own eyes".



The legendary bird Rukh.

ਇਹ ਤਸਵੀਰਾਂ ਵੱਖ-ਵੱਖ ਯੂਰਪੀਅਨ ਯਾਤਰੀਆਂ ਵੱਲੋਂ ਏਸ਼ੀਆਈ ਅਤੇ ਅਫਰੀਕੀ ਦੇਸ਼ਾਂ ਵਿੱਚ ਕੀਤੀਆਂ ਯਾਤਰਾਵਾਂ ਬਾਰੇ ਲਿਖੀਆਂ ਕਿਤਾਬਾਂ ਵਿੱਚੋਂ ਲਈਆਂ ਗਈਆਂ ਹਨ। ਜਦ ਉਹ ਯੂਰਪੀਅਨ ਯਾਤਰੀ ਆਪਣੇ ਦੇਸ਼ ਵਾਪਸ ਪਰਤਦੇ ਤਾਂ ਉਹ ਉਥੇ ਵੇਖੇ ਦ੍ਰਿਸ਼ਾਂ ਬਾਰੇ ਬਹੁਤ ਵਧਾ ਚੜ੍ਹਾਅ ਕੇ ਦੱਸਦੇ। ਆਪਣੀ ਯਾਤਰਾ ਦੀਆਂ ਕਹਾਣੀਆਂ ਨੂੰ ਦਿਲਚਸਪ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਉਹ ਬਹੁਤ ਸਾਰੀਆਂ ਕਾਲਪਨਿਕ ਗੱਲਾਂ ਜੋੜ ਲੈਂਦੇ। ਇਕ ਅੰਗਰੇਜ਼ ਯਾਤਰੀ ਜੌਨ੍ਹ ਮੈਂਡੇਵਿਲੇ 1327 ਈਸਵੀ ਵਿੱਚ ਇੰਗਲੈਂਡ ਤੋਂ ਯਾਤਰਾ ਉੱਤੇ ਨਿਕਲਿਆ ਅਤੇ ਉਸਨੇ ਏਸ਼ੀਆ ਤੇ ਅਫਰੀਕਾ ਵਿੱਚ 33 ਸਾਲ ਬਿਤਾਏ। ਵਾਪਸੀ ਉੱਤੇ ਉਸਨੇ ਲਿਖਿਆ ਕਿ ਉਸਨੇ ਵੇਖਿਆ ਕਿ ਉਥੇ ਇਹੋ ਜਿਹੇ ਲੋਕ ਰਹਿੰਦੇ ਸਨ ਜਿਨ੍ਹਾਂ ਦੇ ਇਕੋ ਲੱਤ ਹੁੰਦੀ ਸੀ, ਇਸ ਇਕੋ ਲੱਤ ਨਾਲ ਉਹ ਬਹੁਤ ਤੇਜ਼ ਤੁਰ ਲੈਂਦੇ ਸਨ। ਉਨ੍ਹਾਂ ਦਾ ਇਹ ਇੱਕੋ ਪੈਰ ਬਹੁਤ ਵੱਡਾ ਹੁੰਦਾ ਸੀ, ਐਨਾ ਵੱਡਾ ਕਿ ਜਦ ਉਨ੍ਹਾਂ ਨੇ ਸੌਣਾ ਹੁੰਦਾ ਸੀ ਤਾਂ ਉਹ ਲੱਤ ਉਪਰ ਨੂੰ ਖੜ੍ਹੀ ਕਰ ਲੈਂਦੇ ਅਤੇ ਉਨ੍ਹਾਂ ਦਾ ਇਹ ਵੱਡਾ ਪੈਰ ਉਨ੍ਹਾਂ ਨੂੰ ਛਤਰੀ ਵਾਂਗ ਛਾਂ ਕਰੀ ਰੱਖਦਾ। (ਜਾਪਦਾ ਹੈ ਕਿ ਯੂਰਪੀ ਯਾਤਰੂਆਂ ਨੂੰ ਏਸ਼ੀਆ ਅਤੇ ਅਫਰੀਕਾ ਦੀ ਧੁੱਪ ਬਹੁਤ ਵੱਡਾ ਮਸਲਾ ਲੱਗਦਾ ਸੀ, ਇਸ ਵਿੱਚੋਂ ਉਹ ਅਜਿਹੀਆਂ ਕਲਪਨਾਵਾਂ ਕਰ ਲੈਂਦੇ, ਕਿਉਂਕਿ ਇਸੇ ਭੱਦਰ ਪੁਰਸ਼ ਨੇ ਇਹ ਵੀ ਲਿਖਿਆ ਕਿ ਉੱਥੇ ਉਸਨੇ ਅਜਿਹੇ ਬੰਦੇ ਵੇਖੇ ਜਿਨ੍ਹਾਂ ਦਾ ਉਪਰਲਾ ਬੁੱਲ੍ਹ ਹੀ ਉਨ੍ਹਾਂ ਦੇ ਸਰੀਰ ਉੱਤੇ ਛਾਂ ਕਰੀ ਰੱਖਦਾ ਸੀ।)

ਇਸ ਤੋਂ ਵੀ ਵੱਧ ਅਜੀਬੋ ਗਰੀਬ 'ਜਾਣਕਾਰੀਆਂ' ਵਾਲੀ ਪੁਸਤਕ Cosmographia ਸੀ, ਜੋ ਇੱਕ ਜਰਮਨ ਯਾਤਰੂ ਸਬੇਸ਼ੀਅਨ ਮੁੰਸਟਰ ਨੇ 1544 ਵਿੱਚ ਲਿਖੀ ਸੀ। ਉਸ ਪੁਸਤਕ ਵਿੱਚ ਲਿਖਿਆ ਕਿ ਉਸਨੇ ਉਥੇ ਅਜਿਹੇ ਬੌਣੇ ਵੇਖੇ ਜੋ ਸੇਬਾਂ ਦੀ ਸੁਗੰਧ ਨਾਲ ਹੀ ਰੱਜ ਲੈਂਦੇ ਸਨ; ਅਜਿਹੇ ਸੱਪ ਵੇਖੇ ਜੋ ਨਜਾਇਜ ਬੱਚਿਆਂ ਨੂੰ ਮਾਰ ਦਿੰਦੇ ਸਨ ਅਤੇ ਜਾਇਜ ਬੱਚਿਆਂ ਦੀ ਰਾਖੀ ਕਰਦੇ ਸਨ। ਇਸ ਪੁਸਤਕ ਵਿੱਚ ਵੀ ਛਾਂ ਕਰ ਸਕਣ ਵਾਲੇ ਬੁੱਲ੍ਹਾਂ ਅਤੇ ਛਤਰੀ ਦਾ ਕੰਮ ਦੇਣ ਵਾਲੇ ਪੈਰ ਦਾ ਜਿਕਰ ਹੈ। ਲੋਕਾਂ ਨੂੰ ਇਹ ਸਾਰੀਆਂ ਗੱਲਾਂ ਦਿਲਚਸਪ ਲੱਗਦੀਆਂ ਸਨ। ਇਸੇ ਕਰਕੇ 200 ਸਾਲ ਇਹ ਪੁਸਤਕ ਮੁੜ

ਮੁੜ ਛਪਦੀ ਰਹੀ ਅਤੇ ਇਸ ਦੇ ਸੈਂਕੜੇ ਐਡੀਸ਼ਨ ਛਪੇ। ਉਂਝ ਵਰਣਨਯੋਗ ਹੈ ਕਿ ਇਸ ਪੁਸਤਕ ਰਾਹੀਂ ਉਸ ਨੇ ਏਸ਼ੀਆ ਅਤੇ ਅਫਰੀਕੀ ਮਹਾਂਦੀਪ ਬਾਰੇ ਭੂਗੋਲਿਕ ਤੌਰ ’ਤੇ ਬਹੁਤ ਸਾਰੀ ਕੰਮ ਦੀ ਜਾਣਕਾਰੀ ਵੀ ਦਿੱਤੀ ਸੀ।



An illustration from a book of travels, whose author purported to have seen such a creature "with his own eyes".

ਮੱਧ-ਕਾਲ ਦੀਆਂ ਇਹੋ ਜਿਹੀਆਂ ਹੋਰ ਵੀ ਬਹੁਤ ਸਾਰੀਆਂ ਲਿਖਤਾਂ ਮਿਲਦੀਆਂ ਹਨ ਜਿਨ੍ਹਾਂ ਵਿੱਚ ਐਡੇ ਵੱਡੇ ਪੰਛੀ ਹੋਣ ਦਾ ਦਾਅਵਾ ਹੈ ਜੋ ਹਾਥੀ ਨੂੰ ਚੁੱਕ ਕੇ ਲੈ ਜਾਂਦੇ ਸਨ ਜਾਂ ਇਹੋ ਜਿਹੇ ਬੰਦੇ ਜਿਨ੍ਹਾਂ ਦਾ ਮੂੰਹ ਬਘਿਆੜ ਦਾ ਸੀ ਅਤੇ ਸਿਰਾਂ ਤੋਂ ਰਹਿਤ ਅਜਿਹੇ ਬੰਦਿਆਂ ਦਾ ਜਿਕਰ ਤਾਂ ਬਹੁਤ ਪੁਸਤਕਾਂ ਵਿੱਚ ਹੈ ਜਿਨ੍ਹਾਂ ਵਿੱਚ ਅੱਖਾਂ ਅਤੇ ਨੱਕ, ਮੂੰਹ ਆਦਿ ਢਿੱਡ ’ਤੇ ਲੱਗੇ ਹੁੰਦੇ ਸਨ। ਉਪਰੋਕਤ ਤਸਵੀਰਾਂ ਉਨ੍ਹਾਂ ਮਧਯੁਗੀ ਪੁਸਤਕਾਂ ਵਿੱਚੋਂ ਹੀ ਲਈਆਂ ਗਈਆਂ ਹਨ।

ਇਸ ਦੇ ਮੁਕਾਬਲੇ ਜਿਹੜੀਆਂ ਕਿਤਾਬਾਂ ਵਿੱਚ ਕਾਲਪਨਿਕ ਕਥਾਵਾਂ ਦੀ ਬਜਾਏ ਸੱਚੀਆਂ ਗੱਲਾਂ ਹੀ ਦੱਸੀਆਂ ਜਾਂਦੀਆਂ ਸਨ ਉਹ ਲੋਕਾਂ ਵਿੱਚ ਪਾਪੂਲਰ ਨਹੀਂ ਹੁੰਦੀਆਂ ਸਨ। ਉਦਾਹਰਨ ਵਜੋਂ ਚੀਨ ਅਤੇ ਭਾਰਤ ਦੀ ਯਾਤਰਾ ਕਰਨ ਵਾਲੇ ਮਸ਼ਹੂਰ ਯਾਤਰੀ ਮਾਰਕੋ ਪੋਲੋ ਨੇ ਆਪਣੀਆਂ ਯਾਤਰਾਵਾਂ ਉਪਰੰਤ ਜੋ ਕਿਤਾਬ ਲਿਖੀ ਉਹ ਐਨੀ ਪਾਪੂਲਰ ਨਹੀਂ ਹੋਈ। ਉਂਝ ਉਸ ਵਿੱਚ ਮਾਰਕੋ ਪੋਲੋ ਨੇ ਵੀ ਕਾਫੀ ਸਾਰੀਆਂ ਮਨਘੜਤ ਕਹਾਣੀਆਂ ਲਿਖੀਆਂ ਹੋਈਆਂ ਸਨ। ਪਰ ਉਹ ਪੁਸਤਕ ਅਸਲੀਅਤ ਉੱਤੇ ਜਿਆਦਾ ਆਧਾਰਿਤ ਸੀ ਜਿਸ ਕਰਕੇ ਉਸ ਦੌਰ ਦੇ ਲੋਕਾਂ ਨੂੰ ਉਹ ਘੱਟ ਦਿਲਚਸਪ ਲੱਗੀ।

**ਇਹੋ ਜਿਹੀਆਂ ਝੂਠੀਆਂ ਕਹਾਣੀਆਂ ਘੜਨ ਪਿੱਛੇ ਕੀ ਕਾਰਣ ਹੈ ?**

ਅਜਿਹੀਆਂ ਕਹਾਣੀਆਂ ਘੜਨ ਪਿੱਛੇ ਜੋ ਕਾਰਨ ਹੈ, ਉਹ ਸੌਖਿਆਂ ਹੀ ਸਮਝ ਆਉਂਦਾ ਹੈ ਕਿ ਹਰ ਮਨੁੱਖ ਆਪਣੀ ਗੱਲ ਨੂੰ ਦਿਲਚਸਪ ਅਤੇ ਵਜ਼ਨਦਾਰ ਬਣਾਉਣੀ ਚਾਹੁੰਦਾ ਹੈ। ਯਾਤਰੀਆਂ ਵਾਲੇ ਮਾਮਲੇ ਵਿੱਚ ਇਹ ਗੱਲ ਵੀ ਜੁੜਦੀ ਸੀ ਕਿ ਜਦ ਕੋਈ ਯੌਰਪੀ ਯਾਤਰੂ ਭਾਰਤ, ਚੀਨ ਜਾਂ ਅਫਰੀਕਾ ਵਿੱਚ ਕਈ ਸਾਲ ਲਾ ਕੇ ਮੁੜਦਾ ਸੀ ਤਾਂ ਲੋਕਾਂ ਨੂੰ ਆਸ ਹੁੰਦੀ ਸੀ ਕਿ ਉਸ ਕੋਲ ਧਨ ਦਾ ਖਜ਼ਾਨਾ ਹੋਵੇਗਾ, ਜੇ ਧਨ ਦਾ ਖਜ਼ਾਨਾ ਨਾ ਹੋਇਆ ਤਾਂ ਦਿਲਚਸਪ ਜਾਣਕਾਰੀਆਂ ਦਾ ਖਜ਼ਾਨਾ ਜਰੂਰ ਹੋਵੇਗਾ। ਜੇ ਅਜਿਹਾ ਵੀ ਨਹੀਂ ਤਾਂ ਉਹ ਮੂਰਖ ਹੀ ਸੀ ਜਿਸ ਨੇ ਜਿੰਦਗੀ ਦੇ ਐਨੇ ਸਾਲ ਐਵੇਂ ਹੀ ਗਾਲ ਦਿੱਤੇ। ਕੋਈ ਵੀ ਇਉਂ ਮੂਰਖ ਨਹੀਂ ਅਖਵਾਉਣਾ ਚਾਹੁੰਦਾ, ਸੋ ਉਹ ਦੂਜੇ ਦੇਸ਼ਾਂ ਬਾਰੇ ਆਪਣੀਆਂ ਕਲਪਨਾਵਾਂ ਵਿੱਚੋਂ ਅਜਿਹੀਆਂ ਗੱਲਾਂ ਘੜ ਲੈਂਦੇ। ਬਿਨਾਂ ਸਿਰਾਂ ਤੋਂ ਬੰਦੇ ਹੋਣ ਵਾਲੀ ਮਿੱਥ ਤਾਂ ਯੂਰਪੀ ਦੇਸ਼ਾਂ ਵਿੱਚ ਬਹੁਤ ਹੀ ਪ੍ਰਚਲਤ ਰਹੀ।

ਇਹ ਨਹੀਂ ਕਿ ਝੂਠੀਆਂ ਕਹਾਣੀਆਂ ਹੁਣ ਨਹੀਂ ਘੜੀਆਂ ਜਾਂਦੀਆਂ। ਇਹ ਬੰਦੇ ਦੀ ਮਨੋਵਿਗਿਆਨਕ ਲੋੜ ਹੁੰਦੀ ਹੈ ਕਿ ਉਸ ਦੀ ਗੱਲ ਨੂੰ ਦੂਸਰੇ ਧਿਆਨ ਨਾਲ ਸੁਣਨ ਅਤੇ ਮਹੱਤਵ ਦੇਣ। ਇਸ ਲਈ ਆਮ ਆਦਮੀ ਆਪਣੀ ਗੱਲ ਨੂੰ ਮਹੱਤਵਪੂਰਨ ਅਤੇ ਦਿਲਚਸਪ ਬਣਾਉਣ ਲਈ ਇਸ ਵਿੱਚ ਬਹੁਤ ਕੁਝ ਆਪਣੇ ਕੋਲੋਂ ਹੀ ਜੋੜ ਦਿੰਦਾ ਹੈ।

ਬਹੁਤ ਸਾਰੀਆਂ ਭੂਤਾਂ-ਪ੍ਰੇਤਾਂ ਵਾਲੀਆਂ ਕਹਾਣੀਆਂ ਵੀ ਇਸੇ ਤਰ੍ਹਾਂ ਬਣਦੀਆਂ ਰਹੀਆਂ ਹਨ। ਚਮਤਕਾਰਾਂ ਵਾਲੀਆਂ ਕਥਾਵਾਂ ਪਿੱਛੇ ਵੀ ਇਹੀ ਮਾਨਸਿਕਤਾ ਕੰਮ ਕਰਦੀ ਹੈ। ਸੋ ਕੁਝ ਲੋਕਾਂ ਨੇ ਅਜਿਹੀਆਂ ਕਹਾਣੀਆਂ ਘੜਦੇ ਹੀ ਰਹਿਣਾ ਹੈ। ਅੱਜ ਇਸ ਵਿੱਚ ਵਾਧਾ ਇਹ ਹੋ ਗਿਆ ਹੈ ਕਿ ਅਜਿਹੀਆਂ ਕਾਲਪਨਿਕ ਕਹਾਣੀਆਂ ਨੂੰ ਫੈਲਾਉਣ ਲਈ ਸੋਸ਼ਲ ਮੀਡੀਆ ਦੀ ਸਹੂਲਤ ਮਿਲ ਗਈ ਹੈ। ਉੱਤੋਂ ਦੂਜਾ ਫੈਕਟਰ ਇਹ ਜੁੜ ਗਿਆ ਹੈ ਕਿ ਕਿਸੇ ਘਟਨਾ ਨੂੰ ਜਿੰਨਾ ਵੱਧ ਸਨਸਨੀਖੇਜ ਰੂਪ ਦੇ ਕੇ ਪੇਸ਼ ਕੀਤਾ ਜਾਵੇਗਾ ਉਨਾ ਹੀ ਉਹ ਵੱਧ ਵੇਖੀ ਜਾਵੇਗੀ, ਜਿੰਨੀ ਵੱਧ ਵੇਖੀ ਜਾਵੇਗੀ ਉਨੇ ਵੱਧ ਉਸ ਤੋਂ ਪੈਸੇ ਮਿਲਣ ਦੀ ਸੰਭਾਵਨਾ ਬਣੇਗੀ। ਇਸ ਕਰਕੇ ਬਹੁਤ ਸਾਰੀਆਂ ਗੱਲਾਂ ਜੋ ਵਾਪਰੀਆਂ ਹੀ ਨਹੀਂ ਹੁੰਦੀਆਂ ਜਾਂ ਬਹੁਤ ਸਾਧਾਰਨ ਰੂਪ ਵਿੱਚ ਵਾਪਰੀਆਂ ਹੁੰਦੀਆਂ ਹਨ ਉਨ੍ਹਾਂ ਨੂੰ ਚਮਤਕਾਰੀ ਘਟਨਾਵਾਂ ਵਜੋਂ ਪੇਸ਼ ਕੀਤਾ ਜਾਂਦਾ ਹੈ। ਇਸੇ ਕਾਰਣ ਤਲਵੰਡੀ ਸਾਬੋ ਕੋਲ ਲੇਲੇਵਾਲ ਰੋਡ ਵਿਖੇ ਸਥਿਤ ‘ਭੂਤਾਂ ਵਾਲੇ ਕੋਠੀ’ ਵਜੋਂ ਮਸ਼ਹੂਰ ਕੀਤੇ ਮਕਾਨ ਵਿੱਚ ਵੀ ਹਰ ਛੇ ਮਹੀਨੇ ਬਾਅਦ ਕੋਈ ਨਾ ਕੋਈ ਯੂ-ਟਿਊਬਰ ਕੈਮਰਾ ਚੁੱਕ ਕੇ ਆਣ ਵੜਦਾ ਹੈ, ਹਾਲਾਂ ਕਿ ਇਸ ਬਾਰੇ ਤਰਕਸ਼ੀਲਾਂ ਵੱਲੋਂ ਬਹੁਤ ਵਾਰ ਸਪਸ਼ਟ ਕੀਤਾ ਜਾ ਚੁੱਕਾ ਹੈ।

**ਲੋਕ ਇਨ੍ਹਾਂ ਕਲਪਿਤ ਕਹਾਣੀਆਂ ਉੱਤੇ ਵਿਸ਼ਵਾਸ ਕਿਉਂ ਕਰਦੇ ਹਨ?**

ਇਸ ਤੋਂ ਅਗਲਾ ਸਵਾਲ ਇਹ ਖੜਾ ਹੁੰਦਾ ਹੈ ਕਿ ਕਹਾਣੀਆਂ ਘੜਨ ਵਾਲੇ ਤਾਂ ਆਪਣੀ ਗੱਲ ਨੂੰ ਦਿਲਚਸਪ ਅਤੇ ਮਹੱਤਵਪੂਰਨ ਬਣਾਉਣ ਲਈ ਕਲਪਨਾ ਦੇ ਮਸਾਲੇ ਲਾਉਂਦੇ ਹਨ ਪਰ ਬਹੁਤੇ ਲੋਕ ਉਨ੍ਹਾਂ ਨੂੰ ਸੱਚ ਕਿਉਂ ਮੰਨ

ਲੈਂਦੇ ਹਨ ? ਇਸ ਪਿੱਛੇ ਦਾ ਮਨੋਵਿਗਿਆਨ ਕੀ ਹੈ ?

ਇਸ ਦੀ ਵਿਆਖਿਆ ਤਰਕਸ਼ੀਲ ਟਿੱਪਣੀਕਾਰ ਧਰਮੇਂਦਰ ਆਜ਼ਾਦ ਇੱਕ ਮਸ਼ਹੂਰ ਤਾਰਾ ਵਿਗਿਆਨੀ ਕਾਰਲ ਸੇਗਾਨ ਦੇ ਹਵਾਲੇ ਨਾਲ ਇਸ ਤਰ੍ਹਾਂ ਕਰਦੇ ਹਨ।

ਕਾਰਲ ਸੇਗਾਨ ਆਪਣੇ ਕਿਸੇ ਦੋਸਤ ਨਾਲ ਇਕ ਰੈਸਟੋਰੈਂਟ ਵਿੱਚ ਰਾਤ ਦਾ ਖਾਣਾ ਖਾ ਰਹੇ ਸਨ ਤਾਂ ਅਚਾਨਕ ਬਾਹਰ ਰੌਲਾ ਪੈਣ ਲੱਗਾ। ਕਾਰਲ ਨੇ ਖਿੜਕੀ ਵਿੱਚੋਂ ਬਾਹਰ ਝਾਕ ਕੇ ਦੇਖਿਆ ਕਿ ਰੈਸਟੋਰੈਂਟ ਦੇ ਬਾਹਰ ਭੀੜ ਇਕੱਠੀ ਹੋ ਰਹੀ ਸੀ। ਉਹ ਅਸਮਾਨ ਵੱਲ ਇਸ਼ਾਰੇ ਕਰ ਰਹੇ ਸਨ ਅਤੇ ਅਸਮਾਨ ਵਿੱਚ ਇੱਕ ਅਜੀਬ ਜਿਹੀ ਚਮਕਦੀ ਰੋਸ਼ਨੀ ਨੂੰ ਵੇਖ ਕੇ ਉਤਸ਼ਾਹ ਵਿੱਚ ਰੌਲਾ ਪਾ ਰਹੇ ਸਨ। ਲੋਕ ਉਸ ਰੋਸ਼ਨੀ ਨੂੰ ਕਿਸੇ ਦੂਜੇ ਗ੍ਰਹਿ ਤੋਂ ਆਇਆ ਸਪੇਸਸ਼ਿੱਪ ਸਮਝ ਰਹੇ ਸਨ ਅਤੇ ਕਿਸੇ ਵੱਲੋਂ ਫੈਲਾਈ ਹੋਈ ਇਸ ਗੱਲ ਤੇ ਵਿਸ਼ਵਾਸ ਕਰ ਰਹੇ ਸਨ ਕਿ ਦੂਜੇ ਗ੍ਰਹਿ ਤੋਂ ਆਏ ਇਹ ਲੋਕ ਧਰਤੀ ਨਾਲ ਸੰਪਰਕ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਕਾਰਲ ਸੇਗਾਨ ਆਪਣੀ ਵਿਗਿਆਨਕ ਸੋਚ ਅਤੇ ਤਰਕ-ਪੂਰਨ ਦ੍ਰਿਸ਼ਟੀਕੋਣ ਲਈ ਮਸ਼ਹੂਰ ਸਨ। ਤਾਰਾ ਵਿਗਿਆਨੀ ਹੋਣ ਕਰਕੇ ਉਹ ਆਪਣੀ ਦੂਰਬੀਨ ਨਾਲ ਹੀ ਰੱਖਦੇ ਸਨ। ਉਨ੍ਹਾਂ ਨੇ ਆਪਣੀ ਗੱਡੀ ਵਿੱਚੋਂ ਦੂਰਬੀਨ ਕੱਢੀ ਅਤੇ ਉਸ ਰੋਸ਼ਨੀ ਨੂੰ ਦੇਖਣ ਲੱਗੇ। ਕੁਝ ਪਲਾਂ ਵਿੱਚ ਹੀ ਉਨ੍ਹਾਂ ਨੂੰ ਸਚਾਈ ਦੀ ਸਮਝ ਆ ਗਈ। ਉਹ ਭੀੜ ਨੂੰ ਸੰਬੋਧਨ ਕਰਕੇ ਕਹਿਣ ਲੱਗੇ ਕਿ ਇਹ ਕੋਈ ਦੂਜੇ ਗ੍ਰਹਿ ਤੋਂ ਆਇਆ ਸਪੇਸਸ਼ਿੱਪ ਨਹੀਂ ਹੈ ਬਲਕਿ ਇੱਕ ਨਵਾਂ ਮਿਲਟਰੀ ਏਅਰ-ਕਰਾਫਟ ਹੈ, ਜਿਸ ਨੂੰ ਪ੍ਰੀਖਣ ਲਈ ਉਡਾਇਆ ਗਿਆ ਹੈ।

ਕਾਰਲ ਸੇਗਾਨ ਵੱਡਾ ਵਿਗਿਆਨੀ ਸੀ, ਉਸ ਦੀ ਗੱਲ ਨੂੰ ਕੱਟਿਆ ਨਹੀਂ ਜਾ ਸਕਦਾ ਸੀ। ਪਰ ਉਸ ਦੀ ਇਹ ਗੱਲ ਸੁਣਦੇ ਹੀ ਲੋਕਾਂ ਦਾ ਉਤਸ਼ਾਹ ਫਿਕਾ ਪੈ ਗਿਆ। ਉਨ੍ਹਾਂ ਦੇ ਚਿਹਰੇ ਦੀ ਚਮਕ ਬੁਝ ਗਈ ਜਿਵੇਂ ਕਿ ਕੋਈ ਦਿਲਚਸਪ ਕਹਾਣੀ ਵਿਚਕਾਰੋਂ ਬੰਦ ਕਰ ਦਿੱਤੀ ਗਈ ਹੋਵੇ।

ਕਾਰਲ ਨੇ ਇਹ ਵੇਖ ਕੇ ਇੱਕ ਵਿਅਕਤੀ ਨੂੰ ਸਵਾਲ ਕੀਤਾ ਤੁਸੀਂ ਇਨੇ ਨਿਰਾਸ਼ ਕਿਉਂ ਹੋ ਗਏ ? ਤੁਹਾਨੂੰ ਤਾਂ ਖੁਸ਼ ਹੋਣਾ ਚਾਹੀਦਾ ਸੀ ਕਿ ਤੁਹਾਨੂੰ ਉਸ ਚਮਕਦੀ ਚੀਜ਼ ਦੀ ਸੱਚਾਈ ਦਾ ਪਤਾ ਲੱਗ ਗਿਆ ਅਤੇ ਤੁਸੀਂ ਇੱਕ ਗਲਤ-ਫਹਿਮੀ ਵਿੱਚ ਪੈਣ ਤੋਂ ਬਚ ਗਏ।

ਉਹ ਵਿਅਕਤੀ ਨਾਖੁਸ਼ੀ ਅਤੇ ਖਿਝ ਦੀ ਭਾਵਨਾ ਨਾਲ ਕਹਿਣ ਲੱਗਾ, "ਘਰ ਜਾ ਕੇ ਬੱਚਿਆਂ ਨੂੰ ਇਹ ਦੱਸਣ ਵਿਚ ਕੀ ਮਜਾ ਹੈ ਕਿ ਮੈਂ ਨਵੀਂ ਤਰ੍ਹਾਂ ਦਾ ਮਿਲਟਰੀ ਜੈੱਟ ਵੇਖ ਕੇ ਆਇਆ ਹਾਂ। ਅਸੀਂ ਸਾਰੇ ਲੋਕ ਇਹ ਸੋਚ ਕੇ ਆਪਣੇ ਆਪ ਨੂੰ ਵਿਸ਼ੇਸ਼ ਸਮਝਣ ਲੱਗੇ ਸੀ ਕਿ ਅਸੀਂ ਏਲੀਅਨਜ਼ ਦਾ ਸਪੇਸਸ਼ਿੱਪ ਦੇਖ ਲਿਆ ਹੈ। ਤੁਸੀਂ ਸਾਡੀ ਇਹ ਮਹੱਤਤਾ ਖਤਮ ਕਰ ਦਿੱਤੀ।"

ਇਹ ਸੁਣ ਕੇ ਕਾਰਲ ਨੂੰ ਮਹਿਸੂਸ ਹੋਇਆ ਕਿ ਲੋਕਾਂ ਦੇ ਅੰਦਰ ਕਿਸ ਹੱਦ ਤੱਕ ਪਛਾਣ ਦਾ ਸੰਕਟ ਅਤੇ ਰੁਮਾਂਚ ਦੀ ਭੁੱਖ ਹੈ। ਸੱਚ ਕਹੀਏ ਤਾ ਕਾਰਲ ਨੇ ਉਨ੍ਹਾਂ ਕੋਲੋਂ ਉਹ 'ਜਾਦੂ ਕਹਾਣੀ' ਖੋਹ ਲਈ ਜੋ ਉਨ੍ਹਾਂ ਦੀ ਰੋਜਾਨਾ ਜਿੰਦਗੀ ਦੀ ਨੀਰਸਤਾ ਵਿੱਚ ਇੱਕ ਰੰਗ ਭਰ ਸਕਦੀ ਸੀ, ਇਕ ਅਜਿਹਾ ਅਨੁਭਵ ਜੋ ਉਨ੍ਹਾਂ ਨੂੰ ਖਾਸ ਮਹਿਸੂਸ ਕਰਵਾ ਸਕਦਾ ਸੀ।

ਸੱਚ ਤਾਂ ਇਹ ਹੈ ਕਿ ਬਿਨਾਂ ਕਿਸੇ ਵੱਡੇ ਉਦੇਸ਼ ਦੇ ਜਿਉਂ ਰਹੇ ਲੋਕਾਂ ਨੂੰ ਰੋਮਾਂਚਕ ਕਹਾਣੀ ਦੀ ਤਲਾਸ਼ ਹੁੰਦੀ ਹੈ। ਫਿਰ ਇਹ ਚਾਹੇ ਭੂਤਾਂ-ਪ੍ਰੇਤਾਂ ਦੇ ਕਿੱਸੇ ਹੋਣ, ਭਾਵੇਂ ਪੁਨਰ-ਜਨਮ ਦੀਆਂ ਕਹਾਣੀਆਂ ਜਾਂ ਦੂਸਰੇ ਗ੍ਰਹਿ ਦੇ ਵਾਸੀਆਂ ਬਾਰੇ ਕਾਲਪਨਿਕ ਗੱਲਾਂ ਹੋਣ।

ਚਾਹੇ ਅਜਿਹੀਆਂ ਝੂਠੀਆਂ ਕਹਾਣੀਆਂ ਘੜ੍ਹਨ ਅਤੇ ਇਹਨਾਂ ਨੂੰ ਮੰਨਣ ਪਿੱਛੇ ਮਨੋਵਿਗਿਆਨਕ ਕਾਰਨ ਹਨ ਪਰ ਇਹ ਵਿਗਿਆਕਿ ਸੋਚ ਦੇ ਰਸਤੇ ਤੋਂ ਭਟਕਾਉਣ ਦਾ ਕਾਰਨ ਬਣਦੀਆਂ ਹਨ। ਜੋ ਲੋਕ ਇਨ੍ਹਾਂ ਕਾਲਪਨਿਕ ਕਹਾਣੀਆਂ ਵਿੱਚੋਂ ਸੰਤੁਸ਼ਟੀ ਹਾਸਲ ਕਰਨ ਲੱਗ ਪੈਂਦੇ ਹਨ ਉਹ ਸੱਚਾਈ ਦੇ ਰਸਤੇ ਤੋਂ ਪਾਸੇ ਚਲੇ ਜਾਂਦੇ ਹਨ। ਸਾਧਾਂ, ਸੰਤਾਂ, ਕਥਾਵਾਚਕਾਂ ਵੱਲੋਂ ਜੋ ਕਹਾਣੀਆਂ ਘੜ ਘੜ ਕੇ ਸੁਣਾਈਆਂ ਜਾਂਦੀਆਂ ਹਨ ਇਹ ਲੋਕ ਉਨ੍ਹਾਂ ਦੀ ਵਾਹ ਵਾਹ ਕਰਨ ਵਾਲੀਆਂ ਭੀੜਾਂ ਵਿੱਚ ਸ਼ਾਮਿਲ ਹੋ ਜਾਂਦੇ ਹਨ। ਅਜਿਹੀਆਂ ਭੀੜਾਂ ਨਾ ਸਿਰਫ ਆਪਣੇ ਧਨ ਅਤੇ ਸਮੇਂ ਦੀ ਬਰਬਾਦੀ ਕਰਦੀਆਂ ਹਨ ਬਲਕਿ ਇਨ੍ਹਾਂ ਵੱਲੋਂ ਫੈਲਾਈਆਂ ਅਫਵਾਹਾਂ ਨੂੰ ਸੱਚ ਮੰਨ ਕੇ ਫਿਰਕੂ ਦੰਗਿਆਂ ਵਿੱਚ ਵੀ ਸ਼ਾਮਿਲ ਹੁੰਦੀਆਂ ਹਨ। ਇਸੇ ਕਰਕੇ ਹਰ ਤਰ੍ਹਾਂ ਦੇ ਝੂਠੇ ਬਿਰਤਾਂਤ, ਚਾਹੇ ਉਹ ਧਾਰਮਿਕ ਕਥਾਕਾਰਾਂ ਵੱਲੋਂ ਪ੍ਰਚਾਰੇ ਜਾਂਦੇ ਹੋਣ ਅਤੇ ਚਾਹੇ ਸੋਸ਼ਲ ਮੀਡੀਆ ਉੱਤੇ ਕਿਸੇ ਫਿਰਕੂ ਪਾਰਟੀ ਦੇ ਆਈ.ਟੀ. ਸੈੱਲ ਵਾਲਿਆਂ ਵੱਲੋਂ ਘੜੇ ਜਾਂਦੇ ਹੋਣ ਜਾਂ ਕੁਝ ਖੁਦਗਰਜ਼ ਵਿਅਕਤੀਆਂ ਵੱਲੋਂ ਫੈਲਾਏ ਜਾਂਦੇ ਹੋਣ, ਤਰਕਸ਼ੀਲ ਸੁਸਾਇਟੀ ਉਨ੍ਹਾਂ ਦੀ ਅਸਲੀਅਤ ਲੋਕਾਂ ਅੱਗੇ ਲੈ ਕੇ ਆਉਣ ਲਈ ਹਮੇਸ਼ਾ ਯਤਨਸ਼ੀਲ ਰਹਿੰਦੀ ਹੈ। ਅਜਿਹਾ ਕਰਨਾ ਵਿਗਿਆਨ ਦੇ ਵਿਕਾਸ ਲਈ ਵੀ ਅਤੇ ਸਮਾਜ ਦੀ ਬਿਹਤਰੀ ਲਈ ਵੀ ਬਹੁਤ ਜਰੂਰੀ ਹੈ।

98767 10809

ਡਾਇਨ ਕਰਾਰ ਦੇ ਕੇ ਪਰਿਵਾਰ ਦੇ 5 ਜੀਆਂ ਨੂੰ ਮਾਰ ਦੇਣ ਦੀ ਘਟਨਾ ਦੇ ਸੰਦਰਭ ਵਿੱਚ -

# ਅਜਿਹੀਆਂ ਘਟਨਾਵਾਂ ਲਈ ਮੀਡੀਆ ਅਤੇ ਧਰਮ-ਅਧਾਰਿਤ ਰਾਜਨੀਤੀ ਵੱਲੋਂ ਪੈਦਾ ਕੀਤਾ ਗਿਆ ਮਾਹੌਲ ਜਿਮੇਂਵਾਰ ਹੈ

**-ਰਵੀਸ਼ ਕੁਮਾਰ**



***ਇਸ 6 ਜੁਲਾਈ ਨੂੰ ਬਿਹਾਰ ਦੇ ਪੂਰਨੀਆਂ ਜ਼ਿਲ੍ਹੇ ਦੇ ਪਿੰਡ ਤੇਤਗਾਮਾ ਵਿੱਚ 50-60 ਬੰਦਿਆਂ ਦੀ ਭੀੜ ਨੇ ਇਕ ਪਰਿਵਾਰ ਦੇ ਪੰਜ ਜੀਆਂ ਨੂੰ ਪਹਿਲਾਂ ਖੰਭੇ ਨਾਲ ਬੰਨ੍ਹ ਕੇ ਬੁਰੀ ਤਰ੍ਹਾਂ ਕੁੱਟਿਆ ਅਤੇ ਫਿਰ ਪੈਟਰੋਲ ਛਿੜਕ ਕੇ ਅੱਗ ਲਗਾ ਕੇ ਜਿੰਦਾ ਜਲਾ ਦਿੱਤਾ। ਇਸ ਵਹਿਸ਼ੀ ਕਾਰੇ ਦਾ ਕਾਰਨ ਇਹ ਦੱਸਿਆ ਗਿਆ ਕਿ ਇਸ ਪਰਿਵਾਰ ਦੀ ਮੁਖੀ ਔਰਤ ਕਾਤੋ ਦੇਵੀ ਡਾਇਣ ਸੀ ਅਤੇ ਜਾਦੂ ਟੂਣੇ ਕਰਕੇ ਪਿੰਡ ਦੇ ਬੱਚਿਆਂ ਨੂੰ ਨੁਕਸਾਨ ਪਹੁੰਚਾ ਰਹੀ ਸੀ। ਮੀਡੀਆ ਵੱਲੋਂ ਇਸ ਘਟਨਾ ਨੂੰ ਕੇਵਲ ਇੱਕ ਖਬਰ ਵਜੋਂ ਨਸ਼ਰ ਕਰਕੇ ਛੱਡ ਦੇਣ ਦੇ ਮੁਕਾਬਲੇ ਉੱਘੇ ਪੱਤਰਕਾਰ ਰਵੀਸ਼ ਕੁਮਾਰ ਨੇ ਇਸ ਵਰਤਾਰੇ ਦੇ ਕਾਰਨਾਂ ਅਤੇ ਉਸ ਮਾਹੌਲ ਦੀ ਸਿਰਜਣਾ ਦੇ ਦੋਸ਼ੀਆਂ ਉੱਤੇ ਉਂਗਲ ਧਰੀ ਹੈ ਜਿਸ ਕਰਕੇ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ। ਹੇਠਾਂ ਉਨ੍ਹਾਂ ਦੀ ਵਿਆਖਿਆ ਵਿੱਚੋਂ ਕੁਝ ਅੰਸ਼ ਅਨੁਵਾਦ ਕਰਕੇ ਪੰਜਾਬੀ ਵਿੱਚ ਪੇਸ਼ ਕੀਤੇ ਜਾ ਰਹੇ ਹਨ। ਉਨ੍ਹਾਂ ਦੀ ਵਿਆਖਿਆ ਵਿੱਚੋਂ ਸਪਸ਼ਟ ਹੁੰਦਾ ਹੈ ਕਿ ਮੀਡੀਆ ਅਤੇ ਰਾਜਨੀਤਿਕ ਲੋਕਾਂ ਵੱਲੋਂ ਵਿਗਿਆਨਕ ਚੇਤਨਾ ਦੇ ਉਲਟ ਭੁਗਤਨ ਕਾਰਨ ਜੋ ਮਾਹੌਲ ਬਣਦਾ ਹੈ, ਉਸ ਵਿਚੋਂ ਹੀ ਅਜਿਹੀਆਂ ਘਟਨਾਵਾਂ ਕਰਨ ਦੀ ਹੱਲਾਸ਼ੇਰੀ ਮਿਲਦੀ ਹੈ।***

ਇਹ ਘਟਨਾ ਕਈ ਤਰ੍ਹਾਂ ਦੀਆਂ ਨਕਾਮੀਆਂ ਨੂੰ ਉਜਾਗਰ ਕਰ ਰਹੀ ਹੈ। ਇੱਥੇ ਸੰਵਿਧਾਨ ਵੀ ਫੇਲ੍ਹ ਹੋਇਆ, ਸਿਸਟਮ ਵੀ ਫੇਲ੍ਹ ਹੋਇਆ ਅਤੇ ਸਮਾਜ ਤਾਂ ਫੇਲ੍ਹ ਹੋਇਆ ਹੀ ਹੈ। ਤੁਸੀਂ ਕਿੰਨੇ ਕੁ ਨੇਤਾਵਾਂ ਨੂੰ ਇਹ ਭਾਸ਼ਣ ਦਿੰਦੇ ਸੁਣਿਆ ਹੈ ਕਿ ਅੰਧਵਿਸ਼ਵਾਸਾਂ ਤੋਂ ਬਚੋ, ਜਾਦੂ-ਟੂਣਾ, ਡਾਇਨ ਵਗੈਰਾ ਕੁਝ ਨਹੀਂ ਹੁੰਦਾ। ਹੁਣ ਇਹ ਕੋਈ ਨਹੀਂ ਬੋਲਦਾ, ਕਿਉਂਕਿ ਇਹ ਬੋਲਣ ਤੇ ਉਸ ਨੂੰ ਧਰਮ-ਵਿਰੋਧੀ ਘੋਸ਼ਿਤ ਕਰ ਦਿੱਤਾ ਜਾਵੇਗਾ। ਇਹ ਘਟਨਾ ਆਦਿਵਾਸੀ ਇਲਾਕੇ ਵਿੱਚ ਹੋਣ ਤੋਂ ਇਹ ਬਿਲਕੁਲ ਨਹੀਂ ਸਮਝਣਾ ਚਾਹੀਦਾ ਕਿ ਇਹ ਕੇਵਲ ਉਥੋਂ ਤੱਕ ਸੀਮਤ ਹੈ। ਇਸ ਭਰਮ ਵਿੱਚ ਨਾ ਰਹੀਏ ਕਿ ਇਹ ਕੇਵਲ ਪੇਂਡੂ ਖੇਤਰ ਦੀ ਪ੍ਰਵਿਰਤੀ ਹੈ ਅਤੇ ਆਦਿਵਾਸੀ ਇਲਾਕਿਆਂ ਤੱਕ ਸੀਮਤ ਹੈ। ਸ਼ਹਿਰਾਂ ਵਿੱਚ ਵੀ ਅੰਧਵਿਸ਼ਵਾਸਾਂ ਦਾ ਪ੍ਰਚੰਡ ਪ੍ਰਚਾਰ ਹੋ ਰਿਹਾ ਹੈ ਅਤੇ ਮੱਧ ਵਰਗ ਤਾਂ ਭਿਆਨਕ ਤੌਰ ਤੇ ਇਸ ਦੀ ਲਪੇਟ ਵਿੱਚ ਹੈ। ਜਦ ਕਿ ਸੰਵਿਧਾਨ ਦੀ ਧਾਰਾ 51-A(H) ਹਰੇਕ ਨਾਗਰਿਕ ਤੋਂ ਇਹ ਉਮੀਦ ਕਰਦੀ ਹੈ ਕਿ ਉਹ ਵਿਗਿਆਨਕ ਸੋਚ ਅਪਨਾਏ ਅਤੇ ਸਮਾਜ ਵਿੱਚ ਤਰਕਸ਼ੀਲਤਾ ਨੂੰ ਹੱਲਾਸ਼ੇਰੀ ਦੇਵੇ। ਪਰ ਉਹ ਜ਼ਮਾਨਾ ਗਿਆ ਜਦ ਤੁਸੀਂ ਅੰਧਵਿਸ਼ਵਾਸ ਦਾ ਵਿਰੋਧ ਕਰ ਸਕਦੇ ਸੀ। ਹੁਣ ਤਾਂ ਅੰਧਵਿਸ਼ਵਾਸ ਧਾਰਮਿਕ ਪਹਿਚਾਣ ਦਾ ਹਿੱਸਾ ਬਣ ਕੇ ਰਾਜਨੀਤੀ ਦਾ ਏਜੰਡਾ ਬਣ ਗਿਆ ਹੈ। ਅੱਜ ਦੇ ਭਾਰਤ ਵਿੱਚ ਅੰਧਵਿਸ਼ਵਾਸ ਦਾ ਵਿਰੋਧ ਕਰਨਾ ਧਰਮ ਦਾ ਵਿਰੋਧ ਕਰਨਾ ਮੰਨਿਆ ਜਾ ਸਕਦਾ ਹੈ, ਅਤੇ ਸਨਕੀ ਲੋਕਾਂ ਦੀ ਭੀੜ ਇਸ ਗੱਲ ਲਈ ਤੁਹਾਡਾ ਪਿੱਛਾ ਕਰ ਸਕਦੀ ਹੈ।

ਜਿੰਨੇ ਵੀ ਅੰਧਵਿਸ਼ਵਾਸ ਫੈਲਾਉਣ ਵਾਲੇ ਬਾਬੇ ਹਨ, ਉਨ੍ਹਾਂ ਨੂੰ ਧਰਮ ਦੀ ਰਾਜਨੀਤੀ ਕਾਰਨ ਸਰਪ੍ਰਸਤੀ ਮਿਲ ਗਈ ਹੈ, ਹੱਲਾਸ਼ੇਰੀ ਮਿਲ ਰਹੀ ਹੈ। ਉਨ੍ਹਾਂ ਸਾਰਿਆਂ ਦੇ ਪਿੱਛੇ ਗਰੀਬ ਜਨਤਾ ਆਪਣੇ ਕਿਸੇ ਕਲਿਆਣ ਦੀ ਆਸ ਵਿੱਚ ਦੌੜੀ ਚੱਲੀ ਆ ਰਹੀ ਹੈ, ਇਸ ਕਰਕੇ ਮੀਡੀਆ ਵੀ ਹੁਣ ਖੁੱਲ੍ਹ ਕੇ ਜਾਦੂ ਟੂਣੇ ਦਾ ਪ੍ਰਚਾਰ ਕਰਦਾ ਰਹਿੰਦਾ ਹੈ। ਹਰ ਦਿਨ ਅਖਬਾਰਾਂ ਤੇ ਵੈਬਸਾਈਟਾਂ ਉਤੇ ਬੁਰੀ ਸ਼ਕਤੀਆਂ ਤੋਂ ਛੁਟਕਾਰਾ ਪਾਉਣ ਦੇ ਇਸ਼ਤਿਹਾਰ ਛਪਦੇ ਰਹਿੰਦੇ ਹਨ। 'ਜਾਗਰਣ' ਅਖਬਾਰ ਵਿੱਚ ਪ੍ਰਵੀਨ ਕੁਮਾਰ ਦੇ ਨਾਮ ਤੇ ਹੈੱਡ-ਲਾਈਨ ਹੈ -

**ਭੂਤ ਪ੍ਰੇਤ ਅਤੇ ਡਾਇਨ ਨੇ ਜਿਉਣਾ ਦੁੱਭਰ ਕਰ ਦਿੱਤਾ ਹੈ ਤਾਂ ਇਨ੍ਹਾਂ ਉਪਾਵਾਂ ਨਾਲ ਪਾਓ, ਬੁਰੀ ਸ਼ਕਤੀਆਂ ਤੋਂ ਛੁਟਕਾਰਾ**

ਜਦ ਕਿ ਮੀਡੀਆ ਨੂੰ ਕਹਿਣਾ ਚਾਹੀਦਾ ਸੀ ਕਿ 'ਇਹ ਸਭ (ਭੂਤ-ਪ੍ਰੇਤ, ਡਾਇਨ ਆਦਿ) ਬਕਵਾਸ ਹੁੰਦਾ ਹੈ। ਇਸ ਤਰ੍ਹਾਂ ਦੇ ਅੰਧਵਿਸ਼ਵਾਸਾਂ ਤੋਂ ਛੁਟਕਾਰਾ ਪਾਉਣ ਲਈ ਸੰਵਿਧਾਨ ਦਾ ਪਾਠ ਕਰੀਏ ਅਤੇ ਵਿਗਿਆਨ ਨੂੰ ਸਮਝੀਏ।'

ਇਸੇ ਤਰ੍ਹਾਂ 'ਨਵਭਾਰਤ ਟਾਈਮਜ਼' ਵਿੱਚ ਬਕਾਇਦਾ ਹੈੱਡ-ਲਾਈਨ ਛਪੀ ਹੈ ਕਿ **'ਤੁਹਾਡੇ ਬੱਚੇ ਨੂੰ ਵੀ ਲੱਗ ਸਕਦਾ**

ਹੈ ਨਜ਼ਰ ਦੋਸ਼।' ਯਾਨੀ ਮੀਡੀਆ ਅੰਧਵਿਸ਼ਵਾਸਾਂ ਨੂੰ ਉਤਸ਼ਾਹਿਤ ਕਰਨ ਵਿੱਚ ਸਰਗਰਮ ਭੂਮਿਕਾ ਨਿਭਾ ਰਿਹਾ ਹੈ। ਬਲਕਿ ਉਸ ਦੀ ਫੈਕਟਰੀ ਵਿੱਚ ਹੀ ਇਸ ਤਰ੍ਹਾਂ ਦੇ ਅੰਧਵਿਸ਼ਵਾਸਾਂ ਨੂੰ ਇਕ ਪ੍ਰੋਡਕਟ ਦੇ ਰੂਪ ਵਿੱਚ ਬਣਾਇਆ ਅਤੇ ਪੇਸ਼ ਕੀਤਾ ਜਾ ਰਿਹਾ ਹੈ। ਯੂ-ਟਿਊਬ ਉੱਤੇ ਅੰਧਵਿਸ਼ਵਾਸੀ ਟੋਟਕੇ ਦੱਸਣ ਵਾਲਿਆਂ ਦੇ ਕਾਰੋਬਾਰ ਮਜ਼ੇ ਨਾਲ ਚੱਲ ਰਹੇ ਹਨ। ਕਰੋੜਾਂ ਵਿਊ ਆਉਂਦੇ ਹਨ। ਕੋਈ ਪਤੀ ਨੂੰ ਕਾਬੂ ਵਿੱਚ ਰੱਖਣ ਦੇ ਟੋਟਕੇ ਦੱਸ ਰਿਹਾ ਹੈ ਅਤੇ ਕੋਈ ਸੱਸ ਜਾਂ ਬਾਸ ਨੂੰ ਕਾਬੂ ਕਰਨ ਦੇ।

ਮੈਂ ਮੁੜ ਦੁਹਰਾ ਰਿਹਾ ਹਾਂ ਕਿ ਇਸ ਭਰਮ ਵਿੱਚ ਨਾ ਰਿਹਾ ਜਾਵੇ ਕਿ ਪੂਰਨੀਆਂ ਦੀ ਇਹ ਘਟਨਾ ਆਦਿਵਾਸੀ ਸਮਾਜ ਤੱਕ ਸੀਮਤ ਹੈ। ਇਸ ਘਟਨਾ ਦੇ ਬਹਾਨੇ ਇਕ ਧਾਰਨਾ ਨੂੰ ਪੱਕਾ ਕੀਤਾ ਜਾ ਰਿਹਾ ਹੈ ਕਿ ਅਜਿਹਾ ਕੁਝ ਆਦਿ-ਵਾਸੀ ਸਮਾਜ ਵਿੱਚ ਹੀ ਹੁੰਦਾ ਹੈ। ਮੀਡੀਆ ਕਹਿ ਰਿਹਾ ਹੈ ਕਿ ਉਰਾਉਂ ਜਨ-ਜਾਤੀ ਵਿੱਚ ਇਸ ਤਰ੍ਹਾਂ ਦੀਆਂ ਅੰਧਵਿਸ਼ਵਾਸੀ ਧਾਰਨਾਵਾਂ ਬਣੀਆਂ ਹੋਈਆਂ ਹਨ। ਜੇ ਇਉਂ ਹੀ ਹੈ ਤਾਂ ਕੋਈ ਜਵਾਬ ਦੇਵੇ ਕਿ ਯੂ-ਟਿਊਬ ਉੱਤੇ ਜਾਦੂ ਟੂਣੇ ਤੋਂ ਲੈ ਕੇ ਬੁਰੀ ਨਜ਼ਰ ਤੋਂ ਬਚਾਉਣ ਵਾਲੀਆਂ ਫਰਜ਼ੀ ਵੀਡੀਓਜ਼ ਨੂੰ ਕਰੋੜਾਂ ਦੀ ਸੰਖਿਆ ਵਿੱਚ ਕੀ ਕੇਵਲ ਆਦਿਵਾਸੀ ਸਮਾਜ ਦੇ ਲੋਕ ਹੀ ਵੇਖਦੇ ਹਨ?

ਇੱਕ ਵੱਡਾ ਸਵਾਲ ਸਰਕਾਰ ਨੂੰ ਹੈ। ਜਦ ਸਰਕਾਰ ਨੂੰ ਕੋਈ ਸਵਾਲ ਪੁੱਛਦਾ ਹੈ ਜਾਂ ਸਰਕਾਰ ਦੀ ਕਾਰਵਾਈ ਉੱਤੇ ਕਿੰਤੂ ਕਰਦਾ ਹੈ ਤਾਂ ਸਰਕਾਰ ਟਵਿੱਟਰ ਤੋਂ ਲੈ ਕੇ ਯੂ-ਟਿਊਬ ਤੱਕ ਨੂੰ ਉਨ੍ਹਾਂ ਵੀਡੀਓਜ਼ ਨੂੰ ਹਟਾਉਣ ਦੇ ਆਦੇਸ਼ ਭੇਜ ਦਿੰਦੀ ਹੈ। ਪਰ ਅੰਧਵਿਸ਼ਵਾਸ ਫੈਲਾਉਣ ਵਾਲੇ ਕਿੰਨੇ ਵੀਡੀਓ ਸਰਕਾਰ ਨੇ ਹਟਾਏ ਹਨ? ਸੰਵਿਧਾਨ ਦੇ ਅਨੁਛੇਦ 51-ਏ (ਐੱਚ) ਦੀ ਪਾਲਣਾ ਕਰਨ ਦੀ ਜ਼ਿੰਮੇਵਾਰੀ ਕੀ ਸਰਕਾਰਾਂ ਦੀ ਵੀ ਨਹੀਂ ਹੈ? ਪਰ ਉਹ ਅਜਿਹੀਆਂ ਵੀਡੀਓਜ਼ ਹਟਾਉਣ ਲਈ ਨਹੀਂ ਕਹੇਗੀ ਕਿਉਂਕਿ ਮੌਨ ਰੂਪ ਵਿੱਚ ਇਨ੍ਹਾਂ ਨੂੰ ਧਰਮ ਦੇ ਹਿੱਸੇ ਦੇ ਤੌਰ 'ਤੇ ਹੱਲਾਸ਼ੇਰੀ ਦਿੱਤੀ ਜਾਂਦੀ ਹੈ, ਜਿਸ ਦੀ ਫਿਰ ਰਾਜਨੀਤਿਕ ਸੱਤਾ ਵੱਲੋਂ ਵਰਤੋਂ ਕੀਤੀ ਜਾਂਦੀ ਹੈ। ਇਸ ਲਈ ਪੂਰਨੀਆਂ ਦੀ ਘਟਨਾ ਨੂੰ ਵਿਸ਼ਾਲ ਸੰਦਰਭ ਵਿੱਚ ਵੇਖਿਆ ਜਾਣਾ ਬਣਦਾ ਹੈ।

ਅੱਜ ਧਰਮ ਦੇ ਨਾਮ ਉੱਤੇ ਰਾਜਨੀਤੀ ਦੀ ਗੁੰਡਾਗਰਦੀ ਦੇ ਕਾਰਨ ਸੰਵਿਧਾਨ ਦੀ ਮੂਲ ਭਾਵਨਾ ਨੂੰ ਲਾਗੂ ਕਰਨਾ ਮੁਸ਼ਕਿਲ ਹੋ ਗਿਆ ਹੈ। ਅੰਧਵਿਸ਼ਵਾਸ ਦੇ ਖਿਲਾਫ ਲੜਨ ਵਾਲੇ ਡਾਕਟਰ ਨਰਿੰਦਰ ਦਭੋਲਕਰ ਦੀ ਹੱਤਿਆ ਕਰ ਦਿੱਤੀ ਗਈ। ਚਾਹੇ ਉਨ੍ਹਾਂ ਦੀ ਲੜਾਈ ਅੰਧਵਿਸ਼ਵਾਸਾਂ ਖਿਲਾਫ ਸੀ ਪਰ ਉਨ੍ਹਾਂ ਨੂੰ ਧਰਮ ਵਿਰੋਧੀ ਐਨਕਾਂ ਨਾਲ ਦੇਖਿਆ ਜਾਣ ਲੱਗਾ ਸੀ। ਦਭੋਲਕਰ ਨੇ ਅੰਧਵਿਸ਼ਵਾਸਾਂ ਖਿਲਾਫ ਕਈ ਕਿਤਾਬਾਂ ਲਿਖੀਆਂ ਹਨ। ਬਿਹਾਰ ਸਰਕਾਰ ਨੂੰ ਉਹ ਕਿਤਾਬਾਂ ਪੰਚਾਇਤਾਂ ਤੱਕ ਵੰਡਣੀਆਂ ਚਾਹੀਦੀਆਂ ਹਨ।

ਬਿਹਾਰ ਵਿੱਚ 1999 ਤੋਂ ਡਾਇਨ ਪ੍ਰਥਾ ਵਿਰੁੱਧ ਕਾਨੂੰਨ ਬਣਿਆ ਹੋਇਆ ਹੈ। ਕਾਨੂੰਨ ਬਣੇ ਨੂੰ 25 ਸਾਲ ਹੋ ਗਏ ਹਨ ਪਰ ਇਹ ਘਟਨਾਵਾਂ ਰੁਕੀਆਂ ਨਹੀਂ। 2001 ਵਿੱਚ ਇਸੇ ਕਾਨੂੰਨ ਦੀ ਤਰਜ 'ਤੇ ਝਾਰਖੰਡ ਅਤੇ 2005 ਵਿੱਚ ਛਤੀਸਗੜ੍ਹ ਵਿੱਚ ਵੀ ਡਾਇਨ ਪ੍ਰਥਾ ਵਿਰੋਧੀ ਕਾਨੂੰਨ ਬਣਾਏ ਗਏ ਹਨ। ਇਨ੍ਹਾਂ ਕਾਨੂੰਨਾਂ ਦੇ ਬਾਵਜੂਦ ਕੌਮੀ ਅਪਰਾਧ ਬਿਓਰੋ ਦੇ ਅੰਕੜੇ ਦੱਸਦੇ ਹਨ ਕਿ ਸੰਨ 2000 ਤੋਂ ਲੈ ਕੇ ਹੁਣ ਤੱਕ ਲਗਭਗ 2500 ਔਰਤਾਂ ਨੂੰ ਡਾਇਨ ਹੋਣ ਦੇ ਸ਼ੱਕ ਹੇਠ ਮਾਰ ਦਿੱਤਾ ਗਿਆ ਹੈ। ਡਾਇਨ ਪ੍ਰਥਾ ਦੇ ਖਿਲਾਫ ਕੰਮ ਕਰ ਰਹੀ ਇੱਕ ਸਮਾਜ ਸੇਵੀ ਸੰਸਥਾ 'ਨਿਰੰਤਰ ਟਰਸਟ' ਦਾ ਕਹਿਣਾ ਹੈ ਕਿ ਅੱਜ ਵੀ ਬਿਹਾਰ ਵਿੱਚ ਘੱਟੋ ਘੱਟ 75 ਹਜਾਰ ਔਰਤਾਂ ਡਾਇਨ ਕਰਾਰ ਦੇਣ ਦੇ ਖਤਰੇ ਦਾ ਸਾਹਮਣਾ ਕਰ ਰਹੀਆਂ ਹਨ।

ਜਦ ਅਸੀਂ ਇਸ ਘਟਨਾ ਬਾਰੇ ਖੋਜਬੀਨ ਕਰ ਰਹੇ ਸੀ ਤਦ ਸਮਝ ਆ ਗਿਆ ਕਿ ਇਸ ਦਾ ਸਬੰਧ ਉਸ ਰਾਜਨੀਤੀ ਨਾਲ ਹੈ, ਉਸ ਮੀਡੀਆ ਨਾਲ ਹੈ, ਜੋ ਦਿਨ ਰਾਤ ਉਸ ਅੰਧਵਿਸ਼ਵਾਸ ਨੂੰ ਮਾਨਤਾ ਦਿੰਦਾ ਹੈ, ਅੰਧਵਿਸ਼ਵਾਸ ਫੈਲਾਉਣ ਵਾਲੇ ਬਾਬਿਆਂ ਨੂੰ ਭਾਰਤ ਦੇ ਭਵਿੱਖ-ਦਰਸ਼ੀ ਦੱਸਦਾ ਹੈ। ਆਮ ਲੋਕ ਇਹਨਾਂ ਦੇ ਪ੍ਰਭਾਵ ਵਿੱਚ ਆ ਕੇ ਹੀ ਆਪਣੀ ਗਲਤ ਸੋਚ ਨੂੰ ਸਹੀ ਠਹਿਰਾਉਣ ਲੱਗਦੇ ਹਨ। ਸੋ ਇਨ੍ਹਾਂ ਘਟਨਾਵਾਂ ਦੀ ਜੜ੍ਹ ਨੂੰ ਸਮਝਣ ਅਤੇ ਖਤਮ ਕਰਨ ਦੀ ਲੋੜ ਹੈ।

## ਚੇਤਨਾ ਪਰਖ ਪ੍ਰੀਖਿਆ-2025 ਲਈ ਸਹਾਇਤਾ

**ਇਕਾਈ ਸੁਧਾਰ ਨੂੰ**

1. ਮਾ. ਕਰਨੈਲ ਸਿੰਘ 1000 ਰੁਪਏ
2. ਮਾ. ਧਰਮ ਸਿੰਘ 1000 ਰੁਪਏ
3. ਡਾ. ਬੂਟਾ ਸਿੰਘ 1000 ਰੁਪਏ
4. ਮਲਕੀਅਤ ਸਿੰਘ 1000 ਰੁਪਏ

**ਇਕਾਈ ਮੌੜ ਨੂੰ**

1. ਸ੍ਰੀ ਸ਼ਾਮ ਸੁੰਦਰ, ਪ੍ਰਿੰਸੀਪਲ ਸਸਸਸ ਮੌੜ ਕਲਾਂ- 1000 ਰੁਪਏ

**ਇਕਾਈ ਬਠਿੰਡਾ ਨੂੰ**

1. ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਸਸਸਸ ਘੁੱਦਾ- 1000 ਰੁਪਏ

### ਮੈਗਜ਼ੀਨ ਸਹਾਇਤਾ

1. ਸ੍ਰੀ ਮੂਲ ਰਾਜ ਸੀਨੀਅਰ ਮੈਂਬਰ ਇਕਾਈ ਬਠਿੰਡਾ- 500 ਰੁਪਏ

**ਬੇਅਦਬੀ ਕਾਨੂੰਨ ਦੀ ਤਜਵੀਜ਼ ਦੇ ਸੰਦਰਭ ਵਿੱਚ**

# ਕੀ ਸਖ਼ਤ ਸਜ਼ਾਵਾਂ ਨਾਲ ਅਪਰਾਧ ਰੁਕ ਸਕਦੇ ਹਨ ?

**ਸੁਮੀਤ ਸਿੰਘ**

ਪੰਜਾਬ ਸਰਕਾਰ ਵੱਲੋਂ 15 ਜੁਲਾਈ ਨੂੰ ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਵਿੱਚ 'ਪੰਜਾਬ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਰੋਕਥਾਮ ਬਿੱਲ – 2025 ਪੇਸ਼ ਕੀਤਾ ਗਿਆ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਗਵਦ ਗੀਤਾ, ਬਾਈਬਲ, ਕੁਰਾਨ ਸ਼ਰੀਫ ਅਤੇ ਹੋਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਲਈ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਅਤੇ ਪੰਜ ਲੱਖ ਰੁਪਏ ਤੋਂ ਦਸ ਲੱਖ ਰੁਪਏ ਤੱਕ ਦੇ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ। ਇਸਦੇ ਇਲਾਵਾ ਅਜਿਹਾ ਅਪਰਾਧ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਤਿੰਨ ਤੋਂ ਪੰਜ ਸਾਲ ਦੀ ਕੈਦ ਜਦਕਿ ਇਸ ਅਪਰਾਧ ਲਈ ਉਕਸਾਉਣ ਵਾਲਿਆਂ ਨੂੰ ਵੀ ਅਪਰਾਧ ਦੀ ਗੰਭੀਰਤਾ ਅਨੁਸਾਰ ਸਜ਼ਾ ਦਿੱਤੀ ਜਾਵੇਗੀ। ਇਹ ਸਾਰੇ ਅਪਰਾਧ ਗ਼ੈਰ ਜ਼ਮਾਨਤੀ ਅਤੇ ਗ਼ੈਰ ਸਮਝੌਤਾਯੋਗ ਹੋਣਗੇ ਅਤੇ ਅਜਿਹੇ ਕੇਸਾਂ ਦੀ ਸੁਣਵਾਈ ਸਿਰਫ ਸੈਸ਼ਨ ਅਦਾਲਤ ਵਿੱਚ ਹੀ ਹੋ ਸਕੇਗੀ। ਇਨ੍ਹਾਂ ਅਪਰਾਧਾਂ ਦੀ ਜਾਂਚ ਡੀ.ਐੱਸ.ਪੀ. ਪੱਧਰ ਤੋਂ ਹੇਠਾਂ ਦਾ ਪੁਲੀਸ ਅਧਿਕਾਰੀ ਨਹੀਂ ਕਰ ਸਕੇਗਾ।

ਇਸ ਤੋਂ ਪਹਿਲਾਂ ਦੇ ਕਾਨੂੰਨ ਵਿੱਚ ਕਿਸੇ ਵੀ ਤਰ੍ਹਾਂ ਦੀ ਧਾਰਮਿਕ ਬੇਅਦਬੀ ਦੇ ਅਪਰਾਧ ਲਈ ਤਿੰਨ ਤੋਂ ਦਸ ਸਾਲ ਕੈਦ ਦੀ ਸਜ਼ਾ ਦੀ ਵਿਵਸਥਾ ਕੀਤੀ ਗਈ ਹੈ। ਫਿਲਹਾਲ ਪੰਜਾਬ ਵਿਧਾਨ ਸਭਾ ਵਿੱਚ ਇਸ ਬਿੱਲ ਨੂੰ ਸਿਲੈਕਟ ਕਮੇਟੀ ਕੋਲ ਭੇਜਿਆ ਗਿਆ ਹੈ ਜੋ ਪੰਜਾਬ ਦੇ ਵੱਖ ਵੱਖ ਗ਼ੈਰ-ਸਰਕਾਰੀ ਸੰਗਠਨਾਂ, ਬੁੱਧੀਜੀਵੀਆਂ, ਮਾਹਿਰਾਂ, ਸਿਵਲ ਸੁਸਾਇਟੀ ਦੇ ਵੱਖ ਵੱਖ ਨੁਮਾਇੰਦਿਆਂ, ਫ਼ਿਰਕਿਆਂ ਅਤੇ ਧਾਰਮਿਕ ਸੰਸਥਾਵਾਂ ਤੋਂ ਸੁਝਾਅ ਲੈਣ ਅਤੇ ਬਿੱਲ ਦੇ ਖਰੜੇ ਦੀ ਹਰ ਪੱਖ ਤੋਂ ਘੋਖ ਕਰਨ ਤੋਂ ਬਾਅਦ ਛੇ ਮਹੀਨੇ ਵਿੱਚ ਸਰਕਾਰ ਨੂੰ ਆਪਣੀ ਰਿਪੋਰਟ ਸੌਂਪੇਗੀ। ਇਸ ਬਿੱਲ ਵਿੱਚ ਸ਼ਾਮਲ 'ਹੋਰ ਧਾਰਮਿਕ ਗ੍ਰੰਥਾਂ' ਸ਼ਬਦ ਦਾ ਵਿਸਥਾਰ ਵਿੱਚ ਖੁਲਾਸਾ ਨਹੀਂ ਕੀਤਾ ਗਿਆ ਜੋ ਭਵਿੱਖ ਵਿੱਚ ਕਿਸੇ ਧਾਰਮਿਕ ਵਿਵਾਦ ਦਾ ਸਬੱਬ ਬਣ ਸਕਦਾ ਹੈ।

ਪੰਜਾਬ ਵਿੱਚ ਬੇਅਦਬੀ ਦੀਆਂ ਲਗਾਤਾਰ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ ਪਰ ਤਤਕਾਲੀ ਅਕਾਲੀ-ਭਾਜਪਾ ਦੀ ਬਾਦਲ ਸਰਕਾਰ, ਫਿਰ ਕਾਂਗਰਸ ਅਤੇ ਪਿਛਲੇ ਤਿੰਨ ਸਾਲ ਤੋਂ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਇਨ੍ਹਾਂ ਘਟਨਾਵਾਂ ਦੀ ਕੋਈ ਠੋਸ ਅਤੇ ਨਿਰਪੱਖ ਨਿਆਂਇਕ ਜਾਂਚ ਪੜਤਾਲ ਕਰਕੇ ਕਸੂਰਵਾਰ ਦੋਸ਼ੀਆਂ ਅਤੇ ਇਸ ਪਿੱਛੇ ਕਿਸੇ ਸਿਆਸੀ ਸਾਜਿਸ਼ ਦੀ ਅਸਲ ਸੱਚਾਈ ਨੂੰ ਅੱਜ ਤੱਕ ਸਾਹਮਣੇ ਨਹੀਂ ਲਿਆਂਦਾ ਗਿਆ ਅਤੇ ਨਾ ਹੀ ਕਿਸੇ ਜਾਂਚ ਰਿਪੋਰਟ ਨੂੰ ਜਨਤਕ ਕੀਤਾ ਗਿਆ ਹੈ। ਇਸਦੇ ਇਲਾਵਾ ਬੇਅਦਬੀ ਦੀਆਂ ਘਟਨਾਵਾਂ ਮੌਕੇ ਕਾਬੂ ਦੋਸ਼ੀਆਂ ਦੇ ਕਤਲ ਕਰਕੇ ਸਬੂਤ ਮਿਟਾਉਣ ਵਾਲਿਆਂ ਨੂੰ ਵੀ ਕੋਈ ਸਜ਼ਾ ਨਹੀਂ ਦਿਵਾਈ ਗਈ। ਅਜਿਹੇ ਸੰਵੇਦਨਸ਼ੀਲ ਮਾਮਲਿਆਂ ਵਿੱਚ ਸਮੇਂ ਦੀਆਂ ਸਰਕਾਰਾਂ ਵੱਲੋਂ ਵਿਖਾਈ ਗਈ ਘੋਰ ਗ਼ੈਰ-ਸੰਜੀਦਗੀ ਅਤੇ ਮੌਕਾਪ੍ਰਸਤ ਰਾਜਨੀਤੀ, ਅਸਿੱਧੇ ਢੰਗ ਨਾਲ ਦੋਸ਼ੀਆਂ ਅਤੇ ਫਿਰਕੂ ਤਾਕਤਾਂ ਨਾਲ ਮਿਲੀਭੁਗਤ ਦੀ ਸੰਭਾਵਨਾ ਨੂੰ ਉਜਾਗਰ ਕਰਦੀ ਹੈ। ਮਤਲਬ ਇਹ ਕਿ ਸਾਰੀਆਂ ਸਰਕਾਰਾਂ ਅਸਲ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਵਿੱਚ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈਆਂ ਹਨ।

ਇਸ ਲਈ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਖ਼ਤ ਸਜ਼ਾ ਦੇਣ ਲਈ ਲਿਆਂਦੇ ਜਾ ਰਹੇ ਸਖ਼ਤ ਕਾਨੂੰਨ ਨੂੰ ਪੰਜਾਬ ਦੇ ਭਖਦੇ ਮਸਲਿਆਂ ਨੂੰ ਹੱਲ ਕਰਨ ਵਿੱਚ ਰਹੀਆਂ ਨਾਕਾਮੀਆਂ ਛੁਪਾਉਣ ਅਤੇ ਆਮ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਦੀ ਮੌਕਾਪ੍ਰਸਤ ਫਿਰਕੂ ਸਿਆਸਤ ਨਾਲ ਜੋੜ ਕੇ ਹੀ ਵੇਖਿਆ ਜਾ ਸਕਦਾ ਹੈ। ਇਸਤੋਂ ਪਹਿਲਾਂ ਸੰਨ 2016 ਵਿੱਚ ਅਕਾਲੀ-ਭਾਜਪਾ ਸਰਕਾਰ ਅਤੇ 2018 ਵਿੱਚ ਕਾਂਗਰਸ ਸਰਕਾਰ ਵੱਲੋਂ ਵੀ ਅਸਲ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਨਾਕਾਮੀ ਉਤੇ ਪਰਦਾ ਪਾਉਣ ਲਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਅਪਰਾਧ ਲਈ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਦੇਣ ਲਈ ਪੰਜਾਬ ਵਿਧਾਨ ਸਭਾ ਵਿੱਚ ਬਿੱਲ ਪਾਸ ਕਰਕੇ ਰਾਸ਼ਟਰਪਤੀ ਕੋਲ ਮਨਜ਼ੂਰੀ ਲਈ ਭੇਜੇ ਗਏ ਸਨ ਜੋ ਕੁਝ ਇਤਰਾਜ਼ਾਂ ਹੇਠ ਪੰਜਾਬ ਸਰਕਾਰ ਨੂੰ ਬਿਨਾਂ ਪਾਸ ਕੀਤਿਆਂ ਵਾਪਸ ਭੇਜ ਦਿੱਤੇ ਗਏ ਸਨ। ਇਹ ਸਿਰਫ ਤੇ ਸਿਰਫ ਇਨ੍ਹਾਂ ਸਰਕਾਰਾਂ ਵੱਲੋਂ ਲੋਕਾਂ ਦੇ ਗੁੱਸੇ ਨੂੰ ਸ਼ਾਂਤ ਕਰਨ ਦੇ ਸਿਆਸੀ ਹਥਕੰਡੇ ਸਨ ਜਿਸਨੂੰ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਇਸਤੇਮਾਲ ਕਰ ਰਹੀ ਹੈ।

ਕਿਸੇ ਵਿਅਕਤੀ ਦੀ ਧਾਰਮਿਕ ਅਤੇ ਫ਼ਿਰਕੂ ਮਾਨਸਿਕਤਾ ਦਰਮਿਆਨ ਇਕ ਬਾਰੀਕ ਜਿਹੀ ਲਕੀਰ ਹੁੰਦੀ ਹੈ ਜਿਸਨੂੰ ਮਿਟਾਉਣ ਲਈ ਫ਼ਿਰਕੂ ਸੰਗਠਨ ਅਤੇ ਸਿਆਸੀ ਨੇਤਾ

ਆਪਣੇ ਸਿਆਸੀ ਹਿੱਤਾਂ ਲਈ ਹਰ ਵੇਲੇ ਮੌਕੇ ਦੀ ਤਲਾਸ਼ ਵਿੱਚ ਰਹਿੰਦੇ ਹਨ। ਉਸਦੇ ਦਿਮਾਗ ਵਿੱਚ ਇਹ ਗੱਲ ਰੋਜ਼ਾਨਾ ਕੁੱਟ ਕੁੱਟ ਕੇ ਭਰੀ ਜਾਂਦੀ ਹੈ ਕਿ ਉਸਦਾ ਧਰਮ ਹੀ ਸਭ ਤੋਂ ਉੱਤਮ ਹੈ ਅਤੇ ਉਸਦੇ ਧਰਮ ਨੂੰ ਦੂਜੇ ਧਰਮ ਵਾਲਿਆਂ ਤੋਂ ਖ਼ਤਰਾ ਹੈ। ਉਸਨੂੰ ਆਪਣੇ ਧਰਮ, ਧਾਰਮਿਕ ਗ੍ਰੰਥਾਂ ਅਤੇ ਧਾਰਮਿਕ ਸਥਾਨਾਂ ਦੀ ਰੱਖਿਆ ਕਰਨ ਲਈ ਵਿਰੋਧੀ ਦੀ ਜਾਨ ਲੈਣ ਅਤੇ ਆਪਣੀ ਕੁਰਬਾਨੀ ਦੇਣ ਦਾ ਪਾਠ ਪੜ੍ਹਾਇਆ ਜਾਂਦਾ ਹੈ। ਇਹੀ ਧਾਰਮਿਕ ਕੱਟੜਤਾ ਉਸਨੂੰ ਦੂਜੇ ਧਰਮਾਂ ਪ੍ਰਤੀ ਨਫ਼ਰਤ ਕਰਨ ਅਤੇ ਫ਼ਿਰਕੂ ਹਿੰਸਾ ਕਰਨ ਲਈ ਉਕਸਾਉਂਦੀ ਹੈ ਅਤੇ ਇਨਸਾਨੀਅਤ ਦੀ ਭਾਵਨਾ ਤੋਂ ਦੂਰ ਲਿਜਾਂਦੀ ਹੈ। ਭਾਜਪਾ ਅਤੇ ਕਾਂਗਰਸ ਨੇ ਸੱਤਾ ਉੱਤੇ ਕਾਬਜ਼ ਹੋਣ ਲਈ ਹਮੇਸ਼ਾਂ ਤੋਂ ਦੇਸ਼ ਵਿੱਚ ਅਜਿਹਾ ਹੀ ਫ਼ਿਰਕੂ ਨਫ਼ਰਤੀ ਮਾਹੌਲ ਪੈਦਾ ਕਰਨ ਦੀ ਲੋਕ ਵਿਰੋਧੀ ਰਾਜਨੀਤੀ ਹੀ ਕੀਤੀ ਹੈ ਜਿਸਦਾ ਖਮਿਆਜ਼ਾ ਦੇਸ਼ ਦੀ ਆਮ ਜਨਤਾ ਨੂੰ ਫਿਰਕੂ ਦੰਗੇ ਫ਼ਸਾਦਾਂ ਦੇ ਰੂਪ ਵਿੱਚ ਭੁਗਤਣਾ ਪੈ ਰਿਹਾ ਹੈ।

**ਉਸਦੇ ਦਿਮਾਗ ਵਿੱਚ ਇਹ ਗੱਲ ਰੋਜ਼ਾਨਾ ਕੁੱਟ ਕੁੱਟ ਕੇ ਭਰੀ ਜਾਂਦੀ ਹੈ ਕਿ ਉਸਦਾ ਧਰਮ ਹੀ ਸਭ ਤੋਂ ਉੱਤਮ ਹੈ ਅਤੇ ਉਸਦੇ ਧਰਮ ਨੂੰ ਦੂਜੇ ਧਰਮ ਵਾਲਿਆਂ ਤੋਂ ਖ਼ਤਰਾ ਹੈ। ਉਸਨੂੰ ਆਪਣੇ ਧਰਮ, ਧਾਰਮਿਕ ਗ੍ਰੰਥਾਂ ਅਤੇ ਧਾਰਮਿਕ ਸਥਾਨਾਂ ਦੀ ਰੱਖਿਆ ਕਰਨ ਲਈ ਵਿਰੋਧੀ ਦੀ ਜਾਨ ਲੈਣ ਅਤੇ ਆਪਣੀ ਕੁਰਬਾਨੀ ਦੇਣ ਦਾ ਪਾਠ ਪੜ੍ਹਾਇਆ ਜਾਂਦਾ ਹੈ। ਇਹੀ ਧਾਰਮਿਕ ਕੱਟੜਤਾ ਉਸਨੂੰ ਦੂਜੇ ਧਰਮਾਂ ਪ੍ਰਤੀ ਨਫ਼ਰਤ ਕਰਨ ਅਤੇ ਫ਼ਿਰਕੂ ਹਿੰਸਾ ਕਰਨ ਲਈ ਉਕਸਾਉਂਦੀ ਹੈ ਅਤੇ ਇਨਸਾਨੀਅਤ ਦੀ ਭਾਵਨਾ ਤੋਂ ਦੂਰ ਲਿਜਾਂਦੀ ਹੈ।**

ਬੇਹੱਦ ਚਿੰਤਾਜਨਕ ਹੈ ਕਿ ਇਸੇ ਕੜੀ ਹੇਠ ਪੰਜਾਬ ਅੰਦਰ ਪਿਛਲੇ ਕੁਝ ਅਰਸੇ ਤੋਂ ਇਕ ਫ਼ਿਰਕੂ ਸਾਜ਼ਿਸ਼ ਹੇਠ ਧਾਰਮਿਕ ਬੇਅਦਬੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਹੋਰ ਵੀ ਖ਼ਤਰਨਾਕ ਰੁਝਾਨ ਇਹ ਹੈ ਕਿ ਇਨ੍ਹਾਂ ਦੇ ਪ੍ਰਤੀਕਰਮ ਵਜੋਂ ਧਾਰਮਿਕ ਜਨੂੰਨ ਹੇਠ ਅੰਜ਼ਾਮ ਦਿੱਤੀਆਂ ਜਾ ਰਹੀਆਂ ਹਜੂਮੀ ਕਤਲਾਂ ਦੀਆਂ ਘਟਨਾਵਾਂ, ਕੌਮੀ ਪੱਧਰ 'ਤੇ ਘੱਟ ਗਿਣਤੀਆਂ ਵਿਰੁੱਧ ਚੱਲ ਰਹੀ ਹਜੂਮੀ ਹਿੰਸਾ ਵਾਂਗ ਇਕ ਪ੍ਰਵਾਨਿਤ ਘਟਨਾਕ੍ਰਮ ਬਣਦਾ ਜਾ ਰਿਹਾ ਹੈ ਜਿਸ ਨੂੰ ਜਮਹੂਰੀ ਹਲਕਿਆਂ, ਸਮਾਜ ਸ਼ਾਸਤਰੀਆਂ ਅਤੇ ਹਕੂਮਤਾਂ ਵੱਲੋਂ ਅਕਸਰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ ਅਤੇ ਮੌਕੇ ਤੇ ਇਨ੍ਹਾਂ ਦੀ ਖੁੱਲ੍ਹ ਕੇ ਨਿਖੇਧੀ ਕਰਨ ਤੋਂ ਵੀ ਗੁਰੇਜ਼ ਕੀਤਾ ਜਾ ਰਿਹਾ ਹੈ।

ਕੁਝ ਮਹੀਨੇ ਪਹਿਲਾਂ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਬੰਡਾਲਾ ਦੇ ਇਕ ਗੁਰਦੁਆਰੇ ਵਿੱਚ ਧਾਰਮਿਕ ਗ੍ਰੰਥ ਦੀ ਬੇਅਦਬੀ ਦੇ ਮੁਲਜ਼ਮ ਇਕ ਮਾਨਸਿਕ ਰੋਗੀ ਨੂੰ ਲੋਕਾਂ ਵੱਲੋਂ ਪੁਲੀਸ ਦੀ ਹਾਜ਼ਰੀ ਵਿੱਚ ਮੌਕੇ ਤੇ ਕੁੱਟ ਕੁੱਟ ਕੇ ਮਾਰ ਦਿੱਤਾ ਗਿਆ। ਇਸੇ ਤਰ੍ਹਾਂ ਫਗਵਾੜਾ ਵਿਖੇ ਇਕ ਗੁਰਦਵਾਰੇ ਵਿੱਚ ਇਕ ਨਿਹੰਗ ਸਿੰਘ ਵੱਲੋਂ ਕਥਿਤ ਬੇਅਦਬੀ ਦੇ ਦੋਸ਼ ਤਹਿਤ ਇਕ ਨੌਜਵਾਨ ਦਾ ਕਤਲ ਕਰ ਦਿੱਤਾ ਗਿਆ ਹਾਲਾਂਕਿ ਪ੍ਰਬੰਧਕਾਂ ਦੇ ਕਹਿਣ ਅਨੁਸਾਰ ਉਸ ਨੌਜਵਾਨ ਨੇ ਕੋਈ ਬੇਅਦਬੀ ਨਹੀਂ ਕੀਤੀ ਸੀ। ਕਾਤਲ ਵਲੋਂ ਮਜ਼ਲੂਮ ਨੂੰ ਕਤਲ ਕਰਨ ਦੀ ਘਟਨਾ ਨੂੰ ਅੰਜਾਮ ਦੇ ਕੇ ਉਸ ਵੱਲੋਂ ਬੜੇ ਫ਼ਖ਼ਰ ਨਾਲ ਜੁਰਮ ਦਾ ਇਕਬਾਲ ਕਰਦੇ ਹੋਏ ਵੀਡੀਓ ਰਿਕਾਰਡ ਕਰਕੇ ਜਨਤਕ ਤੌਰ ਤੇ ਨਸ਼ਰ ਕੀਤੀ ਗਈ।

ਇਸਦੇ ਇਲਾਵਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਪਟਿਆਲਾ ਦੇ ਗੁਰਦੁਆਰਾ ਦੁੱਖ ਨਿਵਾਰਨ ਅਤੇ ਕਪੂਰਥਲਾ ਦੇ ਗੁਰਦੁਆਰਾ ਨਿਜ਼ਾਮਪੁਰ ਵਿੱਚ ਬੇਅਦਬੀ ਦੀਆਂ ਵਾਪਰੀਆਂ ਘਟਨਾਵਾਂ ਵਿੱਚ ਵੀ ਬੇਅਦਬੀ ਕਰਨ ਵਾਲੇ ਮੁਲਜ਼ਮਾਂ ਨੂੰ ਹਾਜ਼ਰ ਲੋਕਾਂ ਵੱਲੋਂ ਮੌਕੇ ਉਤੇ ਹੀ ਮਾਰ ਦਿੱਤਾ ਗਿਆ ਪਰ ਜਿਸ ਵਹਿਸ਼ੀ ਢੰਗ ਨਾਲ ਜ਼ਿੰਮੇਂਵਾਰ ਧਾਰਮਿਕ ਆਗੂਆਂ ਦੀ ਹਾਜ਼ਰੀ ਵਿੱਚ ਮੁਲਜ਼ਮਾਂ ਨੂੰ ਕੋਹ ਕੋਹ ਕੇ ਮਾਰਿਆ ਗਿਆ ਉਹ ਇਕ ਸਭਿਅਕ ਸਮਾਜ ਲਈ ਬੇਹੱਦ ਸ਼ਰਮਨਾਕ ਹੈ। ਹਾਲਾਂ ਕਿ ਕਪੂਰਥਲਾ ਦੇ ਤਤਕਾਲੀ ਪੁਲੀਸ ਮੁਖੀ ਨੇ ਦਾਅਵਾ ਕੀਤਾ ਸੀ ਕਿ ਗੁਰਦੁਆਰਾ ਨਿਜ਼ਾਮਪੁਰ ਵਿਚ ਬੇਅਦਬੀ ਦੀ ਘਟਨਾ ਨਹੀਂ ਵਾਪਰੀ ਅਤੇ ਮੁਲਜ਼ਮ ਸਿਰਫ ਚੋਰੀ ਕਰਨ ਦੀ ਨੀਅਤ ਨਾਲ ਆਇਆ ਸੀ।

ਦਰਅਸਲ ਸੀਸੀਟੀਵੀ ਕੈਮਰੇ ਹਰ ਜਗ੍ਹਾ ਇਸ ਲਈ ਲਾਏ ਜਾਂਦੇ ਹਨ ਕਿ ਮੁਲਜ਼ਮਾਂ ਨੂੰ ਸਬੂਤ ਵਜੋਂ ਰੰਗੇ ਹੱਥੀਂ ਕਾਬੂ ਕੀਤਾ ਜਾ ਸਕੇ ਪਰ ਗੁਰਦੁਆਰੇ ਦੇ ਪ੍ਰਬੰਧਕਾਂ ਵੱਲੋਂ ਹੱਥ ਆਏ ਜਿਊਂਦੇ ਜਾਗਦੇ ਸਬੂਤ ਆਪਣੇ ਹੱਥੀਂ ਖ਼ਤਮ ਕਰ ਦਿੱਤੇ ਗਏ ਅਤੇ ਪੁਲਿਸ ਅਤੇ ਜਾਂਚ ਏਜੰਸੀਆਂ ਵੱਲੋਂ ਇਨ੍ਹਾਂ ਘਟਨਾਵਾਂ ਪਿੱਛੇ ਜ਼ਿੰਮੇਵਾਰ ਤਾਕਤਾਂ ਅਤੇ ਸਾਜਿਸ਼ਾਂ ਦਾ ਪਤਾ ਨਹੀਂ ਲਾਇਆ ਜਾ ਸਕਿਆ। ਕੀ ਅਜਿਹਾ ਕਰਨ ਪਿੱਛੇ ਵੀ ਕੋਈ ਗਹਿਰੀ ਸਾਜ਼ਿਸ਼ ਤਾਂ ਨਹੀਂ ਸੀ ? ਉਪਰੋਕਤ ਘਟਨਾਵਾਂ ਮੌਕੇ ਜਦੋਂ ਪ੍ਰਬੰਧਕਾਂ ਨੂੰ ਇਹ ਪਤਾ ਲਗ ਚੁੱਕਾ ਸੀ ਕਿ ਸਖਤ ਕੁੱਟ ਮਾਰ ਕਰਨ ਦੇ ਬਾਵਜੂਦ ਮੁਲਜ਼ਮ ਆਪਣੀ ਪਹਿਚਾਣ ਨਹੀਂ ਦਸ ਰਹੇ ਤਾਂ ਗੁੱਸੇ ਨਾਲੋਂ ਸੰਜਮ ਤੋਂ ਕੰਮ ਲੈ ਕੇ ਇਨ੍ਹਾਂ ਮੁਲਜ਼ਮਾਂ ਨੂੰ ਭੀੜ ਦੀ ਬਜਾਏ ਕਾਨੂੰਨ ਦੇ ਹਵਾਲੇ ਕਰਨਾ ਚਾਹੀਦਾ ਸੀ। ਸਵਾਲ ਇਹ ਹੈ ਕਿ ਉਪਰੋਕਤ ਸਾਰੀਆਂ ਘਟਨਾਵਾਂ ਮੌਕੇ ਮੁਲਜ਼ਮਾਂ ਨੂੰ ਜਾਨੋਂ ਮਾਰਨ ਤੋਂ ਬਾਅਦ ਧਾਰਮਿਕ ਸੰਸਥਾਵਾਂ

ਅਤੇ ਪ੍ਰਬੰਧਕਾਂ ਵੱਲੋਂ ਇਹ ਦੋਸ਼ ਲਾਉਣਾ ਕਿੱਥੋਂ ਤੱਕ ਸਹੀ ਹੈ ਕਿ ਪੁਲੀਸ ਵੱਲੋਂ ਇਨ੍ਹਾਂ ਘਟਨਾਵਾਂ ਪਿੱਛੇ ਸਾਜਿਸ਼ ਨੂੰ ਬੇਨਕਾਬ ਨਹੀਂ ਕੀਤਾ ਜਾ ਰਿਹਾ। ਕੀ ਇਹ ਆਪਣੇ ਆਪ ਵਿੱਚ ਹੀ ਆਪਾ ਵਿਰੋਧੀ ਗੱਲ ਨਹੀਂ? ਇਹ ਸਰਾਸਰ ਸਾਡੀ ਪੁਲੀਸ, ਜਾਂਚ ਏਜੰਸੀਆਂ ਅਤੇ ਨਿਆਂ ਪ੍ਰਣਾਲੀ ਦੀ ਨਾਕਾਮੀ ਹੈ ਕਿ ਅਸਲ ਦੋਸ਼ੀਆਂ ਨੂੰ ਕਦੇ ਵੀ ਸਜ਼ਾਵਾਂ ਨਹੀਂ ਮਿਲਦੀਆਂ ਪਰ ਇਸਦੇ ਉਲਟ ਹਜ਼ਾਰਾਂ ਬੇਦੋਸ਼ੇ ਵਿਅਕਤੀ ਅਤੇ ਸਮਾਜਿਕ ਕਾਰਕੁੰਨ ਬਿਨਾਂ ਕਿਸੇ ਜੁਰਮ ਦੇ ਕਈ ਕਈ ਸਾਲ ਤੋਂ ਜੇਲ੍ਹਾਂ ਵਿੱਚ ਨਜਾਇਜ਼ ਸਜ਼ਾਵਾਂ ਭੁਗਤ ਰਹੇ ਹਨ।

ਕਿਸੇ ਧਾਰਮਿਕ ਗ੍ਰੰਥ ਜਾਂ ਧਾਰਮਿਕ ਸਥਾਨ ਦੀ ਬੇਹੁਰਮਤੀ ਕਰਨਾ ਅਨੈਤਿਕ ਅਪਰਾਧ ਹੈ ਅਤੇ ਇਹ ਨਹੀਂ ਵਾਪਰਨਾ ਚਾਹੀਦਾ। ਕੋਈ ਸਾਧਾਰਨ ਬੁੱਧੀ ਵਾਲਾ ਵਿਅਕਤੀ ਵੀ ਅਜਿਹਾ ਜੁਰਮ ਕਰਨ ਤੋਂ ਪਹਿਲਾਂ ਸੌ ਵਾਰ ਸੋਚੇਗਾ ਕਿ ਉਹ ਅਜਿਹਾ ਕੁਕਰਮ ਕਿਉਂ ਕਰਨ ਜਾ ਰਿਹਾ ਹੈ ? ਜਾਹਿਰ ਹੈ ਕਿ ਇਸ ਪਿੱਛੇ ਜਰੂਰ ਕੋਈ ਸਿਆਸੀ ਸਾਜ਼ਿਸ਼ ਹੁੰਦੀ ਹੈ ਪਰ ਪ੍ਰਬੰਧਕਾਂ ਵੱਲੋਂ ਅਜਿਹੀ ਸਾਜਿਸ਼ ਦਾ ਪਤਾ ਲਾਏ ਬਿਨਾਂ ਅਤੇ ਮੁਲਜ਼ਮ ਦਾ ਪੱਖ ਸੁਣੇ ਬਗੈਰ ਭੀੜ ਵੱਲੋਂ ਜਜ਼ਬਾਤੀ ਹੋ ਕੇ ਮੌਕੇ ਉਤੇ ਕਤਲ ਕਰ ਦੇਣਾ ਵੀ ਕੋਈ ਸਿਆਣਪ ਜਾਂ ਇਨਸਾਨੀਅਤ ਨਹੀਂ ਕਹੀ ਜਾ ਸਕਦੀ ਅਤੇ ਇਹ ਸਰਾਸਰ ਸੰਗੀਨ ਅਪਰਾਧ ਹੈ। ਇਸ ਤੋਂ ਅੱਗੇ ਗੰਭੀਰ ਸਵਾਲ ਇਹ ਵੀ ਹੈ ਕਿ ਜੇਕਰ ਬ੍ਰਹਿਮੰਡ ਵਿੱਚ ਕਿਸੇ ਅਖੌਤੀ ਸਰਬ ਸ਼ਕਤੀਮਾਨ ਪ੍ਰਮਾਤਮਾ ਦੀ ਹੋਂਦ ਹੈ ਅਤੇ ਉਸ ਬਾਰੇ ਸਭ ਦਾ ਰਾਖਾ ਤੇ ਸਰਬ ਵਿਆਪਕ ਹੋਣ ਦਾ ਦਾਅਵਾ ਵੀ ਕੀਤਾ ਜਾਂਦਾ ਹੈ ਤਾਂ ਉਹ ਆਪਣੇ ਹੀ ਘਰ ਬੇਅਦਬੀ, ਚੋਰੀ, ਬਲਾਤਕਾਰ ਅਤੇ ਕਤਲ ਦੀਆਂ ਘਟਨਾਵਾਂ ਵਾਪਰਨ ਤੋਂ ਰੋਕਦਾ ਕਿਉਂ ਨਹੀਂ?

**ਇਸ ਤੋਂ ਅੱਗੇ ਗੰਭੀਰ ਸਵਾਲ ਇਹ ਵੀ ਹੈ ਕਿ ਜੇਕਰ ਬ੍ਰਹਿਮੰਡ ਵਿੱਚ ਕਿਸੇ ਅਖੌਤੀ ਸਰਬ ਸ਼ਕਤੀਮਾਨ ਪ੍ਰਮਾਤਮਾ ਦੀ ਹੋਂਦ ਹੈ ਅਤੇ ਉਸ ਬਾਰੇ ਸਭ ਦਾ ਰਾਖਾ ਤੇ ਸਰਬ ਵਿਆਪਕ ਹੋਣ ਦਾ ਦਾਅਵਾ ਵੀ ਕੀਤਾ ਜਾਂਦਾ ਹੈ ਤਾਂ ਉਹ ਆਪਣੇ ਹੀ ਘਰ ਬੇਅਦਬੀ, ਚੋਰੀ, ਬਲਾਤਕਾਰ ਅਤੇ ਕਤਲ ਦੀਆਂ ਘਟਨਾਵਾਂ ਵਾਪਰਨ ਤੋਂ ਰੋਕਦਾ ਕਿਉਂ ਨਹੀਂ?**

ਇਸ ਕਾਨੂੰਨ ਦੀ ਦੁਰਵਰਤੋਂ ਹੋਣ ਦੀਆਂ ਵੱਡੀਆਂ ਸੰਭਾਵਨਾਵਾਂ ਮੌਜੂਦ ਹਨ ਮਸਲਿਨ ਜੇਕਰ ਕੋਈ ਨਾਗਰਿਕ ਸੰਵਿਧਾਨ ਦੀ ਧਾਰਾ 51-Aਏ (ਐੱਚ) ਤਹਿਤ ਆਪਣਾ ਫਰਜ਼ ਨਿਭਾਉਂਦਾ ਹੋਇਆ ਵਿਗਿਆਨਕ ਨਜ਼ਰੀਏ ਤੋਂ ਧਰਮ ਦੀ ਆੜ ਹੇਠ ਸਦੀਆਂ ਪੁਰਾਣੇ ਅੰਧਵਿਸ਼ਵਾਸ਼ਾਂ, ਰੂੜੀਵਾਦੀ ਰਸਮਾਂ ਰਿਵਾਜਾਂ ਅਤੇ ਸਮਾਜਿਕ ਬੁਰਾਈਆਂ ਉਤੇ ਕਿੰਤੂ ਪ੍ਰੰਤੂ ਕਰਦਾ ਹੈ ਤਾਂ ਉਸ ਉਤੇ ਬੇਅਦਬੀ ਅਤੇ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦਾ ਦੋਸ਼ ਲਾ ਕੇ ਇਸ ਕਾਨੂੰਨ ਤਹਿਤ ਅਣਮਿੱਥੇ ਸਮੇਂ ਲਈ ਜੇਲ੍ਹ ਵੱਚ ਸੁਟਿਆ ਜਾ ਸਕਦਾ ਹੈ ?

ਸੋਚਣ ਦਾ ਅਸਲ ਸਵਾਲ ਇਹ ਹੈ ਕਿ ਕੀ ਕਿਸੇ ਵਿਅਕਤੀ ਦੀਆਂ ਧਾਰਮਿਕ ਭਾਵਨਾਵਾਂ ਵਾਕਈ ਹੀ ਇੰਨੀਆਂ ਕਮਜ਼ੋਰ ਹੁੰਦੀਆਂ ਹਨ ਕਿ ਲੋਕਾਂ ਨੂੰ ਗੁੰਮਰਾਹ ਕਰਨ ਵਾਲੇ ਅੰਧਵਿਸ਼ਵਾਸ਼ਾਂ, ਅਖੌਤੀ ਚਮਤਕਾਰਾਂ, ਪਾਖੰਡੀ ਬਾਬਿਆਂ, ਡੇਰਿਆਂ ਅਤੇ ਮਿਥਿਹਾਸ ਉਤੇ ਕਿੰਤੂ ਪ੍ਰੰਤੂ ਕਰਨ ਨਾਲ ਹੀ ਭੜਕ ਜਾਂਦੀਆਂ ਹਨ? ਪਿਛਲੇ ਕੁਝ ਸਾਲਾਂ ਵਿੱਚ ਕੁਝ ਵਿਗਿਆਨਕ ਸੋਚ ਦੇ ਧਾਰਨੀ ਲੇਖਕਾਂ, ਕਲਾਕਾਰਾਂ ਅਤੇ ਸਮਾਜਿਕ ਕਾਰਕੁਨਾਂ ਨੂੰ ਧਾਰਾ 295 ਅਤੇ 295-ਏ ਦੇ ਝੂਠੇ ਕੇਸਾਂ ਹੇਠ ਜਾਣ ਬੁੱਝ ਕੇ ਫਸਾਇਆ ਗਿਆ ਸੀ। ਜਾਹਿਰ ਹੈ ਕਿ ਅਜਿਹੇ ਸਖ਼ਤ ਕਾਨੂੰਨ ਕਿਸੇ ਨਾਗਰਿਕ ਨੂੰ ਸੰਵਿਧਾਨ ਦੀ ਧਾਰਾ 19 ਹੇਠ ਮਿਲੇ ਵਿਗਿਆਨਕ ਵਿਚਾਰ ਪ੍ਰਗਟਾਵੇ ਦੇ ਜਮਹੂਰੀ ਹੱਕ ਦੀ ਸਿੱਧੀ ਉਲੰਘਣਾ ਕਰਦੇ ਹਨ ਅਤੇ ਇਨ੍ਹਾਂ ਦੀ ਸਿਆਸੀ ਵਿਰੋਧੀਆਂ ਦੇ ਖ਼ਿਲਾਫ਼ ਅਕਸਰ ਦੁਰਵਰਤੋਂ ਕੀਤੀ ਜਾਂਦੀ ਹੈ।

ਇੱਥੇ ਸਵਾਲ ਇਹ ਵੀ ਹੈ ਕਿ ਅਜਿਹੇ ਲੋਕਾਂ ਦੀਆਂ ਮਨੁੱਖੀ ਭਾਵਨਾਵਾਂ ਉਦੋਂ ਕਿਉਂ ਨਹੀਂ ਭੜਕਦੀਆਂ ਜਦ ਹਕੂਮਤਾਂ ਵੱਲੋਂ ਉਨ੍ਹਾਂ ਦੀ ਜ਼ਿੰਦਗੀ ਨਾਲ ਸਿੱਧੇ ਤੌਰ ਤੇ ਸੰਬੰਧਿਤ ਸਿੱਖਿਆ, ਸਿਹਤ, ਰੁਜ਼ਗਾਰ, ਬਿਜਲੀ, ਸਾਫ਼ ਪਾਣੀ ਆਦਿ ਦੀਆਂ ਬੁਨਿਆਦੀ ਸਹੂਲਤਾਂ ਨੂੰ ਖਤਮ ਕਰਨ ਦੀਆਂ ਲੋਕ ਮਾਰੂ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹੋਣ ? ਇਹ ਭਾਵਨਾਵਾਂ ਉਦੋਂ ਕਿਉ ਨਹੀਂ ਭੜਕਦੀਆਂ ਜਦੋਂ ਕਿ ਭੁੱਖਮਰੀ, ਗਰੀਬੀ, ਬੇਰੁਜ਼ਗਾਰੀ, ਕਰਜ਼ਾ, ਬਿਮਾਰੀ ਅਤੇ ਮਹਿੰਗਾਈ ਤੋਂ ਤੰਗ ਹੋ ਕੇ ਹਜ਼ਾਰਾਂ ਪੀੜਤ ਲੋਕ ਖੁਦਕਸ਼ੀ ਕਰ ਰਹੇ ਹੋਣ? ਅਜਿਹੇ ਲੋਕਾਂ ਦੇ ਹਿਰਦੇ ਉਦੋਂ ਕਿਉਂ ਨਹੀਂ ਵਲੂੰਧਰੇ ਜਾਂਦੇ ਜਦੋਂ ਕਿਸੇ ਨਾਬਾਲਗ ਬੱਚੀ/ਲੜਕੀ ਨਾਲ ਸਮੂਹਿਕ ਜ਼ਬਰ ਜਨਾਹ ਕਰਨ ਤੋਂ ਬਾਅਦ ਉਸ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਜਾਂਦਾ ਹੈ ? ਇਹ ਭਾਵਨਾਵਾਂ ਉਦੋਂ ਕਿਉਂ ਨਹੀਂ ਭੜਕਦੀਆਂ ਜਦੋਂ ਮੁਨਾਫ਼ਾਖੋਰ ਵਪਾਰੀਆਂ ਵੱਲੋਂ ਰੋਜ਼ਾਨਾ ਖਾਣ ਪੀਣ ਦੀ ਵਰਤੋਂ ਦੀਆਂ ਚੀਜ਼ਾਂ ਵਿੱਚ ਮਿਲਾਵਟਖੋਰੀ ਕਰਕੇ ਲੋਕਾਂ ਨੂੰ ਗੰਭੀਰ ਬਿਮਾਰੀਆਂ ਵੱਲ ਧੱਕਿਆ ਜਾ ਰਿਹਾ ਹੋਵੇ ? ਇਹ ਭਾਵਨਾਵਾਂ ਉਦੋਂ ਵੀ ਤਾਂ ਭੜਕਣੀਆਂ ਚਾਹੀਦੀਆਂ ਹਨ ਜਦੋਂ ਕਿਸੇ ਧਾਰਮਿਕ ਅਸਥਾਨ ਅਤੇ ਡੇਰੇ ਵਿੱਚ ਪ੍ਰਬੰਧਕਾਂ ਦੀ ਨਲਾਇਕੀ ਕਾਰਨ ਭਗਦੜ ਮਚਣ ਨਾਲ ਸੈਂਕੜੇ ਨਿਰਦੋਸ਼ ਲੋਕ ਮਾਰੇ ਜਾਂਦੇ ਹਨ। ਇਹ ਭਾਵਨਾਵਾਂ ਉਦੋਂ ਕਿਉਂ ਨਹੀਂ ਭੜਕਦੀਆਂ ਜਦੋਂ

ਆਪਣੀਆਂ ਜਾਇਜ਼ ਮੰਗਾਂ ਅਤੇ ਜਮਹੂਰੀ ਹੱਕਾਂ ਦੀ ਰਾਖੀ ਲਈ ਸ਼ਾਂਤਮਈ ਢੰਗ ਨਾਲ ਵਿਰੋਧ ਪ੍ਰਗਟ ਕਰਦੇ ਬੇਰੁਜ਼ਗਾਰਾਂ ਅਤੇ ਆਮ ਲੋਕਾਂ ਉਤੇ ਲਾਠੀਆਂ, ਗੋਲੀਆਂ ਚਲਾਈਆਂ ਜਾਂਦੀਆਂ ਹਨ ਅਤੇ ਸੰਘਰਸ਼ ਕਰਦੇ ਲੋਕਾਂ ਨੂੰ ਝੂਠੇ ਕੇਸਾਂ ਹੇਠ ਗ੍ਰਿਫ਼ਤਾਰ ਕਰਕੇ ਸਾਲਾਂ ਬੱਧੀ ਜੇਲ੍ਹਾਂ ਵਿੱਚ ਡੱਕਿਆ ਜਾਂਦਾ ਹੈ ? ਇਹ ਭਾਵਨਾਵਾਂ ਉਦੋਂ ਵੀ ਤਾਂ ਭੜਕਣੀਆਂ ਚਾਹੀਦੀਆਂ ਹਨ ਜਦੋਂ ਪੈਸੇ ਖੁਣੋਂ ਹਸਪਤਾਲਾਂ ਵਿੱਚ ਇਲਾਜ ਨਾ ਕਰਵਾ ਸਕਣ ਕਾਰਣ ਹਜ਼ਾਰਾਂ ਗਰੀਬ ਮਰੀਜ਼ ਦਮ ਤੋੜ ਜਾਂਦੇ ਹਨ ?

ਸ਼ਾਇਦ ਇਸਦਾ ਕਾਰਨ ਇਹ ਹੈ ਕਿ ਅਜਿਹੇ ਲੋਕਾਂ ਲਈ ਮਨੁੱਖੀ ਜ਼ਿੰਦਗੀ ਨਾਲੋਂ ਧਰਮ, ਧਾਰਮਿਕ ਮੁੱਦੇ ਅਤੇ ਧਾਰਮਿਕ ਭਾਵਨਾਵਾਂ ਹੀ ਸਭ ਤੋਂ ਵੱਧ ਮਹੱਤਵਪੂਰਨ ਹੁੰਦੇ ਹਨ। ਅਜਿਹੀ ਤੰਗਦਿਲ ਸੋਚ ਸਰਾਸਰ ਗ਼ਲਤ ਹੀ ਨਹੀਂ ਬਲਕਿ ਸਮੁੱਚੇ ਸਮਾਜ ਅਤੇ ਖ਼ੁਦ ਉਨ੍ਹਾਂ ਦੇ ਵਿਕਾਸ ਲਈ ਖ਼ਤਰਨਾਕ ਹੁੰਦੀ ਹੋਈ ਹਕੂਮਤਾਂ ਅਤੇ ਮੁਨਾਫ਼ਾਖੋਰ ਕਾਰਪੋਰੇਟ ਜਗਤ ਦੇ ਹੱਕ ਵਿੱਚ ਵੀ ਭੁਗਤਦੀ ਹੈ। ਸਿਰਫ ਧਾਰਮਿਕ ਹੋਣਾ ਹੀ ਕਿਸੇ ਵਿਅਕਤੀ ਦੀ ਨੈਤਿਕਤਾ ਦਾ ਕੋਈ ਸਹੀ ਪੈਮਾਨਾ ਨਹੀਂ ਹੋ ਸਕਦਾ। ਇਸਦੇ ਉਲਟ ਗ਼ੈਰ-ਧਾਰਮਿਕ ਲੋਕ ਆਪਣੇ ਅਮਲੀ ਜੀਵਨ ਵਿੱਚ ਵੱਧ ਨੈਤਿਕ, ਸਹਿਣਸ਼ੀਲ ਅਤੇ ਜਮਹੂਰੀਅਤ ਪਸੰਦ ਹੁੰਦੇ ਹਨ ਅਤੇ ਧਰਮ ਨੂੰ ਹਰੇਕ ਵਿਅਕਤੀ ਦਾ ਨਿੱਜੀ ਮਾਮਲਾ ਸਮਝ ਕੇ ਦੂਜੇ ਲੋਕਾਂ ਦੀ ਧਾਰਮਿਕ ਅਜ਼ਾਦੀ ਦੇ ਜਮਹੂਰੀ ਹੱਕ ਦਾ ਸਨਮਾਨ ਵੀ ਕਰਦੇ ਹਨ।

ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਅਜਿਹੀਆਂ ਬੇਅਦਬੀ ਦੀਆਂ ਘਟਨਾਵਾਂ ਉਨ੍ਹਾਂ ਲੋਕ ਵਿਰੋਧੀ ਫ਼ਿਰਕੂ ਤਾਕਤਾਂ ਦੀ ਸਾਜ਼ਿਸ਼ ਹੈ ਜਿਹੜੀਆਂ ਪੰਜਾਬ ਵਿੱਚ ਲੋਕਾਂ ਦੀ ਭਾਈਚਾਰਕ ਸਾਂਝ ਤੇ ਜੱਥੇਬੰਦਕ ਏਕਤਾ ਤੋੜ ਕੇ ਲੋਕਾਂ ਦੇ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਣਾ ਚਾਹੁੰਦੀਆਂ ਹਨ ਅਤੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾ ਕੇ ਫ਼ਿਰਕੂ ਸਿਆਸਤ ਰਾਹੀਂ ਸੱਤਾ ਉੱਤੇ ਕਾਬਜ ਹੋਣਾ ਚਾਹੁੰਦੀਆਂ ਹਨ।

ਸਾਨੂੰ ਇਹ ਤੱਥ ਵੀ ਸਮਝਣ ਦੀ ਲੋੜ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਦੇ ਨਤੀਜੇ ਵਜੋਂ ਹਾਕਮ ਜਮਾਤਾਂ ਨੂੰ ਹੋਰ ਵੱਧ ਸਖਤ ਕਾਨੂੰਨ ਬਣਾਉਣ ਦਾ ਮੌਕਾ ਮਿਲਦਾ ਹੈ। ਫਿਰ ਇਹੀ ਮਨੁੱਖ ਵਿਰੋਧੀ ਕਾਲੇ ਕਾਨੂੰਨ, ਹੁਕਮਰਾਨਾਂ ਵੱਲੋਂ ਆਪਣੇ ਸਿਆਸੀ ਵਿਰੋਧੀਆਂ ਅਤੇ ਖਾਸ ਕਰਕੇ ਕਿਰਤੀ ਵਰਗ ਦੇ ਸੰਘਰਸ਼ਾਂ ਨੂੰ ਦਬਾਉਣ, ਵਿਗਿਆਨਕ ਵਿਚਾਰਧਾਰਾ ਦੇ ਧਾਰਨੀਆਂ ਤੇ ਆਮ ਲੋਕਾਂ ਦੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦੇ ਜਮਹੂਰੀ ਹੱਕਾਂ ਨੂੰ ਕੁਚਲਣ ਅਤੇ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਨਜ਼ਰਬੰਦ ਕਰਨ ਲਈ ਵਰਤੇ ਜਾਂਦੇ ਹਨ।

ਅਸਲੀਅਤ ਇਹ ਹੈ ਕਿ ਪੰਜਾਬ ਸਰਕਾਰ ਵੱਲੋਂ ਧਾਰਮਿਕ ਬੇਅਦਬੀ ਦੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਖ਼ਤ ਸਜ਼ਾ ਦੇਣ ਦਾ ਕਾਨੂੰਨ ਬਣਾ ਕੇ ਲਾਗੂ ਕਰਨਾ ਇਸ ਅਪਰਾਧ ਨੂੰ ਖਤਮ ਕਰਨ ਜਾਂ ਰੋਕਣ ਦੀ ਕੋਈ ਠੋਸ ਜਾਮਨੀ ਨਹੀਂ ਹੋ ਸਕਦਾ ਕਿਉਂਕਿ ਭਾਰਤੀ ਨਿਆਂ ਪ੍ਰਣਾਲੀ ਵਿੱਚ ਕਤਲ ਅਤੇ ਬਲਾਤਕਾਰ ਦੇ ਦੋਸ਼ੀਆਂ ਲਈ ਮੌਤ ਦੀ ਸਖ਼ਤ ਸਜ਼ਾ ਹੋਣ ਦੇ ਬਾਵਜੂਦ ਦੇਸ਼ ਵਿੱਚ ਕਤਲ ਅਤੇ ਬਲਾਤਕਾਰ ਦੇ ਅਪਰਾਧਾਂ ਵਿੱਚ ਕੋਈ ਕਮੀਂ ਨਹੀਂ ਆਈ ਉਲਟਾ ਸਗੋਂ ਵਾਧਾ ਹੋਇਆ ਹੈ। ਇਸ ਲਈ ਧਾਰਮਿਕ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਕੰਮ ਕਰਦੇ ਅਸਲ ਕਾਰਨਾਂ ਅਤੇ ਫ਼ਿਰਕੂ ਤਾਕਤਾਂ ਦਾ ਪਰਦਾਫਾਸ਼ ਕਰਕੇ ਹੀ ਬੇਅਦਬੀ ਦੇ ਅਜਿਹੇ ਅਪਰਾਧਾਂ ਨੂੰ ਰੋਕਿਆ ਜਾ ਸਕਦਾ ਹੈ, ਸਖ਼ਤ ਕਾਨੂੰਨਾਂ ਅਤੇ ਸਖ਼ਤ ਸਜ਼ਾਵਾਂ ਰਾਹੀਂ ਨਹੀਂ।

ਤੱਤ ਸਾਰ ਇਹ ਹੈ ਕਿ ਪੰਜਾਬ ਦੇ ਲੋਕਾਂ ਨੂੰ ਵਿਗਿਆਨਕ ਅਤੇ ਇਨਸਾਨੀਅਤ ਪੱਖੀ ਸੋਚ ਰੱਖਦੇ ਹੋਏ ਸਖ਼ਤ ਕਾਨੂੰਨਾਂ ਅਤੇ ਸਖ਼ਤ ਸਜ਼ਾਵਾਂ ਉਤੇ ਟੇਕ ਰੱਖਣ ਦੀ ਬਜਾਏ ਅਜਿਹੀਆਂ ਫਿਰਕੂ ਸਾਜਿਸ਼ਾਂ ਕਰਨ ਵਾਲੀਆਂ ਲੋਕ ਵਿਰੋਧੀ ਤਾਕਤਾਂ ਅਤੇ ਹਕੂਮਤਾਂ ਦਾ ਪਰਦਾਫਾਸ਼ ਕਰਨ ਲਈ ਆਪਸੀ ਏਕਤਾ ਅਤੇ ਭਾਈਚਾਰਕ ਸਾਂਝ ਬਣਾ ਕੇ ਰੱਖਣੀ ਚਾਹੀਂਦੀ ਹੈ ਅਤੇ ਆਪਣੇ ਜਮਹੂਰੀ ਹੱਕਾਂ ਦੀ ਰਾਖੀ ਲਈ ਧਰਮਾਂ,ਜਾਤਾਂ, ਵਰਗਾਂ ਤੋਂ ਉਪਰ ਉੱਠ ਕੇ ਇਤਿਹਾਸਕ ਕਿਸਾਨ ਅੰਦੋਲਨ ਵਾਂਗ ਸਿਰਫ ਜੱਥੇਬੰਦਕ ਸੰਘਰਸ਼ਾਂ ਉਤੇ ਟੇਕ ਰੱਖਣੀ ਚਾਹੀਦੀ ਹੈ। ਕਿਸੇ ਵੀ ਬੇਅਦਬੀ ਦੀ ਘਟਨਾ ਮੌਕੇ ਜਜ਼ਬਾਤੀ ਹੋ ਕੇ ਹਿੰਸਕ ਪ੍ਰਤੀਕਰਮ ਦੇਣ ਦੀ ਥਾਂ ਸਿਆਣਪ ਅਤੇ ਸੰਜਮ ਨਾਲ ਉਸ ਸਾਜ਼ਿਸ਼ ਦਾ ਪਰਦਾਫਾਸ਼ ਕਰਨ ਲਈ ਇਕਜੁੱਟ ਹੋ ਕੇ ਪੁਲੀਸ ਪ੍ਰਸ਼ਾਸ਼ਨ ਉਤੇ ਦਬਾਅ ਪਾਉਣਾ ਚਾਹੀਦਾ ਹੈ। ਇਸਦੇ ਨਾਲ ਨਾਲ ਸਮਾਜ ਵਿੱਚ ਚੇਤਨਾ ਦਾ ਪੱਧਰ ਉੱਚਾ ਚੁੱਕਣ ਅਤੇ ਅਜਿਹੇ ਮਾਹੌਲ ਦੀ ਉਸਾਰੀ ਕਰਨ ਦੀ ਲੋੜ ਹੈ ਜਿਸ ਵਿੱਚ ਧਾਰਮਿਕ ਮੁੱਦਿਆਂ ਉੱਤੇ ਸਜਾਵਾਂ ਦੀ ਬਜਾਏ ਤਰਕ ਅਧਾਰਿਤ ਸੰਵਾਦ ਰਚਾਇਆ ਜਾ ਸਕੇ।

ਇਸ ਲਈ ਜੇਕਰ ਪੰਜਾਬ ਸਰਕਾਰ ਵਾਕਈ ਸੁਹਿਰਦ ਹੈ ਤਾਂ ਉਸਨੂੰ ਮੌਜੂਦਾ ਕਾਨੂੰਨ ਵਿੱਚ ਉਮਰ ਕੈਦ ਦੀ ਸਖ਼ਤ ਸਜ਼ਾ ਦੀ ਸੋਧ ਕਰਨ ਦੀ ਬਜਾਏ ਆਪਣੀਆਂ ਜਾਂਚ ਏਜੰਸੀਆਂ ਰਾਹੀਂ ਹੁਣ ਤਕ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਅਤੇ ਮੌਕੇ ਦੇ ਮੁਲਜ਼ਮਾਂ ਨੂੰ ਕਤਲ ਕਰਨ ਤੇ ਸਬੂਤ ਮਿਟਾਉਣ ਦੀਆਂ ਸਾਜਿਸ਼ਾਂ ਨੂੰ ਪੂਰੀ ਇਮਾਨਦਾਰੀ ਨਾਲ ਸਾਹਮਣੇ ਲਿਆ ਕੇ ਜ਼ਿੰਮੇਵਾਰ ਦੋਸ਼ੀਆਂ ਅਤੇ ਉਨ੍ਹਾਂ ਦੇ ਸਿਆਸੀ ਆਕਾਵਾਂ ਨੂੰ ਸਜ਼ਾਵਾਂ ਦਿਵਾਉਣੀਆਂ ਚਾਹੀਦੀਆਂ ਹਨ। *76960 30173*

# ਸਿੱਖਣ ਪ੍ਰਕਿਰਿਆ ਉੱਤੇ ਏ.ਆਈ. ਦੇ ਅਸਰਾਂ ਬਾਰੇ ਇੱਕ ਖੋਜ-ਕਾਰਜ

***ਤਰਕਸ਼ੀਲ ਦੇ ਏ.ਆਈ. ਵਿਸ਼ੇਸ਼ ਅੰਕ ਨੇ ਇਸ ਵਿਸ਼ੇ ਬਾਰੇ ਚੇਤਨਾ ਜਗਾਉਣ ਅਤੇ ਬਹਿਸ ਛੇੜਨ ਵਿੱਚ ਮਹੱਤਵਪੂਰਨ ਰੋਲ ਕੀਤਾ ਹੈ। ਬਹੁਤ ਸਾਰੇ ਪਾਠਕਾਂ, ਲੇਖਕਾਂ, ਚਿੰਤਕਾਂ ਨੇ ਇਸ ਬਾਰੇ ਗੱਲ ਅੱਗੇ ਤੋਰੀ ਹੈ, ਇਸ ਦੀਆਂ ਸੰਭਾਵਨਾਵਾਂ ਅਤੇ ਖਤਰਿਆਂ ਦੀ ਗੱਲ ਕੀਤੀ ਹੈ। ਸਾਡਾ ਮਕਸਦ ਵੀ ਇਹੀ ਸੀ ਕਿ ਅਸੀਂ ਵਿਗਿਆਨ ਦੀਆਂ ਨਵੀਆਂ ਤਕਨੀਕਾਂ ਨੂੰ ਸਮਝਦੇ ਹੋਏ ਇਨ੍ਹਾਂ ਦੇ ਮਨੁੱਖੀ ਸਮਾਜ ਉੱਤੇ ਪੈਣ ਵਾਲੇ ਅਸਰਾਂ ਬਾਰੇ ਸੁਚੇਤ ਹੋਈਏ ਤਾਂ ਜੋ ਇਨ੍ਹਾਂ ਤਕਨੀਕਾਂ ਨੂੰ ਲੋਕਾਈ ਦੇ ਭਲੇ ਹਿਤ ਵਰਤਣ ਵਾਸਤੇ ਮਾਹੌਲ ਬਣਾਉਂਦੇ ਹੋਏ ਇਨ੍ਹਾਂ ਦੇ ਮਾੜੇ ਪ੍ਰਭਾਵਾਂ ਨੂੰ ਬੇਅਸਰ ਕਰ ਸਕੀਏ।***

***ਇਸ ਅੰਕ ਵਿਚਲੇ ਵਿਸ਼ੇਸ਼ ਮੈਟਰ ਬਾਰੇ ਜੋ ਪ੍ਰਤੀਕਰਮ ਆਏ ਹਨ ਉਨ੍ਹਾਂ ਵਿੱਚੋਂ ਇੱਕ ਮਹੱਤਵਪੂਰਨ ਟਿੱਪਣੀ ਵਿਸ਼ਵ ਭਾਰਤੀ* ਦੀ ਹੈ। ਉਨ੍ਹਾਂ ਅਮਰੀਕਾ ਦੇ ਨਾਮਵਰ ਵਿਦਿਅਕ ਅਦਾਰੇ MIT (ਮੈਸਚਿਊਟਸ ਇੰਸਟੀਚਿਊਟ ਆਫ ਟੈਕਨਾਲੋਜੀ) ਵਿਚ ਪੇਸ਼ ਕੀਤੇ ਇਕ ਖੋਜ-ਪੱਤਰ ਨੂੰ ਸਾਂਝਾ ਕੀਤਾ ਹੈ ਜੋ ਇਹ ਦਰਸਾਉਂਦਾ ਹੈ ਕਿ ਸਿੱਖਿਆ ਦੇ ਖੇਤਰ ਵਿੱਚ ਏ.ਆਈ. ਦੀ ਬੇਰੋਕ ਵਰਤੋਂ ਦਿਮਾਗ ਦੀ ਸੋਚਣ ਵਿਚਾਰਨ ਦੀ ਸਮਰੱਥਾ ਨੂੰ ਗੰਭੀਰ ਨੁਕਸਾਨ ਪਹੁੰਚਾ ਸਕਦੀ ਹੈ। ਉਨ੍ਹਾਂ ਵੱਲੋਂ ਭੇਜੇ ਗਏ ਖੋਜ-ਪੱਤਰ ਦੇ ਸਾਰ ਦਾ ਪੰਜਾਬੀ ਅਨੁਵਾਦ ਹੇਠ ਪੇਸ਼ ਕੀਤਾ ਜਾ ਰਿਹਾ ਹੈ।***

ਇਸ ਖੋਜ ਕਾਰਜ ਲਈ ਬੋਸਟਨ ਏਰੀਏ ਵਿੱਚੋਂ 18 ਤੋਂ 39 ਸਾਲ ਦੀ ਉਮਰ ਦੇ 54 ਵਿਅਕਤੀ ਲਏ ਗਏ। ਉਨ੍ਹਾਂ ਨੂੰ ਤਿੰਨ ਗਰੁੱਪਾਂ ਵਿੱਚ ਵੰਡ ਕੇ ਕੁਝ ਵਿਸ਼ਿਆਂ ਉੱਪਰ ਲੇਖ ਲਿਖਣ ਲਈ ਕਿਹਾ ਗਿਆ। ਇਸ ਲੇਖ ਰਚਨਾ ਲਈ ਪਹਿਲਾ ਗਰੁੱਪ ਚੈਟ-ਜੀਪੀਟੀ ਏ.ਆਈ. ਵਰਤ ਸਕਦਾ ਸੀ। ਦੂਸਰਾ ਗਰੁੱਪ ਗੂਗਲ ਤੋਂ ਜਾਣਕਾਰੀ ਲੈ ਸਕਦਾ ਸੀ ਅਤੇ ਤੀਸਰੇ ਗਰੁੱਪ ਨੇ ਨਿਰੋਲ ਆਪਣੀ ਸੋਚ ਅਤੇ ਗਿਆਨ ਨਾਲ ਇਹ ਲੇਖ ਲਿਖਣੇ ਸਨ। ਖੋਜਕਾਰਾਂ ਨੇ EEG ਰਾਹੀਂ ਇਨ੍ਹਾਂ ਦੇ ਦਿਮਾਗਾਂ ਦੇ ਵੱਖ ਵੱਖ ਹਿੱਸਿਆਂ ਦੀ ਸਰਗਰਮੀ ਨੂੰ ਨੋਟ ਕੀਤਾ। ਉਨ੍ਹਾਂ ਵੇਖਿਆ ਕਿ ਚੈਟ-ਜੀਪੀਟੀ ਏ.ਆਈ. ਵਰਤਣ ਵਾਲੇ ਵਿਅਕਤੀਆਂ ਦੀ ਦਿਮਾਗੀ ਸਰਗਰਮੀ ਸਭ ਤੋਂ ਘੱਟ ਸੀ। ਉਨ੍ਹਾਂ ਦੇ ਦਿਮਾਗਾਂ ਵਿੱਚ ਤੰਤੂ (Neural), ਭਾਸ਼ਾਈ (Linguistic) ਅਤੇ ਵਿਵਹਾਰ (Behavioural) ਦੇ ਪੱਧਰ ਉੱਤੇ ਬਹੁਤ ਘੱਟ ਸਰਗਰਮੀ ਹੋਈ। ਕੁਝ ਮਹੀਨੇ ਇਹ ਖੋਜ-ਕਾਰਜ ਜਾਰੀ ਰਹਿਣ 'ਤੇ ਹਰ ਅਗਲੀ ਲੇਖ ਰਚਨਾ ਦੌਰਾਨ ਉਨ੍ਹਾਂ ਦੀ ਦਿਮਾਗੀ ਸਰਗਰਮੀ ਲਗਾਤਾਰ ਘਟਦੀ ਗਈ ਅਤੇ ਅਖੀਰ 'ਤੇ ਇਹ ਕੇਵਲ ਉਥੋਂ ਨਕਲ ਕਰਕੇ ਲਿਖ ਦੇਣ (Copy & Paste) ਤੱਕ ਸੀਮਤ ਹੋ ਗਈ।

ਉਨ੍ਹਾਂ ਨੇ ਇਹ ਵੀ ਨੋਟ ਕੀਤਾ ਕਿ ਜਿਹੜੇ ਗਰੁੱਪ ਨੇ ਨਿਬੰਧ ਲਿਖਣ ਵਿੱਚ ਏ.ਆਈ. ਦੀ ਵਰਤੋਂ ਕੀਤੀ ਉਨ੍ਹਾਂ ਸਾਰਿਆਂ ਦੇ ਲੇਖ ਇੱਕੋ ਜਿਹੇ ਸਨ ਜਿਨ੍ਹਾਂ ਵਿੱਚ ਮੌਲਿਕ ਵਿਚਾਰਾਂ ਦੀ ਘਾਟ ਸੀ, ਇੱਕੋ ਤਰ੍ਹਾਂ ਦੀ ਪੇਸ਼ਕਾਰੀ ਅਤੇ ਵਿਚਾਰ ਸਨ। ਜਿਨ੍ਹਾਂ ਦੋ ਅੰਗਰੇਜ਼ੀ ਅਧਿਆਪਕਾਂ ਨੇ ਇਨ੍ਹਾਂ ਲੇਖਾਂ ਦਾ ਮੁਲਾਂਕਨ ਕੀਤਾ ਉਨ੍ਹਾਂ ਨੇ ਇਨ੍ਹਾਂ ਨੂੰ 'ਤੱਤਹੀਨ' ਦੱਸਿਆ। ਤੀਜੇ ਲੇਖ ਤੱਕ ਬਹੁਤੇ ਵਿਦਿਆਰਥੀਆਂ ਨੇ ਚੈਟ ਜੀਪੀਟੀ ਨੂੰ ਸਿਰਫ ਵਿਸ਼ਾ ਦਿੱਤਾ ਅਤੇ ਬਾਕੀ ਸਾਰਾ ਕੰਮ ਏ.ਆਈ. ਨੇ ਹੀ ਕੀਤਾ (ਭਾਵ ਏ.ਆਈ. ਦੇ ਲਿਖੇ ਨੂੰ ਨਾ ਸੋਧਿਆ ਅਤੇ ਨਾ ਹੀ ਆਪਣੇ ਵੱਲੋਂ ਇਸ ਵਿੱਚ ਕੋਈ ਵਾਧਾ ਕੀਤਾ)

ਇਸਦੇ ਮੁਕਾਬਲੇ ਕੇਵਲ ਆਪਣੀ ਦਿਮਾਗੀ ਯੋਗਤਾ ਦੀ ਵਰਤੋਂ ਕਰਕੇ ਲਿਖਣ ਵਾਲਿਆਂ ਦੀ ਦਿਮਾਗੀ ਸਰਗਰਮੀ ਬਾਰੇ ਜੋ ਕੁਝ EEG ਮਸ਼ੀਨ ਰਾਹੀਂ ਨੋਟ ਕੀਤਾ ਗਿਆ, ਉਸ ਅਨੁਸਾਰ ਉਨ੍ਹਾਂ ਦੇ ਦਿਮਾਗੀ ਸੈੱਲਾਂ ਵਿੱਚ ਸਭ ਤੋਂ ਵੱਧ ਸਰਗਰਮੀ ਸੀ। ਮੌਲਿਕ ਵਿਚਾਰਾਂ, ਯਾਦਦਾਸ਼ਤ ਦੀ ਮਾਤਰਾ ਅਤੇ ਵਾਕ ਬਣਤਰ ਬਣਾਉਣ ਵਿੱਚ ਸਭ ਤੋਂ ਵੱਧ ਸਰਗਰਮੀ ਦਿਸੀ। ਖੋਜਕਾਰਾਂ ਨੇ ਵੇਖਿਆ ਕਿ ਇਹ ਗਰੁੱਪ ਵਿਸ਼ੇ ਨਾਲ ਵੱਧ ਜੁੜਿਆ, ਵਿਸ਼ੇ ਬਾਰੇ ਵੱਧ ਜਗਿਆਸੂ ਸੀ ਅਤੇ ਉਨ੍ਹਾਂ ਦੇ ਲੇਖਾਂ ਤੋਂ ਅਧਿਆਪਕਾਂ ਨੂੰ ਬਹੁਤ ਤਸੱਲੀ ਹਾਸਿਲ ਹੋਈ।

ਤੀਜਾ ਗਰੁੱਪ ਜਿਸ ਨੇ ਗੂਗਲ ਸਰਚ ਰਾਹੀਂ ਇੰਟਰਨੈਟ ਤੋਂ ਮੈਟਰ ਲੱਭਣ ਦੀ ਵਰਤੋਂ ਕੀਤੀ ਉਸ ਵਿੱਚ ਵੀ ਦਿਮਾਗੀ ਸਰਗਰਮੀ ਪੂਰੀ ਰਹੀ। ਇਹ ਫਰਕ ਨੋਟ ਕਰਨਯੋਗ ਹੈ, ਕਿਉਂਕਿ ਬਹੁਤ ਲੋਕ ਹੁਣ ਗੂਗਲ ਰਾਹੀਂ ਖੋਜਣ ਦੀ ਬਜਾਏ ਏ.ਆਈ. ਦੀ ਵਰਤੋਂ ਕਰਦੇ ਹਨ।

ਇਹ ਤਿੰਨੇ ਲੇਖ ਲਿਖਵਾਉਣ ਤੋਂ ਬਾਅਦ ਤਜਰਬੇ ਅਧੀਨ ਵਿਅਕਤੀਆਂ ਨੂੰ ਪਹਿਲਾਂ ਦਿੱਤੇ ਵਿਸ਼ਿਆਂ ਵਿੱਚੋਂ ਇੱਕ ਉੱਤੇ ਮੁੜ ਲੇਖ ਲਿਖਣ ਲਈ ਕਿਹਾ ਗਿਆ। ਪਰ ਇਸ ਵਾਰ ਏ.ਆਈ. ਵਰਤਣ ਵਾਲੇ ਗਰੁੱਪ ਨੇ ਏ.ਆਈ. ਦੀ ਵਰਤੋਂ ਕੀਤੇ ਬਗੈਰ ਆਪਣੇ ਦਿਮਾਗ ਨਾਲ ਹੀ ਲਿਖਣਾ ਸੀ। ਜਦ ਕਿ ਬਗੈਰ ਕੋਈ ਸਾਧਨ ਵਰਤੇ ਲਿਖਣ ਵਾਲਾ ਗਰੁੱਪ ਹੁਣ

ਏ.ਆਈ. ਵਰਤ ਸਕਦਾ ਸੀ। ਸਿੱਟਾ ਇਹ ਨਿਕਲਿਆ ਕਿ ਪਹਿਲੇ ਗਰੁੱਪ ਨੂੰ ਆਪਣੇ ਲਿਖੇ ਲੇਖਾਂ ਵਿੱਚੋਂ ਬਹੁਤ ਥੋੜ੍ਹਾ ਜਿਹਾ ਹੀ ਯਾਦ ਸੀ ਅਤੇ ਉਨ੍ਹਾਂ ਦੇ ਦਿਮਾਗਾਂ ਵਿਚਲੀਆਂ ਅਲਫਾ ਤੇ ਬੀਟਾ ਤਰੰਗਾਂ ਬਹੁਤ ਕਮਜ਼ੋਰ ਸਨ ਜੋ ਦਿਖਾ ਰਹੀਆਂ ਸਨ ਕਿ ਉਨ੍ਹਾਂ ਵੱਲੋਂ ਪਹਿਲਾ ਲਿਖਿਆ ਮੈਟਰ ਉਨ੍ਹਾਂ ਦੀ ਯਾਦਾਸ਼ਤ ਵਿੱਚ ਦਾਖਲ ਨਹੀਂ ਹੋਇਆ ਸੀ।

ਦੂਜਾ ਗਰੁੱਪ ਜਿਸ ਨੇ ਪਹਿਲਾਂ ਖੁਦ ਲਿਖਿਆ ਸੀ ਉਸਨੇ ਜਦ ਬਾਅਦ ਵਿੱਚ ਏ.ਆਈ. ਦੀ ਵਰਤੋਂ ਕਰਕੇ ਆਪਣੇ ਲਿਖੇ ਨੂੰ ਹੋਰ ਸੁਧਾਰਿਆ ਤਾਂ ਉਨ੍ਹਾਂ ਦੀਆਂ ਦਿਮਾਗੀ ਪ੍ਰਕਿਰਿਆਵਾਂ ਵੀ ਹੋਰ ਚੰਗੀਆਂ ਹੋਈਆਂ, ਉਨ੍ਹਾਂ ਦੀ ਕਾਰਗੁਜ਼ਾਰੀ ਵਧੀਆ ਰਹੀ ਅਤੇ ਇਸ ਤੋਂ ਇਹ ਵੀ ਆਸ ਬੱਝੀ ਕਿ ਜੇ ਏ.ਆਈ. ਦੀ ਠੀਕ ਢੰਗ ਨਾਲ ਵਰਤੋਂ ਹੋਵੇ ਤਾਂ ਇਹ ਸਿੱਖਣ ਪ੍ਰਕਿਰਿਆ ਨੂੰ ਬਿਹਤਰ ਵੀ ਕਰ ਸਕਦੀ ਹੈ ਪਰ ਜੇ ਸ਼ੁਰੂ ਵਿੱਚ ਹੀ ਇਸ ਉੱਤੇ ਪੂਰੀ ਨਿਰਭਰਤਾ ਬਣਾ ਲਈ ਜਾਵੇ ਤਾਂ ਇਹ ਸਿੱਖਣ ਪ੍ਰਕਿਰਿਆ ਨੂੰ ਢਾਹ ਹੀ ਲਾਵੇਗੀ।

ਇਸ ਖੋਜ-ਪੱਤਰ ਨੇ ਸੁਝਾਇਆ ਕਿ ਏ.ਆਈ. ਦੀ ਇਸ ਤਰ੍ਹਾਂ ਵਰਤੋਂ ਸਿੱਖਣ ਦੀ ਪ੍ਰਕਿਰਿਆ ਨੂੰ ਨੁਕਸਾਨ ਪਹੁੰਚਾਵੇਗੀ, ਖਾਸ ਕਰ ਛੋਟੀ ਉਮਰ ਦੇ ਵਰਤੋਂਕਾਰਾਂ ਵਿੱਚ ਇਸਦਾ ਨੁਕਸਾਨ ਵੱਡਾ ਹੋਵੇਗਾ।

ਇਸ ਖੋਜ-ਪੱਤਰ ਦੀ ਲੇਖਕਾ ਨਤਾਲਿਆ ਕੋਸਮਾਈਨਾ MIT ਦੀ ਮੀਡੀਆ ਲੈਬ ਵਿੱਚ ਸਕੂਲਾਂ ਵੱਲੋਂ ਦਿੱਤੇ ਜਾਂਦੇ ਕੰਮ ਵਿੱਚ ਏ.ਆਈ. ਦੀ ਵਰਤੋਂ ਦੇ ਅਸਰਾਂ ਬਾਰੇ ਖੋਜ ਕਰ ਰਹੀ ਹੈ, ਕਿਉਂਕਿ ਵਿਦਿਆਰਥੀ ਵਿੱਚ ਸਕੂਲਾਂ ਕਾਲਜਾਂ ਵੱਲੋਂ ਦਿੱਤੇ ਹੋਏ ਕੰਮ ਲਈ ਏ.ਆਈ. ਦੀ ਵਰਤੋਂ ਵਧਦੀ ਜਾ ਰਹੀ ਹੈ। ਕੋਸਮਾਈਨਾ ਨੇ ਕਿਹਾ ਕਿ ਖੋਜਾਂ ਦੇ ਇਨ੍ਹਾਂ ਸਿੱਟਿਆਂ ਨੂੰ ਜਲਦੀ ਸਾਂਝਾ ਕਰਨਾ ਜਰੂਰੀ ਸੀ ਕਿਉਂਕਿ ਸਮਾਜ ਤੁਰੰਤ-ਪੈਰੀ ਸਹੂਲਤ ਲਈ ਏ.ਆਈ. ਉੱਤੇ ਨਿਰਭਰਤਾ ਵਧਾ ਰਿਹਾ ਹੈ, ਜਿਸ ਨਾਲ ਦਿਮਾਗ ਦੇ ਲੰਮੇ ਦਾਅ ਤੋਂ ਹੋਣ ਵਾਲੇ ਵਿਕਾਸ ਦਾ ਵੱਡਾ ਨੁਕਸਾਨ ਹੋ ਜਾਵੇਗਾ। ਕੱਲ੍ਹ ਨੂੰ ਕੋਈ ਹੋਰ ਛੋਟੇ ਬੱਚਿਆਂ ਦੇ ਸਕੂਲਾਂ ਵਿੱਚ ਏ.ਆਈ. ਲਿਆਉਣ ਲਈ ਅਜਿਹਾ ਨਾਹਰਾ ਦੇ ਸਕਦਾ ਹੈ- 'Bring ChatGPT to Kindergartens' ਜਿਥੇ ਕਿ ਇਹ ਸਭ ਤੋਂ ਵੱਧ ਹਾਨੀ ਪਹੁੰਚਾ ਸਕਦੀ ਹੈ। ਇਸ ਲਈ ਇਸ ਨੂੰ ਖੋਜ-ਰਸਾਲਿਆਂ ਵਿੱਚ ਮਾਨਤਾ ਹਾਸਲ ਕਰਨ ਦੀ ਪ੍ਰਕਿਰਿਆ ਪੂਰੀ ਕਰਨ ਤੋਂ ਪਹਿਲਾਂ ਹੀ ਆਊਟ ਕਰਨਾ ਜਰੂਰੀ ਲੱਗਿਆ।

** ਤਰਕਸ਼ੀਲ ਪਰਿਵਾਰ ਨਾਲ ਸਬੰਧਿਤ ਵਿਸ਼ਵ ਭਾਰਤੀ ਪੱਤਰਕਾਰਤਾ ਦੇ ਕਿੱਤੇ ਨਾਲ ਜੁੜਿਆ ਹੋਇਆ ਹੈ ।*

**ਮਿਤੀ 21-10-23 ਤੋਂ 07-06-25 ਤੱਕ ਇਕਾਈ ਬਰਗਾੜੀ ਦੇ ਮਨੋਰੋਗ ਮਸ਼ਵਰਾ ਕੇਂਦਰ ਨੂੰ ਆਈ ਸਹਾਇਤਾ**

| | |
|---|---|
| 1. ਬਿਕਰਮਜੀਤ ਸਿੰਘ, ਮੋਗਾ | 500 |
| 2. ਪਰਮਜੀਤ ਸਿੰਘ, ਗੁੱਜਰਾਂ (ਸੰਗਰੂਰ) | 500 |
| 3. ਰਣਜੀਤ ਸਿੰਘ, ਭੁੱਚੋ ਖੁਰਦ | 500 |
| 4. ਰਾਮਚਰਨ ਸਿੰਘ, ਪਾਤੜਾਂ | 500 |
| 5. ਸਿਮਰਨਜੀਤ ਕੌਰ, ਮੁੱਲਾਂਪੁਰ | 500 |
| 6. ਵਰਿੰਦਰ ਸਿੰਘ, ਮੌੜ ਮੰਡੀ | 1000 |
| 7. ਮਨਪ੍ਰੀਤ ਸਿੰਘ, ਮਾੜੀ ਮੁਸਤਫਾ | 500 |
| 8. ਚਰਨਜੀਤ ਸਿੰਘ, ਬਰਗਾੜੀ | 500 |
| 9. ਕਮਲਪ੍ਰੀਤ ਕੌਰ, ਕੋਠਾ ਗੁਰੂ | 500 |
| 10. ਦਿਲਜੀਤ ਸਿੰਘ, ਪਾਤੜਾਂ | 500 |
| 11. ਸੁਰਿੰਦਰਪਾਲ ਸਿੰਘ, ਬਿਧੀਪੁਰ | 2100 |
| 12. ਮਲਕੀਤ ਸਿੰਘ, ਰੋੜਾਂਵਾਲੀ | 500 |
| 13. ਕੁਲਵੰਤ ਸਿੰਘ, ਮੱਲੀਆਂ ਖੁਰਦ | 500 |
| 14. ਜਗਦੇਵ ਸਿੰਘ, ਮੋਗਾ | 500 |
| 15. ਸੁਰਿੰਦਰ ਸ਼ਰਮਾ, ਰਾਜੇਆਣਾ | 500 |
| 16. ਸੁਰਜੀਤ ਸਿੰਘ, ਸਿਵੀਆਂ | 500 |
| 17. ਨਵਪ੍ਰੀਤ ਸਿੰਘ, ਕੋਟਲੀ | 1000 |
| 18. ਜਗਦੀਪ ਸਿੰਘ, ਮੱਲਣ | 500 |
| 19. ਮੱਖਣ ਸਿੰਘ, ਸੰਗਤਪੁਰਾ | 500 |
| 20. ਕੌਰ ਸਿੰਘ, ਜਗਰਾਉਂ | 1500 |
| 21. ਹਰਵਿੰਦਰ ਸਿੰਘ, ਬਠਿੰਡਾ | 500 |
| 22. ਤੀਰਥ ਸਿੰਘ, ਰੋੜੀ ਕਪੂਰਾ | 500 |
| 23. ਰਣਧੀਰ ਡੋਡ | 500 |
| 24. ਤਲਵਿੰਦਰ ਸਿੰਘ, ਬਰਾਜ ਵਾਲਾ | 2000 |
| 25. ਕੁਲਦੀਪ ਸਿੰਘ, ਕੇਸਰ ਸਿੰਘ ਵਾਲਾ | 1000 |
| 26. ਰਮਨਦੀਪ ਕੌਰ, ਮਲੋਟ | 500 |
| 27. ਕੁਲਜਿੰਦਰ ਸਿੰਘ, ਕੇਸਰ ਸਿੰਘ ਵਾਲਾ | 500 |
| 28. ਤਰਲੋਚਨ ਸਿੰਘ, ਕਪੂਰਥਲਾ | 500 |
| 29. ਕੁਲਵਿੰਦਰ ਸਿੰਘ, ਸ਼ਾਹਕੋਟ | 500 |
| 30. ਸ਼ਿਵ ਕੁਮਾਰ ਸ਼ਰਮਾ, ਗੋਨੇਆਣਾ ਮੰਡੀ | 1000 |
| 31. ਕਾਲਾ ਸਿੰਘ, ਫਾਜਿਲਕਾ | 500 |
| 32. ਲਵਪ੍ਰੀਤ ਸਿੰਘ, ਮਰਾੜ ਕਲਾਂ | 500 |
| 33. ਮੋਨਿਕਾ, ਫਾਜਿਲਕਾ | 500 |
| 34. ਰਾਜਦੀਪ ਸਿੰਘ, ਬਠਿੰਡਾ | 1200 |
| 35. ਜਗਸੀਰ ਸਿੰਘ, ਬੁਰਜ ਹਰੀਕਾ | 500 |
| 36. ਗੁਰਦੇਵ ਸਿੰਘ, ਬਾਘਾਪੁਰਾਣਾ | 500 |
| 37. ਸੁਖਦਰਸ਼ਨ ਸਿੰਘ, ਦਿੱਲੀ | 500 |
| 38. ਰਵਿੰਦਰ ਸਿੰਘ, ਕਪੂਰਥਲਾ | 500 |
| 39. ਮਨਪ੍ਰੀਤ ਸਿੰਘ, ਢੱਡੀਆਂ | 500 |
| 40. ਗੁਰਚਰਨ ਸਿੰਘ, ਜੈਤੋ | 500 |
| 41. ਪਵਨ ਕੁਮਾਰ, ਰਾਮਾ ਮੰਡੀ | 500 |
| 42. ਇਕਬਾਲ ਮਾੜੀ, (ਪਿਤਾ ਜੀ ਦੀ ਯਾਦ ਵਿੱਚ) | 1000 |

# ਏ. ਆਈ. ਐਨਕਾਂ : ਨਜ਼ਰਾਂ ਤੋਂ ਪਾਰ ਦੀ ਗੱਲ

**-ਬੂਟਾ ਸਿੰਘ ਵਾਕਫ਼**

***ਵਿਗਿਆਨ, ਖਾਸ ਕਰ ਏ.ਆਈ. ਦੇ ਖੇਤਰ ਵਿੱਚ ਐਨੀ ਤੇਜੀ ਨਾਲ ਤਰੱਕੀ ਹੋ ਰਹੀ ਹੈ ਕਿ ਇਸ ਖੇਤਰ ਬਾਰੇ ਥੋੜ੍ਹੀ ਬਹੁਤ ਜਾਣਕਾਰੀ ਰੱਖਣ ਵਾਲੇ ਵਿਅਕਤੀ ਵੀ ਹੈਰਾਨ ਰਹਿ ਜਾਂਦੇ ਹਨ ਕਿ ਕੀ ਸਚਮੁੱਚ ਐਹੋ ਜਿਹੇ ਯੰਤਰ ਬਣ ਚੁੱਕੇ ਹਨ। ਇਸੇ ਲਈ ਜਦ ਇਹ ਲੇਖ ਪਿਛਲੇ ਅੰਕ ਲਈ ਪ੍ਰਾਪਤ ਹੋਇਆ ਤਾਂ ਸੰਪਾਦਕੀ ਬੋਰਡ ਨੂੰ ਵੀ ਹੈਰਾਨੀ ਹੋਈ ਕਿ ਕੀ ਅਜਿਹੀਆਂ ਐਨਕਾਂ ਬਣ ਚੁੱਕੀਆਂ ਹਨ ਜਿਨ੍ਹਾਂ ਰਾਹੀਂ ਕਿਸੇ ਹੋਰ ਭਾਸ਼ਾ ਵਿੱਚ ਲਿਖਿਆ ਬੋਰਡ ਤੁਹਾਨੂੰ ਉਸ ਭਾਸ਼ਾ ਵਿੱਚ ਲਿਖਿਆ ਦਿਖਾਈ ਦੇਵੇਗਾ ਜੋ ਤੁਸੀਂ ਪੜ੍ਹ ਸਕਦੇ ਹੋਵੋ। ਇਸ ਤੋਂ ਵੀ ਵੱਧ ਹੈਰਾਨੀ ਵਾਲੀ ਗੱਲ ਇਹ ਲੱਗੀ ਕਿ ਤੁਹਾਡੇ ਨਾਲ ਹੋਰ ਭਾਸ਼ਾ ਵਿੱਚ ਗੱਲ ਕਰ ਰਹੇ ਵਿਅਕਤੀ ਦੀ ਗੱਲ ਤੁਹਾਡੇ ਕੰਨਾਂ ਤੀਕ ਤੁਹਾਡੀ ਆਪਣੀ ਭਾਸ਼ਾ ਵਿੱਚ ਸੁਣਾਈ ਦੇਵੇਗੀ। ਸੋ ਇਸ ਬਾਰੇ ਹੋਰ ਪੜਤਾਲ ਕਰਨ ਦਾ ਫੈਸਲਾ ਕੀਤਾ ਗਿਆ। ਜਦ ਇਸ ਬਾਰੇ ਹੋਰ ਜਾਣਕਾਰੀ ਇਕੱਠੀ ਕੀਤੀ ਗਈ ਤਾਂ ਸਪਸ਼ਟ ਹੋਇਆ ਕਿ ਹਾਂ ਜੀ, ਇਹੋ ਜਿਹੀਆਂ ਐਨਕਾਂ ਸਚਮੁੱਚ ਬਣ ਚੁੱਕੀਆਂ ਹਨ। ਬੂਟਾ ਸਿੰਘ ਵਾਕਫ਼ ਹੋਰਾਂ ਦਾ ਇਹ ਲੇਖ ਇਨ੍ਹਾਂ ਐਨਕਾਂ ਬਾਰੇ ਤਕਨੀਕੀ ਜਾਣਕਾਰੀ ਦਿੰਦਾ ਹੈ।***

ਏ.ਆਈ. (Artificial Intelligence) ਭਾਵ ਮਸਨੂਈ ਬੁੱਧੀ ਦਾ ਬੋਲਬਾਲਾ ਦਿਨ-ਬ-ਦਿਨ ਵਧ ਰਿਹਾ ਹੈ ਜਿਸ ਨੇ ਮਨੁੱਖੀ ਕਿਰਿਆਵਾਂ ਨੂੰ ਬੇਹੱਦ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਸ਼ੁਰੂ ਵਿਚ ਏ. ਆਈ. ਤਕਨੀਕ ਦੀ ਵਰਤੋਂ ਕੇਵਲ ਤਸਵੀਰਾਂ ਬਣਾਉਣ, ਈਮੋਜੀ ਤਿਆਰ ਕਰਨ, ਕੁਝ ਵਾਕਾਂ ਤੋਂ ਲੈ ਕੇ ਪੂਰੇ ਲੇਖ ਲਿਖਣ, ਅਨੁਵਾਦ ਕਰਨ ਅਤੇ ਜੀਵਨ ਦੇ ਹੋਰਨਾਂ ਖੇਤਰਾਂ ਦੇ ਵਿਸ਼ਿਆਂ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਹੀ ਕੀਤੀ ਜਾ ਰਹੀ ਸੀ। ਫਿਰ ਏ. ਆਈ. ਅਧਾਰਤ ਰੋਬੋਟ ਨੇ ਤਾਂ ਮਨੁੱਖੀ ਕਾਰਜਾਂ ਨੂੰ ਨੇਪਰੇ ਚਾੜ੍ਹਣ ਵਿਚ ਕ੍ਰਾਂਤੀ ਲੈ ਆਂਦੀ।

ਮੋਬਾਈਲ ਫੋਨ, ਕੰਪਿਊਟਰ ਤੋਂ ਹੁੰਦੀ ਹੋਈ ਏ.ਆਈ. ਤਕਨੀਕ ਅੱਜ ਐਨਕਾਂ ਤੱਕ ਪਹੁੰਚ ਚੁੱਕੀ ਹੈ। ਇਹ ਐਨਕਾਂ ਨਜ਼ਰ ਵਾਲੀਆਂ ਹੋਣ, ਧੁੱਪ 'ਚ ਲਗਾਈਆਂ ਜਾਣ ਵਾਲੀਆਂ ਹੋਣ ਜਾਂ ਫਿਰ ਸ਼ੌਂਕ ਨਾਲ ਲਗਾਈਆਂ ਜਾਣ ਵਾਲੀਆਂ ਹੋਣ, ਹੁਣ ਇਹ ਏ. ਆਈ. ਤਕਨੀਕ ਨਾਲ ਲੈਸ ਮਿਲਣਗੀਆਂ।

**ਕੀ ਹਨ ਏ. ਆਈ. ਅਧਾਰਿਤ ਐਨਕਾਂ ?**

ਏ. ਆਈ. ਤਕਨੀਕ ਅਸਲ ਵਿਚ ਆਧੁਨਿਕ ਤਕਨੀਕਾਂ ਦਾ ਇੱਕ ਸਮੂਹ ਹੈ ਜਿਹੜਾ ਕੰਪਿਊਟਰ ਨੂੰ ਬਹੁਤ ਸਾਰੇ ਉੱਨਤ ਕਾਰਜ ਕਰਨ ਲਈ ਯੋਗ ਬਣਾਉਂਦਾ ਹੈ ਜਿਸ ਵਿਚ ਵੇਖਣ ਅਤੇ ਸਮਝਣ ਦੀ ਯੋਗਤਾ, ਬੋਲੀ ਜਾਣ ਵਾਲੀ ਅਤੇ ਲਿਖੀ ਹੋਈ ਭਾਸ਼ਾ ਦਾ ਅਨੁਵਾਦ ਕਰਨ, ਡਾਟੇ ਦਾ ਵਿਸ਼ਲੇਸ਼ਣ ਕਰਨ ਅਤੇ ਸੁਝਾਅ ਦੇਣ ਸਮੇਤ ਅਨੇਕਾਂ ਹੋਰ ਕਾਰਜ ਸ਼ਾਮਲ ਹਨ। ਏ. ਆਈ. ਐਨਕ, ਪ੍ਰੰਪਰਿਕ ਐਨਕਾਂ ਵਿਚ ਏ. ਆਈ. ਤਕਨੀਕ ਦੀ ਵਰਤੋਂ ਕਰਕੇ ਤਿਆਰ ਕੀਤੀ ਗਈ ਹੈ। ਇਹ ਤਕਨੀਕ ਦੇਖਣ ਅਤੇ ਅਨੁਭਵ ਕਰਨ ਦੀ ਦੁਨੀਆਂ ਵਿਚ ਵੱਡੀ ਕ੍ਰਾਂਤੀ ਲੈ ਆਈ ਹੈ। ਏ. ਆਈ. ਐਨਕ ਸੈਂਸਰ, ਕੈਮਰਾ, ਮਾਈਕ੍ਰੋਫੋਨ ਅਤੇ ਡਿਸਪਲੇ ਵਰਗੀਆਂ ਖੂਬੀਆਂ ਨਾਲ ਲੈਸ ਹੁੰਦੀ ਹੈ। ਆਕਾਰ ਅਤੇ ਵਜ਼ਨ ਵਿਚ ਇਹ ਐਨਕ ਵੀ ਸਧਾਰਨ ਐਨਕ ਵਰਗੀ ਹੀ ਹੁੰਦੀ ਹੈ ਪਰ ਇਨ੍ਹਾਂ ਦੀ ਕੀਮਤ ਸਧਾਰਨ ਐਨਕਾਂ ਦੇ ਮੁਕਾਬਲੇ ਕਈ ਗੁਣਾ ਜ਼ਿਆਦਾ ਹੁੰਦੀ ਹੈ।

**ਕਿਵੇਂ ਕੰਮ ਕਰਦੀਆਂ ਹਨ ਏ. ਆਈ. ਐਨਕਾਂ ?**

ਏ. ਆਈ. ਐਨਕ ਹਾਰਡਵੇਅਰ ਅਤੇ ਸਾਫ਼ਟਵੇਅਰ ਦੇ ਸੁਮੇਲ ਨਾਲ ਕੰਮ ਕਰਦੀ ਹੈ। ਐਨਕ ਵਿਚ ਲੱਗੇ ਸੈਂਸਰ, ਕੈਮਰਾ ਅਤੇ ਮਾਈਕ੍ਰੋਫੋਨ, ਜਿਸ ਵਸਤੂ ਤੇ ਸਾਡੀ ਨਿਗਾਹ ਕੇਂਦਰਤ ਹੁੰਦੀ ਹੈ, ਉਸ ਸਬੰਧੀ ਲੋੜੀਂਦਾ ਡਾਟਾ ਇੱਕਤਰ ਕਰਦੇ ਹਨ। ਇਸ ਡਾਟੇ ਵਿਚ ਵਸਤੂ ਦੀ ਪਹਿਚਾਣ ਕਰਨਾ, ਕਿਸੇ ਵੀ ਭਾਸ਼ਾ ਦੀ ਟੈਕਸਟ ਦਾ ਐਨਕ ਪਹਿਨਣ ਵਾਲੇ ਦੀ ਭਾਸ਼ਾ ਵਿਚ ਅਨੁਵਾਦ ਕਰਨਾ ਜਾਂ ਐਨਕ ਦੀ ਵਰਤੋਂ ਕਰਨ ਵਾਲੇ ਵਿਅਕਤੀ ਦੇ ਆਦੇਸ਼ਾਂ ਦਾ ਪਾਲਣ ਕਰਨਾ ਆਦਿ ਸ਼ਾਮਲ ਹੁੰਦਾ ਹੈ। ਫਿਰ ਇਸ ਡਾਟੇ ਨੂੰ ਐਨਕ ਵਿਚਲਾ ਸਾਫ਼ਟਵੇਅਰ ਪ੍ਰੋਸੈੱਸ ਕਰਦਾ ਹੈ। ਇਸ ਉਪਰੰਤ ਪ੍ਰੋਸੈੱਸ ਕੀਤੀ ਜਾਣਕਾਰੀ ਦੇ ਨਤੀਜਿਆਂ ਨੂੰ ਆਉਟਪੁੱਟ ਭਾਵ ਸਕਰੀਨ ਉੱਤੇ ਭੇਜਿਆ ਜਾਂਦਾ ਹੈ। ਇਥੇ ਐਨਕ ਦੇ ਸ਼ੀਸ਼ੇ ਹੀ ਵਰਚੁਅਲ ਸਕਰੀਨ ਦਾ ਕੰਮ ਕਰਦੇ ਹਨ। ਇਸਦੇ ਨਾਲ ਹੀ ਇਸ ਜਾਣਕਾਰੀ ਨੂੰ ਆਵਾਜ਼ ਰਾਹੀਂ ਐਨਕ ਵਰਤੋਂ ਕਰਨ ਵਾਲੇ ਨੂੰ ਸੁਣਾਇਆ ਜਾਂਦਾ ਹੈ। ਏ. ਆਈ. ਅਧਾਰਿਤ ਐਨਕ ਏਨੀ ਕੁ ਸੰਵੇਦਨਸ਼ੀਲ ਹੁੰਦੀ ਹੈ ਕਿ ਇਹ ਵਰਤੋਂਕਾਰ ਦੇ ਇਸ਼ਾਰਿਆਂ ਨੂੰ ਸਮਝਣ ਦੇ ਸਮਰੱਥ ਵੀ ਹੁੰਦੀ ਹੈ।

**ਏ. ਆਈ. ਐਨਕਾਂ ਦੀਆਂ ਵਿਸ਼ੇਸ਼ਤਾਵਾਂ :**

ਇਹ ਐਨਕਾਂ ਵਰਤੋਂਕਾਰ ਨਾਲ ਕਿਸੇ ਵੀ ਭਾਸ਼ਾ ਵਿਚ ਗੱਲ ਕਰਨ ਵਾਲੇ ਵਿਅਕਤੀ ਦੀ ਭਾਸ਼ਾ ਦਾ ਅਨੁਵਾਦ ਕਰਨ ਦੇ ਸਮਰੱਥ ਹੁੰਦੀਆਂ ਹਨ। ਉਦਾਹਰਨ ਦੇ ਤੌਰ ਤੇ ਮੈਂ ਜਾਪਾਨੀ ਭਾਸ਼ਾ ਬੋਲਣ ਵਾਲੇ ਕਿਸੇ ਵਿਅਕਤੀ ਨਾਲ ਗੱਲ ਕਰ ਰਿਹਾ ਹਾਂ ਜਿਸ ਨੂੰ ਪੰਜਾਬੀ ਭਾਸ਼ਾ ਨਹੀਂ ਆਉਂਦੀ ਅਤੇ ਮੈਨੂੰ ਜਾਪਾਨੀ ਭਾਸ਼ਾ ਨਹੀਂ ਆਉਂਦੀ। ਇਸ ਸਥਿਤੀ ਵਿਚ ਜੇਕਰ ਦੋਵਾਂ ਦੇ ਏ. ਆਈ. ਐਨਕਾਂ ਪਹਿਨੀਆਂ ਹੋਈਆਂ ਹੋਣਗੀਆਂ ਤਾਂ ਅਸੀਂ ਭਾਸ਼ਾ ਅਨੁਵਾਦ ਦੇ ਮਦਦ ਨਾਲ ਇਕ ਦੂਜੇ ਦੀ ਗੱਲ ਨੂੰ ਸਮਝਣ ਦੇ ਸਮਰੱਥ ਹੋਵਾਂਗੇ। ਇਸ ਤਰ੍ਹਾਂ ਸਾਨੂੰ ਕਿਸੇ ਤੀਸਰੇ ਭਾਸ਼ਾ ਅਨੁਵਾਦਕ ਵਿਅਕਤੀ ਤੇ ਨਿਰਭਰ ਨਹੀਂ ਹੋਣਾ ਪਵੇਗਾ। ਏ. ਆਈ. ਐਨਕਾਂ ਦੀ ਇਹ ਵੀ ਖਾਸੀਅਤ ਹੈ ਕਿ ਅਨੁਵਾਦ ਹੋਈ ਭਾਸ਼ਾ ਸਾਨੂੰ ਵਿਖਾਈ ਵੀ ਦੇਵੇਗੀ। ਇਸ ਨੂੰ ਅਸੀਂ ਆਸਾਨੀ ਨਾਲ ਪੜ੍ਹ ਵੀ ਸਕਾਂਗੇ। ਕਈ ਐਨਕਾਂ ਦੁਨੀਆਂ ਭਰ ਦੀਆਂ 40 ਭਾਸ਼ਾਵਾਂ ਤੱਕ ਸਪੋਰਟ ਕਰਦੀਆਂ ਹਨ। ਸਿਰਫ਼ ਐਨਕ ਦੀ ਵਰਤੋਂ ਕਰਨ ਵਾਲਾ ਹੀ ਭਾਸ਼ਾ ਨੂੰ ਪੜ੍ਹ ਸਕਦਾ ਹੈ। ਇੱਥੋਂ ਤੱਕ ਕਿ ਕੋਲ ਖੜੇ ਵਿਅਕਤੀ ਵੀ ਭਾਸ਼ਾ ਨੂੰ ਨਹੀਂ ਪੜ੍ਹ ਸਕਦੇ। ਏ. ਆਈ. ਐਨਕਾਂ ਵਸਤੂਆਂ ਦੀ ਸਹੀ ਪਹਿਚਾਣ ਕਰਨ ਵਿਚ ਸਾਡੀ ਸਹਾਇਤਾ ਕਰਦੀਆਂ ਹਨ। ਇਹ ਐਨਕਾਂ ਵਾਇਸ ਅਸਿਸਟੈਂਟ (voice assistant) ਨਾਲ ਲੈਸ ਹੁੰਦੀਆਂ ਹਨ ਜਿਹੜੀਆਂ ਸਾਡੀ ਆਵਾਜ਼ ਅਨੁਸਾਰ ਕੰਮ ਕਰਦੀਆਂ ਹਨ। ਕਈ ਏ. ਆਈ. ਐਨਕਾਂ ਬਿਲਿਟ ਇੰਨ ਕੈਮਰਿਆਂ (built in camera) ਸਮੇਤ ਵੀ ਆਉਂਦੀਆਂ ਹਨ ਜਿਸ ਨਾਲ ਵਰਤੋਂਕਾਰ ਸਿੱਧੇ ਆਪਣੀ ਐਨਕ ਰਾਹੀਂ ਫੋਟੋ ਖਿੱਚ ਸਕਦਾ ਹੈ, ਵੀਡਿਓ ਰਿਕਾਰਡ ਕਰ ਸਕਦਾ ਹੈ। ਇਹ ਸਾਰੇ ਕਾਰਜ ਆਵਾਜ਼ ਅਧਾਰਤ ਹੁਕਮਾਂ (voice command) ਰਾਹੀਂ ਸੰਭਵ ਹਨ ਜਿਸ ਕਾਰਨ ਕਿਸੇ ਵੀ ਘਟਨਾ ਜਾਂ ਦ੍ਰਿਸ਼ ਆਦਿ ਨੂੰ ਬਿਨ੍ਹਾਂ ਦੇਰੀ ਕੈਪਚਰ ਕੀਤਾ ਜਾ ਸਕਦਾ ਹੈ। ਏ. ਆਈ. ਐਨਕਾਂ ਆਡੀਓ ਪਲੇਅਰ (audio player) ਦੇ ਤੌਰ ਤੇ ਵੀ ਕੰਮ ਕਰਦੀਆਂ ਹਨ। ਅਜਿਹੀਆਂ ਐਨਕਾਂ ਆਵਾਜ਼ ਰਿਕਾਰਡ ਕਰ ਸਕਦੀਆਂ ਹਨ। ਕਿਸੇ ਵੀ ਟੈਕਸਟ ਨੂੰ ਸਪੀਚ ਵਿਚ ਬਦਲ ਕੇ ਵਰਤੋਂਕਾਰ ਨੂੰ ਸੁਣਾ ਸਕਦੀਆਂ ਹਨ। ਦ੍ਰਿਸ਼ਟੀਹੀਣ ਲੋਕਾਂ ਲਈ ਵੀ ਇਹ ਐਨਕਾਂ ਆਸਪਾਸ ਦੇ ਵਾਤਾਵਰਣ/ਮਾਹੌਲ ਸਬੰਧੀ ਆਵਾਜ਼ ਰਾਹੀਂ ਜਾਣਕਾਰੀ ਦੇਣ ਅਤੇ ਉਨ੍ਹਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਤੇ ਲੈ ਜਾਣ ਵਿਚ ਮਦਦ ਕਰਦੀਆਂ ਹਨ।

ਏ. ਆਈ. ਐਨਕਾਂ ਦੀ ਕੀਮਤ ਮਾਡਲ ਦੇ ਹਿਸਾਬ ਨਾਲ ਘੱਟੋ-ਘੱਟ 400 ਡਾਲਰ ਜਾਂ ਇਸ ਤੋਂ ਵਧੇਰੇ ਹੋ ਸਕਦੀ ਹੈ। ਮਾਡਲ ਅਨੁਸਾਰ ਕੈਮਰੇ ਦੀ ਕੁਆਲਟੀ 13 ਤੋਂ 16 ਮੈਗਾ ਪਿਕਸਲ ਤੱਕ ਹੋ ਸਕਦੀ ਹੈ। ਬਿਲਿਟ ਇਨ ਬੈਟਰੀ ਦੀ ਲਾਈਫ 10 ਤੋਂ 14 ਘੰਟੇ ਤੱਕ ਹੋ ਸਕਦੀ ਹੈ। ਇਹ ਬੈਟਰੀ ਬੇਹੱਦ ਪਤਲੀ (ultrathin) ਅਤੇ ਹਲਕੀ (light weight) ਹੁੰਦੀ ਹੈ।

**ਏ. ਆਈ. ਐਨਕਾਂ ਦਾ ਨਿਰਮਾਣ :**

ਏ. ਆਈ. ਅਧਾਰਤ ਐਨਕਾਂ ਦਾ ਨਿਰਮਾਣ ਸਭ ਤੋਂ ਪਹਿਲਾਂ ਗੂਗਲ ਨੇ ਸਾਲ 2013 ਵਿਚ ਕੀਤਾ ਸੀ। ਅਜਿਹੀਆਂ ਐਨਕਾਂ ਦੀ ਕੀਮਤ ਬਹੁਤ ਜ਼ਿਆਦਾ ਸੀ। ਇਨ੍ਹਾਂ ਵਿਚ ਪ੍ਰਾਈਵੇਸੀ ਦੀ ਸਭ ਤੋਂ ਵੱਡੀ ਸਮੱਸਿਆ ਸੀ। ਇਕੱਤਰ ਕੀਤਾ ਡਾਟਾ ਲੀਕ ਹੋਣ ਦੀ ਸੰਭਾਵਨਾ ਵਧੇਰੇ ਸੀ। ਐਨਕ ਦੀ ਵਰਤੋਂ ਕਰਨ ਵਿਚ ਤਕਨੀਕੀ ਸਮੱਸਿਆਵਾਂ ਵੀ ਆਉਂਦੀਆਂ ਸਨ। ਇਸ ਕਾਰਣ ਗੂਗਲ ਨੇ ਅਗਲੇ ਹੀ ਕੁਝ ਸਾਲਾਂ ਦੌਰਾਨ ਇਨ੍ਹਾਂ ਦਾ ਉਤਪਾਦਨ ਬੰਦ ਕਰ ਦਿੱਤਾ। ਅੱਜ ਚੀਨ, ਜਾਪਾਨ ਅਤੇ ਦੱਖਣੀ ਕੋਰੀਆ ਸਮੇਤ ਏਸ਼ੀਅਨ ਪੈਸੇਫਿਕ ਖੇਤਰ ਦੇ ਦੇਸ਼ ਏਆਈ ਅਧਾਰਿਤ ਐਨਕਾਂ ਦਾ ਨਿਰਮਾਣ ਵੱਡੇ ਪੱਧਰ 'ਤੇ ਕਰ ਰਹੇ ਹਨ। ਇਸ ਦਾ ਕਾਰਣ ਹੈ ਕਿ ਅਜਿਹੀਆਂ ਐਨਕਾਂ ਦੀ ਮੰਗ ਦਿਨੋਂ-ਦਿਨ ਵਧ ਰਹੀ ਹੈ।

ਇਸ ਪ੍ਰਕਾਰ ਏ. ਆਈ. ਤਕਨੀਕ ਦੀਆਂ ਐਨਕਾਂ, ਐਨਕ ਵਰਤੋਂ ਦੀ ਤਕਨੀਕ ਦੇ ਅਗਲੇਰੇ ਦੌਰ ਦਾ ਪ੍ਰਤੀਨਿਧਤਵ ਕਰਦੀਆਂ ਹਨ। ਇਹ ਵਰਤੋਂਕਾਰ ਨੂੰ ਆਸਪਾਸ ਦੀ ਦੁਨੀਆਂ ਨੂੰ ਸਮਝਣ ਅਤੇ ਉਸ ਨਾਲ ਵਿਚਾਰ ਚਰਚਾ ਕਰਨ ਲਈ ਸਮਾਰਟ ਅਤੇ ਸਹਿਜ ਤਰੀਕੇ ਪ੍ਰਦਾਨ ਕਰਦੀਆਂ ਹਨ। ਜਿਵੇਂ-ਜਿਵੇਂ ਏ. ਆਈ. ਤਕਨੀਕ ਦਾ ਦਿਨ-ਬ-ਦਿਨ ਪਸਾਰਾ ਹੋ ਰਿਹਾ ਹੈ, ਅਸੀਂ ਭਵਿੱਖ ਵਿਚ ਹੋਰ ਵੀ ਬਿਹਤਰ ਏ. ਆਈ. ਐਨਕਾਂ ਦੀ ਉਮੀਦ ਕਰਦੇ ਹਾਂ।

ਮੋ. 98762-24461

**ਇਕਾਈ ਫਗਵਾੜਾ ਨੂੰ ਸਹਾਇਤਾ**

1. ਸ਼੍ਰੀ ਗੁਰਮੀਤ ਰਾਮ ਨੰਗਲ ਵੱਲੋਂ ਆਪਣੇ ਪੋਤਰਿਆਂ ਆਰਵ ਅਤੇ ਆਯੁਸ਼ ਦੇ ਜਨਮ ਦਿਨ ਦੀ ਖੁਸ਼ੀ ਵਿੱਚ 4000 ਰੁਪਏ
2. ਸ਼੍ਰੀ ਸੁਰਿੰਦਰ ਪੱਦੀ ਵੱਲੋਂ ਬੇਟੇ ਡਾ. ਵਿਕਾਸ ਲਾਖਾ ਦੀ ਪੰਜਵੀਂ ਬਰਸੀ 'ਤੇ 1000 ਰੁਪਏ
3. ਸ਼੍ਰੀ ਮਹਿੰਦਰ ਸਿੰਘ ਚਚਰਾੜੀ ਵੱਲੋਂ 500 ਰੁਪਏ

**ਜ਼ੋਨ ਫ਼ਾਜ਼ਲਿਕਾ ਲਈ ਸਹਾਇਤਾ**

1. ਸ਼੍ਰੀ ਸੁਰਿੰਦਰ ਗੰਜੂਆਣਾ 5000 ਰੁਪਏ
2. ਸ਼੍ਰੀ ਓਂਕਾਰ ਨਾਥ 5000 ਰੁਪਏ
3. ਇਕਾਈ ਲਾਧੂਕਾ 5400 ਰੁਪਏ

# ਆਰਟੀਫਿਸ਼ੀਅਲ ਇੰਟੈਲੀਜੈਂਸ ਦਾ ਜੀਵਨ ਦੇ ਵੱਖ-ਵੱਖ ਖੇਤਰਾਂ ਤੇ ਪ੍ਰਭਾਵ

ਡਾ. ਪ੍ਰਭਜੀਤ ਕੌਰ ਸਿੱਧੂ

ਆਰਟੀਫਿਸ਼ੀਅਲ ਇੰਟੈਲੀਜੈਂਸ ਜਿਸ ਨੂੰ ਸੰਖੇਪ ਵਿੱਚ ਏ.ਆਈ. (AI) ਅਤੇ ਪੰਜਾਬੀ ਵਿੱਚ 'ਮਸਨੂਈ ਬੁੱਧੀ' ਕਿਹਾ ਜਾਂਦਾ ਹੈ, ਅੱਜ ਦੇ ਸਮੇਂ ਦਾ ਬਹੁ-ਚਰਚਿਤ ਤੇ ਬਹੁਤ ਵਿਵਾਦਿਤ ਵਿਸ਼ਾ ਹੈ। ਨਵੀਆਂ ਕਾਢਾਂ ਜਿੱਥੇ ਮਨੁੱਖ ਦੇ ਜੀਵਨ ਨੂੰ ਆਸਾਨ ਬਣਾਉਂਦੀਆਂ ਹਨ, ਉਥੇ ਉਨ੍ਹਾਂ ਦੇ ਦੂਰ-ਪ੍ਰਭਾਵ ਵੀ ਹੁੰਦੇ ਹਨ। ਦੋਵਾਂ ਤਰ੍ਹਾਂ ਨਾਲ ਮਨੁੱਖੀ ਜੀਵਨ ਦਾ ਹਰ ਖੇਤਰ ਪ੍ਰਭਾਵਿਤ ਹੁੰਦਾ ਹੈ। ਆਧੁਨਿਕ ਮਸ਼ੀਨੀ ਦੌਰ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਮਦਦ ਨਾਲ ਹਰ ਉਹ ਕੰਮ ਕਰਨਾ ਆਸਾਨ ਹੋ ਗਿਆ ਹੈ ਜਿਹੜਾ ਪਹਿਲਾਂ ਸਿਰਫ਼ ਮਨੁੱਖੀ ਬੁੱਧੀ ਰਾਹੀਂ ਕਰਨਾ ਸੰਭਵ ਸੀ। ਅੱਜ ਏ.ਆਈ. ਦੀ ਵਰਤੋਂ ਮਨੁੱਖੀ ਜੀਵਨ ਦੇ ਰੋਜ਼ਾਨਾ ਦੇ ਕੰਮਾਂ-ਕਾਰਾਂ ਤੋਂ ਸ਼ੁਰੂ ਹੋ ਕੇ ਸਿੱਖਿਆ, ਸਿਹਤ, ਵਪਾਰ, ਮਨੋਰੰਜਨ, ਸੰਚਾਰ ਮਾਧਿਅਮ, ਆਵਾਜਾਈ, ਸੋਸ਼ਲ ਮੀਡੀਆ ਭਾਵ ਹਰ ਜਗ੍ਹਾ ਹੋ ਰਹੀ ਹੈ। ਆਰਟੀਫਿਸ਼ੀਅਲ ਇੰਟੈਲੀਜੈਂਸ ਨੇ ਸਾਡੇ ਰੋਜ਼ਾਨਾ ਦੀ ਜ਼ਿੰਦਗੀ ਨੂੰ ਬਹੁਤ ਤੇਜ਼ੀ ਨਾਲ ਪ੍ਰਭਾਵਿਤ ਕੀਤਾ ਹੈ।

ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਨਾਲ ਸਿੱਖਿਆ ਦੇ ਖੇਤਰ ਵਿੱਚ ਬਹੁਤ ਵੱਡਾ ਬਦਲਾਵ ਆ ਰਿਹਾ ਹੈ। ਇਸ ਦੀ ਮਦਦ ਨਾਲ ਵਿਦਿਆਰਥੀਆਂ ਦੀ ਸਿੱਖਣ ਅਤੇ ਪੜ੍ਹਨ ਦੇ ਢੰਗ ਤਰੀਕੇ ਜਿੱਥੇ ਆਸਾਨ ਹੋ ਗਏ ਹਨ ਉੱਥੇ ਉਨ੍ਹਾਂ ਨੂੰ ਦਰਪੇਸ਼ ਸਮੱਸਿਆਵਾਂ ਦੀ ਨਵਿਰਤੀ ਵੀ ਆਸਾਨੀ ਨਾਲ ਹੋ ਜਾਂਦੀ ਹੈ। ਬਹੁਤ ਸਾਰੇ ਵਿਦਿਆਰਥੀ ਆਪਣੇ ਪਾਠਕ੍ਰਮ ਨੂੰ ਆਸਾਨ ਤਰੀਕੇ ਨਾਲ ਸਮਝਣ ਅਤੇ ਗਿਆਨ ਵਿੱਚ ਵਾਧਾ ਕਰਨ ਲਈ ਇਸ ਦੀ ਵਰਤੋਂ ਕਰਦੇ ਹਨ। ਇਸ ਨਾਲ ਉਨ੍ਹਾਂ ਨੂੰ ਕਿਸੇ ਸਵਾਲ ਦੇ ਹੱਲ ਲਈ ਬਹੁਤ ਸਾਰੀਆਂ ਪੁਸਤਕਾਂ ਜਾਂ ਟਿਊਸ਼ਨ ਟੀਚਰ ਦੀ ਲੋੜ ਨਹੀਂ ਪੈਂਦੀ। ਉਹ ਘਰ ਬੈਠੇ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਮਦਦ ਨਾਲ ਖੁਦ ਉਸਦਾ ਹੱਲ ਤਲਾਸ਼ ਲੈਂਦੇ ਹਨ। ਅਧੁਨਿਕ ਦੌਰ ਵਿੱਚ ਵਿਦਿਆਰਥੀਆਂ ਦੇ ਨਾਲ ਅਧਿਆਪਕ ਵੀ ਪੜ੍ਹਨ ਤੇ ਪੜ੍ਹਾਉਣ ਲਈ ਇਸ ਦੀ ਵਰਤੋਂ ਕਰਦੇ ਹਨ। ਪ੍ਰੰਤੂ ਇਸ ਦਾ ਇੱਕ ਨੁਕਸਾਨ ਇਹ ਹੈ ਕਿ ਉਹ ਬਣੇ ਬਣਾਏ ਵਿਸ਼ੇ ਅਤੇ ਸਵਾਲਾਂ ਦੇ ਜਵਾਬ ਉਤਾਰ ਲੈਂਦੇ ਹਨ, ਜਿਸ ਨਾਲ ਉਨ੍ਹਾਂ ਦੀ ਬੁੱਧੀ ਦਾ ਪੂਰਾ ਵਿਕਾਸ ਨਹੀਂ ਹੋ ਪਾਉਂਦਾ। ਇਸ ਨਾਲ ਨਕਲ ਕਰਨ ਦੀ ਪ੍ਰਵਿਰਤੀ ਨੂੰ ਹੁਲਾਰਾ ਮਿਲਦਾ ਹੈ। ਹਰ ਜਾਣਕਾਰੀ ਆਨਲਾਈਨ ਮੁਹੱਈਆ ਹੋਣ ਕਰਕੇ ਵਿਦਿਆਰਥੀਆਂ ਵਿੱਚ ਕਿਤਾਬਾਂ ਲਿਖਣ ਤੇ ਪੜ੍ਹਨ ਦੀ ਰੁਚੀ ਨਾ-ਮਾਤਰ ਰਹਿ ਗਈ ਹੈ। ਕਿਤਾਬ ਵਿਹੂਣੇ ਵਿਦਿਆਰਥੀ ਅਤੇ ਉਨ੍ਹਾਂ ਦਾ ਆਉਣ ਵਾਲਾ ਭਵਿੱਖ ਸਿੱਖਿਆ ਦੇ ਖੇਤਰ ਲਈ ਵੱਡੀ ਚੁਣੌਤੀ ਤੇ ਵੱਡਾ ਖ਼ਤਰਾ ਸਾਬਤ ਹੋ ਸਕਦਾ ਹੈ।

ਆਰਟੀਫਿਸ਼ੀਅਲ ਇੰਟੈਲੀਜੈਂਸ ਨੇ ਅਧੁਨਿਕ ਸਮੇਂ ਦੇ ਸਿਹਤ ਖੇਤਰ ਵਿੱਚ ਵੀ ਵੱਡੇ ਬਦਲਾਵ ਪੈਦਾ ਕੀਤੇ ਹਨ। ਮਰੀਜ਼ ਨੂੰ ਰੋਗ ਸਬੰਧੀ ਜਾਣਕਾਰੀ, ਦਵਾਈ ਲੈਣ ਅਤੇ ਪਰਹੇਜ਼ ਕਰਨ ਸਬੰਧੀ ਜਾਣਕਾਰੀ ਦੇ ਨਾਲ-ਨਾਲ ਉੱਤਮ ਇਲਾਜ ਬਾਰੇ ਵੀ ਜਾਣਕਾਰੀ ਆਸਾਨੀ ਨਾਲ ਮੁਹੱਈਆ ਹੋ ਜਾਂਦੀ ਹੈ। ਇਸ ਦੀ ਮਦਦ ਦੇ ਨਾਲ ਰੋਗ ਦੇ ਸ਼ੁਰੂਆਤੀ ਲੱਛਣਾਂ ਦੀ ਪਹਿਚਾਣ ਜਲਦੀ ਹੋਣ ਨਾਲ ਸਮੇਂ ਸਿਰ ਸਹੀ ਇਲਾਜ ਦੀ ਸੰਭਾਵਨਾ ਬਣ ਜਾਂਦੀ ਹੈ। ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਵੀ ਇਸਦੀ ਵਰਤੋਂ ਦਵਾਈਆਂ ਨੂੰ ਬਿਹਤਰ ਅਤੇ ਤੇਜੀ ਨਾਲ ਬਣਾਉਣ ਲਈ ਕਰ ਰਹੀਆਂ ਹਨ। ਓਪਰੇਸ਼ਨ ਜਾਂ ਸਰਜਰੀ ਵਿੱਚ ਰੋਬੋਟ ਦੀ ਵਰਤੋਂ ਡਾਕਟਰਾਂ ਲਈ ਵਰਦਾਨ ਸਾਬਿਤ ਹੋ ਰਹੀ ਹੈ।

ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਮਦਦ ਨਾਲ ਬਾਕੀ ਖੇਤਰਾਂ ਵਾਂਗ ਵਪਾਰ ਦੇ ਖੇਤਰ ਵਿੱਚ ਵੀ ਵੱਡੇ ਬਦਲਾਉ ਆ ਰਹੇ ਹਨ। ਇਸ ਨਾਲ ਮਾਰਕੀਟ ਦਾ ਵਿਸ਼ਲੇਸ਼ਣ ਕਰਨਾ ਆਸਾਨ ਹੋ ਗਿਆ ਹੈ। ਇਹ ਡਾਟਾ ਇਕੱਤਰ ਕਰਨ ਤੋਂ ਲੈ ਕੇ ਮਾਰਕੀਟ ਵਿੱਚ ਵਪਾਰ ਦੀਆਂ ਚੰਗੀਆਂ ਮਾੜੀਆਂ ਸੰਭਾਵਨਾਵਾਂ ਨੂੰ ਉਜਾਗਰ ਕਰਨ ਜਾਂ ਜਾਣਕਾਰੀ ਇਕੱਤਰ ਕਰਨ ਵਿੱਚ ਮਦਦ ਕਰਦੀ ਹੈ।

ਆਰਟੀਫਿਸ਼ੀਅਲ ਇੰਟੈਲੀਜੈਂਸ ਨੇ ਮਨੋਰੰਜਨ ਦੀ ਦੁਨੀਆਂ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਇਸ ਨੇ ਨਿਰਮਾਤਾਵਾਂ, ਲੇਖਕਾਂ ਅਤੇ ਕਲਾਕਾਰਾਂ ਦੇ ਕੰਮ ਨੂੰ ਆਸਾਨ ਅਤੇ ਬਿਹਤਰ ਬਣਾ ਦਿੱਤਾ ਹੈ। ਕਿਸੇ ਕਹਾਣੀ ਦੀ ਸਿਰਜਣਾ ਭਾਵ ਸਕ੍ਰਿਪਟ ਲਿਖਣ ਤੋਂ ਲੈ ਕੇ ਉਸਦੇ ਸੰਪਾਦਨ, ਇਸ਼ਤਿਹਾਰਬਾਜ਼ੀ ਅਤੇ ਦਰਸ਼ਕਾਂ ਤੱਕ ਪਹੁੰਚ ਨੂੰ ਵੀ ਆਸਾਨ ਬਣਾ ਦਿੱਤਾ ਹੈ। ਜਿਸ ਨਾਲ ਲਾਗਤ ਘਟ ਜਾਂਦੀ ਹੈ ਅਤੇ ਦਰਸ਼ਕਾਂ ਦੀ ਸ਼ਮੂਲੀਅਤ ਵੱਧ ਜਾਂਦੀ ਹੈ। ਇਸ ਤੋਂ ਇਲਾਵਾ ਦਰਸ਼ਕਾਂ ਦੇ ਰੁਝਾਨਾਂ ਦਾ ਅਗਾਂਊ ਵਿਸ਼ਲੇਸ਼ਣ ਕਰਕੇ ਵਿਸ਼ੇ ਨੂੰ ਹੋਰ ਰਚਨਾਤਮਕ ਤੇ ਦਿਲਚਸਪ ਬਣਾਉਣ ਦੇ ਨਾਲ-ਨਾਲ ਲੋੜੀਂਦੇ ਸੁਧਾਰ ਕਰਨ ਵਿੱਚ ਵੀ ਮਦਦ ਮਿਲਦੀ ਹੈ।

ਸੰਚਾਰ ਮਾਧਿਅਮ ਦੀ ਗੱਲ ਕਰੀਏ ਤਾਂ ਆਰਟੀਫਿਸ਼ੀਅਲ ਇੰਟੈਲੀਜੈਂਸ ਨੇ ਸੰਚਾਰ ਦੀ ਰਫ਼ਤਾਰ ਹੋਰ ਤੇਜ਼ ਅਤੇ ਮਹੱਤਵਪੂਰਨ ਬਣਾ ਦਿੱਤੀ ਹੈ। ਇਸ ਨੇ ਮਨੁੱਖ ਨੂੰ

*ਬਾਕੀ ਸਫ਼ਾ 27 'ਤੇ*

ਸੰਘਰਸ਼ ਤੋਂ ਸਫਲਤਾ ਤੱਕ

## ਵਿਗਿਆਨ ਵਿੱਚ ਪੀਐੱਚ.ਡੀ. ਕਰਨ ਵਾਲੀ ਭਾਰਤ ਦੀ ਪਹਿਲੀ ਔਰਤ : ਡਾ.ਕਮਲਾ ਸੋਹਾਨੀ

ਅਸੀਂ ਅਕਸਰ ਸੋਚਦੇ ਹਾਂ ਕਿ ਵੱਡੇ ਵਿਦਵਾਨ ਤੇ ਵਿਗਿਆਨੀ ਸਿਰਫ਼ ਕਿਤਾਬਾਂ ਵਿੱਚ ਜਾਂ ਹੋਰ ਦੇਸ਼ਾਂ ਦੇ ਵਿੱਚ ਹੀ ਮਿਲਦੇ ਹਨ। ਪਰ ਭਾਰਤ ਵਿੱਚ ਵੀ ਕੁਝ ਅਜਿਹੀਆਂ ਸਖ਼ਸ਼ੀਅਤਾਂ ਹਨ ਜਿਨ੍ਹਾਂ ਨੇ ਸਾਰੀ ਦੁਨੀਆ ਅੱਗੇ ਆਪਣੇ ਗਿਆਨ ਅਤੇ ਸੰਘਰਸ਼ ਨਾਲ ਸਿਰਫ਼ ਦੇਸ਼ ਦਾ ਨਾਮ ਹੀ ਰੌਸ਼ਨ ਨਹੀਂ ਕੀਤਾ ਬਲਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਸਫਲਤਾ ਦੇ ਉਹ ਦਰਵਾਜੇ ਖੋਲ੍ਹੇ ਜਿਨ੍ਹਾਂ ਉਪਰ ਸਮਾਜ ਦੀ ਮਰਦ ਪ੍ਰਧਾਨ ਸੋਚ ਨੇ ਵੱਡੇ ਵੱਡੇ ਤਾਲੇ ਲਗਾਏ ਹੋਏ ਸਨ। ਇਨ੍ਹਾਂ ਵਿੱਚੋਂ ਇੱਕ ਸੀ ਡਾ. ਕਮਲਾ ਸੋਹਾਨੀ – ਭਾਰਤ ਦੀ ਪਹਿਲੀ ਮਹਿਲਾ ਪੀਐਚ.ਡੀ. ਹਾਸਲ ਕਰਨ ਵਾਲੀ ਵਿਗਿਆਨਕ ਜਿਸਨੇ ਅਜਿਹੀਆਂ ਸੋਚਾਂ ਦੇ ਪਿੰਜਰੇ ਤੋੜ ਕੇ ਸਾਇੰਸ ਦੇ ਖੇਤਰ ਵਿੱਚ ਉਚੀਆਂ ਉਡਾਰੀਆਂ ਲਗਾਈਆਂ।



ਡਾ. ਕਮਲਾ ਸੋਹਾਨੀ ਦੀ ਕਹਾਣੀ ਸਾਨੂੰ ਦਿਖਾਉਂਦੀ ਹੈ ਕਿ 'ਜਿੱਥੇ ਚਾਹ ਹੁੰਦੀ ਹੈ, ਓਥੇ ਰਾਹ ਵੀ ਬਣ ਜਾਂਦਾ ਹੈ।' ਬੱਸ ਜਰੂਰਤ ਹੁੰਦੀ ਹੈ ਆਪਣੀ ਕਾਬਲੀਅਤ ਨੂੰ ਪਹਿਚਾਨਣ ਦੀ। ਡਾ. ਕਮਲਾ ਸੋਹਾਨੀ 20ਵੀਂ ਸਦੀ ਦੀ ਸ਼ੁਰੂਆਤ ਵਿੱਚ ਜਨਮੀ ਸੀ। ਉਸ ਸਮੇਂ ਲੋਕ ਕਹਿੰਦੇ ਸਨ ਕਿ "ਕੁੜੀਆਂ ਦਾ ਕੀ ਕੰਮ ਪੜ੍ਹਾਈ ਵਿੱਚ? ਪਰ ਕਮਲਾ ਜੀ ਨੇ ਇਹ ਸਾਬਿਤ ਕਰ ਦਿੱਤਾ ਕਿ ਵਿਦਿਆ 'ਔਰਤ' ਜਾਂ 'ਮਰਦ' ਦੀ ਵਿਅਕਤੀਗਤ ਜਾਇਦਾਦ ਨਹੀਂ ਹੁੰਦੀ – ਇਹ ਹਰ ਕਿਸੇ ਦਾ ਅਧਿਕਾਰ ਹੈ। 18 ਜੂਨ 1911 ਨੂੰ ਇੰਦੌਰ ਵਿੱਚ ਜਨਮੀ ਕਮਲਾ ਇੱਕ ਵਿਗਿਆਨੀ ਪਰਿਵਾਰ ਦੀ ਬੇਟੀ ਸੀ, ਜਿਥੇ ਉਸਦੇ ਪਿਤਾ ਨਾਰਾਇਣਰਾਓ ਅਤੇ ਚਾਚਾ ਮਾਧਵਰਾਓ ਰਸਾਇਣ ਵਿਗਿਆਨੀ ਸਨ – IISc ਬੈਂਗਲੋਰ ਤੋਂ ਪੜ੍ਹੇ ਹੋਏ ਸਨ। ਬਚਪਨ ਤੋਂ ਹੀ ਬਹੁਤ ਤੇਜ਼ ਦਿਮਾਗ ਹੋਣ ਕਾਰਨ ਉਸ ਨੇ ਸਕੂਲ ਵਿਚ ਸ਼ਾਨਦਾਰ ਨੰਬਰ ਲਏ। 1933 ਵਿੱਚ ਬੰਬਈ ਯੂਨੀਵਰਸਿਟੀ ਤੋਂ ਓਹਨਾਂ ਨੇ ਬੀ.ਐਸਸੀ. ਅਤੇ ਐਮ.ਐਸਸੀ. ਰਸਾਇਣ ਵਿਗਿਆਨ (Chemistry) ਵਿੱਚ ਕੀਤੀ।

ਉਸ ਵੇਲੇ ਮਹਿਲਾਵਾਂ ਲਈ ਉੱਚ ਤਾਲੀਮ ਲੈਣਾ ਬਹੁਤ ਮੁਸ਼ਕਿਲ ਸੀ – ਕਾਲਜਾਂ ਵਿੱਚ ਮਹਿਲਾ ਵਿਦਿਆਰਥੀਆਂ ਦੀ ਗਿਣਤੀ ਹੱਥ ਦੀਆਂ ਉਂਗਲੀਆਂ 'ਤੇ ਗਿਣੀ ਜਾ ਸਕਦੀ ਸੀ। ਇਹ ਉਹ ਸਮਾਂ ਸੀ ਜਦੋਂ ਇਹ ਧਾਰਨਾ ਆਮ ਪ੍ਰਚਲਤ ਸੀ ਕਿ 'ਕੁੜੀਆਂ ਵਿਗਿਆਨ ਨਹੀਂ ਪੜ੍ਹ ਸਕਦੀਆਂ' ਵਿਗਿਆਨ ਦੇ ਰਸਤੇ ਕੁੜੀਆਂ ਲਈ ਖੁੱਲ੍ਹੇ ਨਹੀਂ ਸਨ। ਅਜਿਹੇ ਸਮੇਂ ਵਿੱਚ ਕਮਲਾ ਨੇ IISc (ਇੰਡੀਅਨ ਇੰਸਟੀਚਿਊਟ ਆਫ਼ ਸਾਇੰਸਜ਼) ਵਿੱਚ ਫੈਲੋਸ਼ਿਪ ਲਈ ਅਰਜ਼ੀ ਦਿੱਤੀ। ਪਰ ਆਪਣੀ ਪੜ੍ਹਾਈ ਵਿੱਚ ਸਰਵਉੱਚ ਸਥਾਨ ਹਾਸਲ ਕਰਨ ਦੇ ਬਾਵਜੂਦ ਉਨ੍ਹਾਂ ਦੀ ਅਰਜੀ ਠੁਕਰਾ ਦਿੱਤੀ ਗਈ, ਸਿਰਫ ਇਸ ਕਰਕੇ ਕਿ ਉਹ ਇੱਕ ਲੜਕੀ ਸੀ। ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਇਹ ਫੈਸਲਾ ਕਿਸੇ ਹੋਰ ਨੇ ਨਹੀਂ ਬਲਕਿ ਉਸ ਵੇਲੇ ਦੇ ਪ੍ਰਸਿੱਧ ਵਿਗਿਆਨੀ, ਨੋਬਲ ਪੁਰਸਕਾਰ ਵਿਜੇਤਾ ਸਰ ਸੀ.ਵੀ. ਰਮਨ ਦੁਆਰਾ ਲਿਆ ਗਿਆ। ਸੀ.ਵੀ. ਰਮਨ ਨੇ ਕਿਹਾ, not for girls, ਮੇਰੀ ਇੰਸਟੀਚਿਊਟ ਵਿੱਚ ਔਰਤਾਂ ਲਈ ਜਗ੍ਹਾ ਨਹੀਂ ਹੈ" ਅਤੇ ਉਸਦੀ ਅਰਜ਼ੀ ਅਸਵੀਕਾਰ ਕਰ ਦਿੱਤੀ।

ਪਰ ਕਮਲਾ ਨੇ ਹਾਰ ਨਹੀਂ ਮੰਨੀ। ਉਸਨੇ ਕਿਹਾ, ਮੈਂ ਆਪਣੀ ਮੰਜਿਲ ਤੱਕ ਪਹੁੰਚਣ ਲਈ ਕਿਸੇ ਵੀ ਰੁਕਾਵਟ ਨੂੰ ਨਹੀਂ ਮਨੂੰਗੀ।" ਉਸਨੇ ਆਪਣੀ ਮਾਂ ਨਾਲ ਮਿਲ ਕੇ IISc ਦੇ ਦਰਵਾਜ਼ੇ 'ਤੇ ਸਤਿਆਗ੍ਰਿਹ ਕੀਤਾ ਅਤੇ ਆਖਿਰਕਾਰ ਉਸ ਨੂੰ ਆਰਜ਼ੀ ਤੌਰ 'ਤੇ ਦਾਖਲਾ ਮਿਲਿਆ, ਉਹ ਵੀ ਸ਼ਰਤਾਂ 'ਤੇ ਕਿ ਉਹ ਸਿਰਫ ਰਾਤ ਨੂੰ ਹੀ ਇੱਕ ਸਾਲ ਦੇ ਲਈ ਕੰਮ ਕਰ ਸਕਣਗੇ, ਹੋਰ ਵਿਦਿਆਰਥੀਆਂ ਦਾ ਧਿਆਨ ਭੰਗ ਨਹੀਂ ਕਰਨਗੇ ਅਤੇ ਕਿਸੇ ਵੀ ਤਰ੍ਹਾਂ ਦੇ ਲੈਬ ਦੇ ਕੰਮ ਦੇ ਵਿੱਚ ਰੁਕਾਵਟ ਨਹੀਂ ਪੈਦਾ ਕਰਨਗੇ। ਜੇ ਇਸ ਤੋਂ ਬਾਅਦ ਉਨ੍ਹਾਂ ਦਾ ਕੰਮ ਤਸੱਲੀਬਖ਼ਸ਼ ਲਗੇਗਾ ਤਾਂ ਹੀ ਉਨ੍ਹਾਂ ਦਾ ਦਾਖਲਾ ਅੱਗੇ ਮਨਜ਼ੂਰ ਕੀਤਾ ਜਾਵੇਗਾ।

ਪਰ ਕਮਲਾ ਨੇ ਹਾਰ ਨਹੀਂ ਮੰਨੀ ਅਤੇ ਇਨ੍ਹਾਂ ਚੁਣੌਤੀਆਂ ਨੂੰ ਹੱਸਦੇ ਹੋਏ ਪ੍ਰਵਾਨ ਕਰਕੇ ਆਪਣੀ ਪੜ੍ਹਾਈ ਜਾਰੀ ਰੱਖੀ। ਉਨ੍ਹਾਂ ਦੇ ਇਸ ਸੰਘਰਸ਼ ਦੇ ਵਿੱਚ ਉਸ ਸਮੇਂ ਉਨ੍ਹਾਂ ਦੇ ਮਾਰਗ ਦਰਸ਼ਕ ਦੇ ਰੂਪ ਵਿੱਚ ਡਾਕਟਰ ਐਮ ਸ੍ਰੀਨਿਵਾਸਿਆ ਨੇ ਪੂਰਾ ਸਾਥ ਦਿੰਦੇ ਹੋਏ ਕਿਹਾ ਕਿ "ਸਾਇੰਸ ਨੂੰ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਲੜਕਾ ਹੋ ਜਾਂ ਲੜਕੀ,

ਬੱਸ ਫਰਕ ਪੈਂਦਾ ਹੈ ਤਾਂ ਤੁਹਾਡੇ ਨਤੀਜਿਆਂ ਦੀ ਸਟੀਕਤਾ ਤੋਂ।" ਉਨ੍ਹਾਂ ਦੀ ਮਿਹਨਤ ਅਤੇ ਲਗਨ ਨੇ ਡਾਕਟਰ ਸੀ.ਵੀ. ਰਮਨ ਨੂੰ ਫਿਰ ਤੋਂ ਆਪਣੀ ਫੈਸਲੇ ਪ੍ਰਤੀ ਸੋਚਣ ਲਈ ਮਜਬੂਰ ਕਰ ਦਿੱਤਾ ਅਤੇ ਅਗਲੇ ਸਾਲ ਤੋਂ ਹੀ ਉਨ੍ਹਾਂ ਨੇ ਆਪਣੀ ਇੰਸਟੀਚਿਊਟ ਵਿੱਚ ਲੜਕੀਆਂ ਲਈ ਦਰਵਾਜੇ ਖੋਲ੍ਹ ਦਿੱਤੇ। ਕਮਲਾ ਸੋਹਾਨੀ ਨੇ 1936 ਵਿੱਚ ਆਪਣੀ ਡਿਗਰੀ ਪੂਰੀ ਕੀਤੀ। ਆਪਣੀ ਲੈਬ ਵਿਚ ਸਵੇਰੇ 5 ਵਜੇ ਤੋਂ ਰਾਤ 10 ਵਜੇ ਤੱਕ ਕੰਮ ਕਰਕੇ ਉਨ੍ਹਾਂ ਨੇ ਦੁੱਧ ਅਤੇ ਦਾਲਾਂ ਦੇ ਵਿੱਚ ਮੌਜੂਦ ਪ੍ਰੋਟੀਨ 'ਤੇ ਖੋਜ ਕੀਤੀ ਜੋ ਪਹਿਲੀ ਵਾਰ ਭਾਰਤ ਵਿੱਚ ਹੋਈ।

ਫਿਰ ਉਸ ਨੂੰ 1937 ਵਿੱਚ ਕੈਮਬ੍ਰਿਜ ਯੂਨੀਵਰਸਿਟੀ ਤੋਂ ਫੈਲੋਸ਼ਿਪ ਮਿਲੀ, ਜਿੱਥੇ ਉਸਨੇ ਕੇਵਲ 14 ਮਹੀਨੇ ਵਿੱਚ ਆਪਣੀ ਪੀ.ਐਚ.ਡੀ. ਪੂਰੀ ਕੀਤੀ ਅਤੇ ਪੀ.ਐਚ.ਡੀ. ਹਾਸਲ ਕਰਨ ਵਾਲੀ ਭਾਰਤ ਦੀ ਪਹਿਲੀ ਮਹਿਲਾ ਵਿਗਿਆਨਕ ਬਣੀ। ਉਸਦੀ ਥੀਸਿਸ 40 ਪੰਨਿਆਂ ਦੀ ਸੀ ਪਰ ਬਹੁਤ ਹੀ ਮਹੱਤਵਪੂਰਨ ਸੀ। ਉਸਨੇ ਆਲੂਆਂ ਵਿੱਚੋਂ Cytochrome C enzyme ਦੀ ਖੋਜ ਕੀਤੀ, ਜੋ ਜੀਵਾਂ ਵਿੱਚ ਊਰਜਾ ਤਿਆਰ ਕਰਨ ਵਿੱਚ ਮਦਦ ਕਰਦਾ ਹੈ। 1939 ਵਿੱਚ ਭਾਰਤ ਵਾਪਸ ਆ ਕੇ ਉਸਨੇ ਲੇਡੀ ਹਾਰਡਿੰਗ ਮੈਡੀਕਲ ਕਾਲਜ ਵਿੱਚ ਬਾਇਓਕੈਮਿਸਟਰੀ ਵਿਭਾਗ ਦੀ ਅਗਵਾਈ ਕੀਤੀ ਅਤੇ ਕਨੂਰ ਵਿੱਚ Nutrition Research Laboratory ਵਿੱਚ ਸਹਾਇਕ ਡਾਇਰੈਕਟਰ ਬਣੀ। 1947 ਵਿੱਚ ਮੁੰਬਈ ਆ ਕੇ Royal Institute of Science ਵਿੱਚ ਪ੍ਰੋਫੈਸਰ ਅਤੇ ਬਾਅਦ ਵਿੱਚ ਡਾਇਰੈਕਟਰ ਬਣੀ, ਜਿੱਥੇ ਫਿਰ ਉਨ੍ਹਾਂ ਨੂੰ ਔਰਤ ਹੋਣ ਦਾ ਖਮਿਆਜਾ ਭੁਗਤਣਾ ਪਿਆ ਜਿਸ ਕਰਕੇ ਇਹ ਪੋਸਟ ਉਨ੍ਹਾਂ ਨੂੰ ਚਾਰ ਸਾਲ ਦੇ ਸੰਘਰਸ਼ ਤੋਂ ਬਾਅਦ ਮਿਲੀ। ਪਰ ਉਸਨੇ ਕਦੇ ਹਿੰਮਤ ਨਾ ਹਾਰੀ।

ਉਸ ਦੀ ਸਭ ਤੋਂ ਵੱਡੀ ਖੋਜ 'Neera ਸੀ – ਪਾਮ ਨੈਕਟਰ, ਜਿਸ ਵਿੱਚ ਵਿਟਾਮਿਨ ਏ, ਸੀ. ਅਤੇ ਲੋਹਾ ਹੁੰਦਾ ਹੈ। ਇਸ ਖੋਜ ਨਾਲ ਕਬਾਇਲੀ ਬੱਚਿਆਂ ਅਤੇ ਗਰਭਵਤੀ ਮਹਿਲਾਵਾਂ ਦੀ ਪੋਸ਼ਟਿਕਤਾ ਵਿੱਚ ਸੁਧਾਰ ਆਇਆ, ਜਿਸ ਲਈ 1970 ਵਿੱਚ ਉਸਨੂੰ ਰਾਸ਼ਟਰਪਤੀ ਇਨਾਮ ਮਿਲਿਆ। 1980 ਦੇ ਦਹਾਕੇ ਵਿੱਚ ਉਸਨੇ ਖੁਰਾਕ ਵਿੱਚ ਮਿਲਾਵਟ ਦੇ ਖ਼ਿਲਾਫ਼ Consumer Guidance Society of India ਦੀ ਅਗਵਾਈ ਕੀਤੀ ਅਤੇ ਲੋਕਾਂ ਨੂੰ ਸੁਰੱਖਿਅਤ ਖਾਣ-ਪੀਣ ਬਾਰੇ ਚੇਤਨ ਕੀਤਾ।

ਦੁੱਖਦਾਈ ਗੱਲ ਇਹ ਹੈ ਕਿ ਭਾਰਤੀ ਲੋਕ, ਖ਼ਾਸ ਕਰਕੇ ਕੁੜੀਆਂ, ਉਸਦੀ ਮਹਾਨਤਾ ਅਤੇ ਉਸਦੇ ਸੰਘਰਸ਼ ਬਾਰੇ ਬਹੁਤ ਘੱਟ ਜਾਣਦੇ ਹਨ, ਪਰ ਅੰਤਰਰਾਸ਼ਟਰੀ ਪੱਧਰ ਉੱਤੇ ਉਸਦੀ ਕਦਰ ਕੀਤੀ ਗਈ ਹੈ। 2023 ਵਿੱਚ Google ਨੇ ਉਸਦੇ 112ਵੇਂ ਜਨਮ ਦਿਹਾੜੇ 'ਤੇ ਉਸਦੀ ਯਾਦ ਵਿੱਚ ਵਿਸ਼ੇਸ਼ ਡੂਡਲ ਬਣਾਇਆ, ਜਿਸ ਨਾਲ ਸਾਰੀ ਦੁਨੀਆ ਨੇ ਉਸਨੂੰ ਸਨਮਾਨ ਦਿੱਤਾ।

ਡਾ. ਕਮਲਾ ਸੋਹਾਨੀ ਦੀ ਕਹਾਣੀ ਇਹ ਦੱਸਦੀ ਹੈ ਕਿ ਹੌਂਸਲਾ ਅਤੇ ਸੰਘਰਸ਼ ਦੇ ਨਾਲ ਕੰਮ ਕਰਦੇ ਹੋਏ ਹਰ ਮੁਸ਼ਕਿਲ ਨੂੰ ਸਰ ਕੀਤਾ ਜਾ ਸਕਦਾ ਹੈ। ਉਹ ਸਿਰਫ਼ ਭਾਰਤ ਦੀ ਪਹਿਲੀ ਮਹਿਲਾ PhD ਨਹੀਂ ਸੀ, ਉਹ ਇਕ ਪ੍ਰੇਰਨਾ ਹੈ ਜੋ ਅੱਜ ਵੀ ਸਾਡੇ ਲਈ ਇੱਕ ਚਾਨਣ ਮੁਨਾਰਾ ਹੈ। ਆਓ, ਉਨ੍ਹਾਂ ਦੇ ਇਸ ਜੀਵਨ ਸੰਘਰਸ਼ ਤੋਂ ਸਿੱਖੀਏ, ਹਿੰਮਤ ਨਾ ਹਾਰੀਏ ਅਤੇ ਆਪਣੀਆਂ ਮੰਜਿਲਾਂ ਨੂੰ ਹਾਸਲ ਕਰਨ ਲਈ ਸਦਾ ਅੱਗੇ ਵਧੀਏ।

*ਕਮਲਪ੍ਰੀਤ, ਲੈਕਚਰਾਰ ਫਿਜ਼ਿਕਸ*
*ਆਦਰਸ਼ ਸੀਨੀ. ਸੈਕੰਡਰੀ ਸਕੂਲ, ਕੋਟ ਭਾਈ (ਮੁਕਤਸਰ)*

## ਸੋਚ ਉਡਾਰੀ ਅੰਦਰ ਜੇ ਅੰਬਰ ਨਹੀਂ

ਤੇਰੇ ਜ਼ਹਿਨ 'ਚ ਹਰ ਪਲ ਜੇ ਅਰਦਾਸ ਰਹੇਗੀ।
ਤੇਰੀ ਹਰ ਮੁਸ਼ਕਿਲ ਹੀ ਤੇਰੇ ਪਾਸ ਰਹੇਗੀ।
ਜੀਵਨ ਵਿਚ ਜੇ ਤੂੰ ਨਾ ਸੱਚ ਦਾ ਪੱਲਾ ਫੜਿਆ,
ਸੱਜਣਾ! ਤੇਰੀ ਬਿਰਤੀ ਬਣਕੇ ਦਾਸ ਰਹੇਗੀ।
ਤੇਰੇ ਮਨ ਦਾ ਨੇਰਾ ਜਦ ਤਕ ਦੂਰ ਨਈਂ ਹੁੰਦਾ,
ਤੇਰੀ ਸੋਚ ਹਨੇਰ 'ਚ ਕਰਦੀ ਵਾਸ ਰਹੇਗੀ।
ਤੂੰ ਜਿਸ ਰੱਬ ਨੂੰ ਪੂਜੇ ਉਸਦੀ ਹੋਂਦ ਨਹੀਂ ਹੈ,
ਤੇਰੇ ਤੋਂ ਚਾਨਣ ਦੀ ਨਾ ਕੋਈ ਆਸ ਰਹੇਗੀ।
ਤੇਰੀ ਸੋਚ ਉਡਾਰੀ ਅੰਦਰ ਜੇ ਅੰਬਰ ਨਈਂ,
ਤੇਰੀ ਸੋਚ ਅਧੂਰੀ ਤੇ ਬੇਆਸ ਰਹੇਗੀ।
ਜੀਵਨ ਜਾਚ ਨੂੰ ਸਮਝੇ ਬਿਨ ਜਿਉਣਾ ਮੁਸ਼ਕਿਲ ਹੈ
ਜੀਵਨ ਸੋਝੀ ਹੀ ਸਭ ਦੀ ਧਰਵਾਸ ਰਹੇਗੀ।
ਖ਼ੁਦ ਰਾਹ ਤਲਾਸ਼ਣ ਵਾਲੇ ਮੰਜ਼ਿਲ ਪਾਉਂਦੇ ਨੇ,
ਮੁਰਦੇ ਸਾਹਾਂ ਕੋਲੋਂ ਨਾ ਕੋਈ ਆਸ ਰਹੇਗੀ।
ਰਾਹ 'ਚੋਂ ਕੰਡੇ ਚੁਗਣੇ ਤੇ ਮੰਜ਼ਿਲ ਪਾਉਣੀ ਹੈ,
ਮੇਰੀ ਜੀਵਨ ਭਰ ਹੀ ਏਹੋ ਆਸ ਰਹੇਗੀ।
ਕਿਰਨਾਂ ਦਾ ਹਾਣੀ ਬਣ ਜਿਉਣਾ ਪੈਣਾ ਹੈ ਹੁਣ,
"ਰਾਣੇ" ਤੇਰੀ ਹਸਤੀ ਫਿਰ ਹੀ ਖ਼ਾਸ ਰਹੇਗੀ।

**ਰਣਬੀਰ ਰਾਣਾ**
**97800 42157**

*ਕੇਸ ਅਧਾਰਿਤ ਕਹਾਣੀ*

**ਅੱਗੇ ਪੇਸ਼ ਕੀਤੀ ਜਾ ਰਹੀ ਕਹਾਣੀ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਕਾਲਾਂਵਾਲੀ ਇਕਾਈ ਦੇ ਆਗੂ ਮਾ. ਅਜਾਇਬ ਜਲਾਲਆਣਾ ਵੱਲੋਂ ਹੱਲ ਕੀਤੇ ਗਏ ਕੇਸ ਉੱਤੇ ਅਧਾਰਿਤ ਹੈ।**

# ਮਮਤਾ ਦੀ ਹੂਕ

*-ਜਸਪਾਲ ਮਾਨਖੇੜਾ*

ਬਹੁਤ ਹੀ ਵੈਰਾਗਮਈ ਸੰਗੀਤ ਚੱਲ ਰਿਹਾ ਸੀ। ਕਿੰਨੇ ਹੀ ਸਮੇਂ ਤੋਂ ਸੱਤੀ ਕਟਿੰਗ ਕਾਊਂਟਰ ਤੇ ਸਿਰ ਸੁੱਟੀ ਸੰਗੀਤ ਸੁਣ ਰਹੀ ਸੀ। ਕਾਊਂਟਰ ਤੇ ਕੱਟਣ ਵਾਲੇ ਕਪੜਿਆਂ ਦਾ ਢੇਰ ਲੱਗਿਆ ਪਿਆ ਸੀ। ਨਾ ਉਸ ਦਾ ਕੰਮ ਕਰਨ ਨੂੰ ਜੀਅ ਕਰਦਾ ਸੀ ਨਾ ਉਠਣ ਨੂੰ...।

ਚੱਲ ਰਹੇ ਧਾਰਮਿਕ ਗੀਤਾਂ ਵਿਚੋਂ ਬੋਲ ਉਭਰੇ...

... ਕਿਓਂ ਫੜੀ ਸਿਪਾਹੀਆਂ ਨੇ ਨੀਂ ਭੈਣੋਂ ਇਹ ਹੰਸਾਂ ਦੀ ਜੋੜੀ।

ਗੀਤ ਪੂਰਾ ਮੁਕਿਆ ਨਹੀਂ, ਟਿਊਨ ਫਿਰ ਚੱਲ ਪਈ। ਦੋ ਮਿੰਟ ਸਾਜ਼ ਵੱਜਣ ਬਾਅਦ ਗੀਤ ਦੇ ਹੋਰ ਬੋਲ ਉੱਭਰਦੇ ਹਨ...

... ਪਾਪੀ ਜ਼ਾਲਮਾਂ ਨੇ ਨੀਹਾਂ ਚ ਚਿਣਾਏ, ਦੋਵੇਂ ਪੁੱਤ ਚੋਜੀ ਦੇ।

ਤੇ ਫਿਰ ਸੱਤੀ ਨੂੰ ਨਾ ਸੰਗੀਤ ਸੁਣਦਾ ਹੈ ਨਾ ਗੀਤ। ਉਸਨੂੰ ਜੇਠਾਣੀ ਦੇ ਘਰੋਂ ਪੈਨੀ ਦੇ ਰੋਣ ਦੀ, ਚੀਕਾਂ ਮਾਰਨ ਦੀ ਆਵਾਜ਼ ਹੀ ਸੁਣਦੀ ਹੈ। ਉਸ ਦੀਆਂ ਅੱਖਾਂ ਅੱਗੇ ਹਨੇਰਾ ਛਾ ਜਾਂਦਾ ਹੈ। ਉਸਦੇ ਸਿਰ ਵਿੱਚ ਤੇਜ਼ ਦਰਦ ਉਠਦਾ ਹੈ। ਐਨਾ ਤੇਜ਼... ਉਸਨੂੰ ਲੱਗਦਾ ਹੈ ਕਿ ਉਸਦਾ ਸਿਰ ਆਂਡੇ ਵਾਂਗ ਟੁੱਟ ਜਾਵੇਗਾ। ਅੰਗੂਰ ਵਾਂਗੂੰ ਫਿਸ ਜਾਵੇਗਾ। ਉਹ ਤੇਜ਼ੀ ਨਾਲ ਗੁੱਤ ਖੋਲ੍ਹਣ ਲੱਗੀ। ਹੱਥਾਂ ਨਾਲ ਹੀ ਸਿਰ 'ਚ ਕੰਘੀ ਕਰਨ ਲੱਗੀ। ਵਾਲ ਖੋਲ੍ਹ ਕੇ ਵੀ ਉਸ ਨੂੰ ਆਰਾਮ ਨਾ ਆਇਆ। ਉਸ ਨੂੰ ਲੱਗਿਆ ਕਿ ਦੋਵਾਂ ਹੱਥਾਂ ਦੀਆਂ ਉਂਗਲਾਂ ਅੰਦਰ ਨੂੰ ਮੁੜਨ ਲੱਗੀਆਂ ਨੇ। ਉਸ ਦੇ ਦੰਦ ਜੁੜ ਗਏ ਅਤੇ ਥੋੜ੍ਹੀ ਜਿਹੀ ਜੀਭ ਦੰਦਾਂ ਦੇ ਵਿੱਚ ਆ ਗਈ। ਲਹੂ ਨਿਕਲਣ ਲੱਗਾ। ਉਸ ਬਥੇਰਾ ਮੂੰਹ ਖੋਲ੍ਹਣ ਦੀ ਕੋਸ਼ਿਸ਼ ਕੀਤੀ ਪਰ..., ਸੱਤੀ ਨੂੰ ਦੰਦਲ ਪੈ ਗਈ।

ਵੇ ਔਹ ਫੇਰ ਬਹੂ ਨੂੰ ਦੌਰਾ ਪੈ ਗਿਆ... ਨੀਂ ਭੱਜੋ ਨੀਂ।"

ਉਸ ਦੀ ਸੱਸ ਚਮਚੇ ਨਾਲ ਦੰਦਲ ਖੋਲ੍ਹਣ ਆ ਲੱਗੀ।

੦ ੦ ੦

ਸੱਤੀ ਬੈੱਡ 'ਤੇ ਪਈ ਛੱਤ ਵੱਲ ਵੇਖ ਰਹੀ ਸੀ। ਉਸ ਦੇ ਮਾਂ-ਬਾਪ, ਸੱਸ-ਸੌਹਰਾ ਉਸਦੇ ਦੁਆਲੇ ਬੈਠੇ ਸਨ। ਜੇਠ ਜੇਠਾਣੀ ਸਵੇਰ ਦੇ ਡਾਕਟਰ ਦੇ ਗਏ ਨੇ, ਅਜੇ ਮੁੜੇ ਨਹੀਂ। ਸੱਤੀ ਦੇ ਘਰ ਵਾਲੇ ਕਰਮਜੀਤ ਨੂੰ ਮੰਡੀ ਫੋਨ ਕੀਤਾ ਸੀ। ਉਹ ਕਹਿੰਦਾ...

"ਏਹਦਾ ਤਾਂ ਰੋਜ਼ ਦਾ ਕੰਮ ਹੋ ਗਿਆ। ਡੇਰੇ ਵਾਲੇ ਬਾਬੇ ਤੋਂ ਹਥਾਉਲਾ ਪਵਾ ਲੋ ਜਾਂ ਡਾਕਟਰ ਤੋਂ ਦਵਾਈ ਲੈ ਆਓ... ਮੈਂ ਕੰਮ ਦੇਣੈ, ਦੁਕਾਨ ਤੋਂ ਇੱਕ ਮਿੰਟ ਪਾਸੇ ਨਹੀਂ ਹੋ ਸਕਦਾ।"

ਸੱਤੀ ਦੀ ਸੱਸ ਓਹਦੀ ਮਾਂ ਨੂੰ ਕਹਿ ਰਹੀ ਸੀ...।

ਨੀਂ ਭੈਣੇ ਰੱਬ ਨੇ ਸੁਣੀ ਐ। ਦਸ ਸਾਲਾਂ ਮਗਰੋਂ ਵੱਡੀ ਦਾ ਪੈਰ ਭਾਰੀ ਏ। ਦੋ ਨੇ... ਚੰਗੀ ਚੀਜ਼ ਨੇ, ਉਸ ਸੱਜੇ ਹੱਥ ਦੀਆਂ ਦੋ ਉਂਗਲਾਂ ਖੜ੍ਹੀਆਂ ਕੀਤੀਆਂ ਅਤੇ ਆਖੀ ਗਈ, ਇੱਕ ਏਹਨੂੰ ਦੇ ਦਿਆਂਗੇ, ਏਹਦੀ ਛੋਟੀ ਪੈਨੀ ਤਾਂ ਵੱਡੀ ਨੂੰ ਦੇ ਈ ਦਿੱਤੀ। ਦੋਵਾਂ ਭਰਾਵਾਂ ਦਾ ਮਿੱਸਾ ਜਿਆ ਟੱਬਰ ਹੋ ਜੂ ਪਰ ਆਹ ਚੰਦਰੇ ਦੌਰੇ...!"

ਸੱਸ ਦੇ ਬੋਲ ਸੁਣ ਸੁਣ ਸੱਤੀ ਦੇ ਸਿਰ ਚ ਫਿਰ ਚੀਸਾਂ ਪੈਣ ਲੱਗੀਆਂ। ਉਸ ਫਟਾਫਟ ਵਾਲਾਂ ਦਾ ਜੂੜਾ ਖੋਲ੍ਹ ਲਿਆ... ਹੱਥਾਂ ਦੀਆਂ ਉਂਗਲਾਂ ਅੰਦਰ ਨੂੰ ਮੁੜਨ ਲੱਗੀਆਂ... ਲੱਗਿਆ ਫੇਰ...।

੦ ੦ ੦

ਡੇਰੇ ਵਾਲੇ ਬਾਬੇ ਨੇ ਉਹਨਾਂ ਨੂੰ ਪਾਣੀ ਮੰਤਰ ਕੇ ਦੇ ਦਿੱਤਾ। ਰਾਖ ਦੀਆਂ ਸੱਤ ਪੁੜੀਆਂ ਦੇ ਕੇ ਆਖਿਆ...।

ਮੇਲਾ ਸਿਆਂ... ਤੁਸੀਂ ਧਰਮ ਕਰਮ ਨੂੰ ਮੰਨਣ ਵਾਲੇ ਬੰਦੇ ਹੋ, ਦੋ ਵੇਲੇ ਦੇ ਨਿੱਤਨੇਮੀ। ਬੇਟੀ ਨੂੰ ਕਹੋ ਦੋ ਵੇਲੇ ਪਾਠ ਕਰੇ, ਰੱਬ ਦਾ ਨਾਮ ਜਪੇ। ਏਸ ਮੰਤਰੇ ਹੋਏ ਪਾਣੀ ਦੀਆਂ ਸੱਤ ਬੂੰਦਾਂ ਕੋਸੇ ਪਾਣੀ ਚ ਪਾ ਕੇ, ਸਵੇਰੇ ਨਿਰਨੇ ਕਾਲਜੇ ਪੀਵੇ। ਪਾਣੀ ਦੀ ਬਾਲਟੀ ਵਿੱਚ ਇੱਕ ਪੁੜੀ ਪਾ ਕੇ ਨੁਹਾ ਦਿਆ ਕਰੋ। ਪ੍ਰਮਾਤਮਾ ਭਲੀ ਕਰੂ।"

ਡੇਰੇ ਚੋਂ ਨਿਕਲਦਿਆਂ ਹੀ ਸੱਤੀ ਦੇ ਬਾਪ ਨੇ ਕੁੜਮ ਨੂੰ ਕਿਹਾ...।

ਬਾਈ ਮੇਲਾ ਸਿਆਂ, ਅਸੀਂ ਸੱਤੀ ਨੂੰ ਪਿੰਡ ਲੈ ਜਾਨੇ ਆਂ, ਨਾਲੇ ਸੰਤਾਂ ਆਲ਼ਾ ਉਪਾਅ ਕਰਲਾਂਗੇ... ਨਾਲ਼ੇ ਸਹਿਰ ਡਾਕਟਰ ਨੂੰ ਵਿਖਾ ਲਵਾਂਗੇ।"

ਮੇਲਾ ਸਿੰਘ ਨੇ ਤਾਂ... 'ਜਿਵੇਂ ਠੀਕ ਲੱਗਦੈ... ਕਿਹਾ

ਪਰ ਸੱਤੀ ਦੀ ਸੱਸ ਵਿੱਚੋਂ ਬੋਲ ਪਈ...।

ਹਾਂ ਵੀਰ ਜੀ ਲੈਜੋ। ਦੋਮੇਂ ਕੁੜੀਆਂ ਨੂੰ ਮੈਂ ਸਾਂਭ ਲਊਂ, ਵੱਡੀ ਯੂਰੋ ਨੂੰ ਮੈਂ ਤਿਆਰ ਕਰਕੇ ਸਕੂਲ ਭੇਜ ਦਿਆ ਕਰੂੰਗੀ, ਪੈਨੀ ਓਹਦੀ ਵੱਡੀ ਮੰਮੀ ਸਾਂਭਦੀ ਈ ਐ।"

ਮੰਮੀ ਪੈਨੀ ਨੂੰ ਮੈਂ...।"

ਨੀਂ ਕੀ ਪੈਨੀ ਪੈਨੀ ਲਾਈਂ ਰੱਖਦੀ ਐਂ, ਕੋਈ ਮੌਤ ਨੀਂ ਪੈਂਦੀ ਓਹਨੂੰ, ਤੂੰ ਆਵਦਾ ਅਲਾਜ ਕਰਾ।"

ੀ ੀ ੀ

ਇਲਾਜ ਕਰਨ ਵਾਲੇ ਡਾਕਟਰ ਨੇ ਸੀ.ਟੀ. ਸਕੈਨ ਕਰਾਈ। ਸਾਰੇ ਟੈਸਟ ਕਰਾਏ। ਕਾਊਂਸਲਿੰਗ ਲਈ ਆਪਣੀ ਡਾਕਟਰ ਪਤਨੀ ਦੇ ਕੈਬਿਨ ਵਿੱਚ ਭੇਜਿਆ... ਕੋਈ ਬਿਮਾਰੀ ਨਾ ਲੱਭੀ। ਅੰਤ ਆਖਿਆ...।

ਫ਼ਿਕਰ ਵਾਲੀ ਕੋਈ ਗੱਲ ਨਹੀਂ ਮੈਡਮ...ਆਹ ਦਵਾਈ ਖਾਓ। ਮੈਡੀਟੇਸ਼ਨ ਕਰੋ, ਮਿਊਜ਼ਿਕ ਸੁਣੋ। ਟੈਨਸ਼ਨ ਨਾ ਲਵੋ। ਹਫ਼ਤੇ ਬਾਅਦ ਆਓ।"

ਪੇਕੇ ਘਰ ਆ ਕੇ ਸੱਤੀ ਦੋ ਦਿਨ ਠੀਕ ਰਹੀ। ਤੀਜੇ ਦਿਨ ਫਿਰ...ਦੌਰਾ ਪੈ ਗਿਆ। ਬੇਸੁਰਤੀ ਦੀ ਹਾਲਤ ਵਿੱਚ...ਯੂਰੋ ਤੇ ਪੈਨੀ ਛਾਤੀ ਤੇ ਆ ਬੈਠੀਆਂ। ਦੋ ਸਾਲ ਦੀ ਪੈਨੀ, ਗੰਦੇ ਕਪੜੇ, ਮਿੱਟੀ ਘੱਟੇ ਨਾਲ ਲਿਬੜੀ। ਨੱਕ ਚੋਂ ਪਾਣੀ, ਮੂੰਹ ਚੋਂ ਲਾਲ਼ਾਂ ਵਗਦੀਆਂ ਦਿਸੀਆਂ। ਰੁੜ੍ਹਦੀ ਰੁੜ੍ਹਦੀ ਉਠ ਕੇ ਤੁਰਨ ਲੱਗੀ, ਡਿੱਗ ਪਈ, ਰੋਣ ਲੱਗੀ। ਸੱਤੀ ਨੂੰ ਕਿੰਨਾ ਈ ਚਿਰ ਸੁਰਤ ਨਾ ਆਈ।

ੀ ੀ ੀ

ਸੱਤੀ ਦੇ ਸੌਹਰੇ ਘਰ ਸੁਨੇਹਾ ਪਹੁੰਚਦੇ ਫਿਰ ਭਾਜੜ ਪੈ ਗਈ। ਕਰਮਜੀਤ ਨੂੰ ਦੁਕਾਨ 'ਤੇ ਫ਼ੋਨ ਕੀਤਾ। ਓਹਦਾ ਓਹੀ ਜਵਾਬ ਸੀ...।

ਜਿੱਥੇ ਥੋਨੂੰ ਠੀਕ ਲੱਗਦੈ ਵਿਖਾ ਲਵੋ, ਪੈਸੇ ਪਵਾ ਦਿੰਨਾਂ। ਦੁਕਾਨ ਦਾ ਕੰਮ ਦੇਣੈ। ਵਿਆਹਾਂ ਦਾ ਸੀਜ਼ਨ ਐ। ਮਰਨ ਦੀ ਵਿਹਲ ਨਹੀਂ...!"

ਕਿੱਦਾਂ ਕਰਮਜੀਤ... ਕੋਈ ਪ੍ਰੋਬਲਮ ਐ ਘਰੇ।"

ਕੀ ਦੱਸਾਂ ਬਾਈ... ਪ੍ਰੋਬਲਮ ਵਰਗੀ ਪ੍ਰੋਬਲਮ! ਪ੍ਰੋਬਲਮ ਦਾ ਹੱਲ ਤਾਂ ਹੁੰਦਾ ਏ, ਇਹਦਾ ਤਾਂ ਕੋਈ ਹੱਲ ਈ ਨਹੀਂ।"

ਐਹੋ ਜਹੀ ਕਿਹੜੀ ਸਮੱਸਿਆ ਹੈ, ਜਿਸਦਾ ਹੱਲ ਨਹੀਂ?

ਕਰਮਜੀਤ ਨੂੰ ਪਤਾ ਈ ਨਾ ਲੱਗਿਆ ਕਿ ਨਰਾਇਣ ਨੇ ਉਸਨੂੰ ਪੁੱਛਿਆ ਹੈ ਕਿ ਦੱਸਿਆ ਹੈ। ਕਰਮਜੀਤ ਨੇ ਉਸਨੂੰ ਸੱਤੀ ਦੀ ਬਿਮਾਰੀ ਬਾਰੇ ਸਭ ਕੁਝ ਦੱਸ ਦਿੱਤਾ।

ਨਰਾਇਣ ਬਾਈ, ਸਭ ਤਰ੍ਹਾਂ ਦੇ ਇਲਾਜ ਕਰਾ ਲੇ, ਸਾਧਾਂ ਸੰਤਾਂ ਵਾਲੇ ਵੀ ਡਾਕਟਰਾਂ ਵਾਲੇ ਵੀ, ਕਿਤੋਂ ਵੀ ਫਰਕ ਨਹੀਂ ਪਿਆ। ਸਿਰ ਚ ਦਰਦ ਹੁੰਦੈ, ਵਾਲ ਖੋਲ੍ਹ ਲੈਂਦੀ ਐ, ਦੌਰਾ ਪੈ ਜਾਂਦਾ ਐ।

ਮੈਂ ਕਰਾਂ ਕੁਛ।"

ਕਰ, ਬਾਈ ਬਣਕੇ...ਜੇ ਕੁਛ ਕਰ ਸਕਦੈਂ ਤਾਂ।"

ਠੀਕ ਐ, ਕੱਲ੍ਹ ਨੂੰ ਦੱਸਦਾਂ।"

ਨਰਾਇਣ ਸਟੇਸ਼ਨ ਨੂੰ ਤੁਰ ਗਿਆ। ਕਰਮਜੀਤ ਨੇ ਕੋਟ ਦਾ ਕਪੜਾ ਕਟਿੰਗ ਲਈ ਕਾਊਂਟਰ ਤੇ ਵਿਛਾ ਲਿਆ।"

ੀ ੀ ੀ

ਸੱਤੀ ਜਦੋਂ ਵਿਆਹੀ ਆਈ ਸੀ ਤਾਂ ਕਰਮਜੀਤ ਘਰੇ ਹੀ ਕਪੜੇ ਸਿਊਣ ਦਾ ਕੰਮ ਕਰਦਾ ਸੀ। ਸੱਤੀ ਨੇ ਬੀ ਏ ਤੋਂ ਬਾਅਦ ਕਟਾਈ ਸਿਲਾਈ ਦਾ ਡਿਪਲੋਮਾ ਕੀਤਾ ਹੋਇਆ ਸੀ। ਉਸਦੇ ਅਜੇ ਹੱਥਾਂ ਦੀ ਮਹਿੰਦੀ ਨਹੀਂ ਲੱਥੀ ਸੀ ਕਿ ਉਸਨੇ ਕੈਂਚੀ ਫੀਤਾ ਚੱਕ ਲਏ। ਵਿਆਹ ਚ ਮਿਲੇ ਸ਼ਗਨ ਵਾਲੇ ਪੈਸਿਆਂ ਦਾ ਕਾਊਂਟਰ ਬਣਾ ਲਿਆ। ਘਰੇ ਕਪੜਿਆਂ ਦੀ ਕਟਿੰਗ ਕਰਨ ਲੱਗੀ। ਮੇਲਾ ਸਿੰਘ ਵੀ ਦੁਕਾਨ ਵਾਲੇ ਕਪੜੇ ਤੇ ਮੇਚਾ ਘਰੇ ਲਿਆਉਣ ਲੱਗਿਆ।

ਕਰਮਜੀਤ ਤੋਂ ਵੱਡਾ ਪਰਮਜੀਤ ਅਧਿਆਪਕ ਸੀ। ਉਸਦੀ ਘਰਵਾਲੀ ਸਿਮਰਨ ਅਫ਼ਸਰ ਦੀ ਧੀ ਸੀ। ਉਹ ਪਹਿਨ ਪੱਚਰ ਕੇ ਏ.ਸੀ. 'ਚ ਵੜੀ ਰਹਿੰਦੀ। ਫਾਸਟ ਫੂਡ ਖਾ ਖਾ ਚਰਬੀ ਚੜ੍ਹਾਈ ਜਾਂਦੀ। ਸੱਤੀ ਨੇ ਮਨ ਹੀ ਮਨ ਪ੍ਰਣ ਕਰ ਲਿਆ ਕਿ ਵੱਡਿਆਂ ਦੇ ਬਰਾਬਰ ਹੋਣਾ ਹੈ। ਛੇ ਸੱਤ ਸਾਲਾਂ ਵਿੱਚ ਹੀ ਮੇਲਾ ਸਿੰਘ ਦੀ ਪਟੜਿਆਂ ਵਾਲ਼ੀ ਦੁਕਾਨ ਸਿਰੇ ਦਾ ਥਿਰੀ ਸਟਾਰ ਟੇਲਰਜ਼ ਬਣ ਗਈ। ਇਸ ਅਰਸੇ ਵਿੱਚ ਸੱਤੀ ਵੀ ਯੂਰੋ ਤੇ ਪੈਨੀ ਦੋ ਧੀਆਂ ਦੀ ਮਾਂ ਬਣ ਗਈ।...ਤੇ ਫਿਰ ਨੌਂ ਮਹੀਨਿਆਂ ਦੀ ਪੈਨੀ ਵੱਡਿਆਂ ਦੀ ਝੋਲੀ ਪਾ ਦਿੱਤੀ।

ਦੋਵੇਂ ਭਰਾ ਇੱਕ ਇੱਕ ਧੀ ਦੇ ਪਿਓ ਬਣ ਗਏ। ਐਂ ਹੀ ਰੱਬ ਚੰਗੀ ਚੀਜ਼ ਦੇ ਦੂਗਾ, ਦੋਵਾਂ ਭਰਾਵਾਂ ਨੂੰ...!" ਸੱਤੀ ਦੀ ਸੱਸ ਨੇ ਘਰ ਚ ਕਰਾਏ ਪਾਠ ਤੋਂ ਬਾਅਦ ਕਿਹਾ ਸੀ।

ਉਸ ਦਿਨ ਪਹਿਲੀ ਵਾਰ ਕਪੜਾ ਕੱਟਦੀ ਸੱਤੀ ਦਾ, ਕੈਂਚੀ ਨਾਲ ਚੀਚੀ ਦਾ ਮਾਸ ਕੱਟਿਆ ਗਿਆ ਸੀ।

ੀ ੀ ੀ

ਨਰਾਇਣ ਨੇ ਮੇਲੇ ਤੇ ਕਰਮਜੀਤ ਨੂੰ ਜੋ ਕਿਹਾ ਉਹ ਮੰਨ ਗਏ।

ਮੰਡੀ ਦਾ ਮਸ਼ਵਰਾ ਕੇਂਦਰ ਨਵੀਂ ਦਾਨਾ ਮੰਡੀ ਵਾਲੇ ਪਾਸੇ ਸੀ। ਨਰਾਇਣ ਤਾਂ ਸ਼ਨੀਵਾਰ ਦੀ ਸ਼ਾਮ ਅਤੇ ਐਤਵਾਰ ਨੂੰ ਦੁਪਹਿਰ ਦੋ ਵਜੇ ਤੱਕ ਬਹਿੰਦਾ ਸੀ। ਇੱਕ ਬਜ਼ੁਰਗ ਗੋਪਾਲ ਸਿੰਘ ਸਾਰਾ ਦਿਨ ਰਹਿੰਦਾ। ਸੱਤੀ ਨੂੰ ਨਰਾਇਣ ਨੇ ਸਾਹਮਣੇ ਬੈਠਾ ਕੇ ਗੱਲ ਕੀਤੀ। ਉਸ ਨੂੰ ਸੰਮੋਹਨ ਨੀਂਦ ਚ ਲੈ ਕੇ ਗਏ। ਵਿਸ਼ਵਾਸ ਚ ਲਿਆ... ਸੱਤੀ ਦੱਸਣ ਲੱਗੀ।

ਮੇਰੇ ਜੇਠ ਦੀ ਸ਼ਾਦੀ ਸਾਥੋਂ ਪੰਜ ਸਾਲ ਪਹਿਲਾਂ ਹੋਈ ਸੀ। ਉਨ੍ਹਾਂ ਦੇ ਕੋਈ ਨਿੱਕਾ ਨਿਆਣਾ ਨਹੀ ਸੀ ਹੋਇਆ। ਵਿਆਹ ਤੋਂ ਸਾਲ ਬਾਅਦ ਮੇਰੇ ਲੜਕੀ ਯੂਰੋ ਹੋ ਗਈ। ਦੋ ਸਾਲ ਬਾਅਦ ਦੂਜੀ ਬੱਚੀ ਪੈਨੀ ਪੈਦਾ ਹੋ ਗਈ। ਮੇਰੀ ਸੱਸ ਨੇ ਮੇਰੀ ਦੂਜੀ ਧੀ ਜੇਠਾਣੀ ਦੀ ਝੋਲ਼ੀ ਪਾ ਦਿੱਤੀ। ਮੇਰੀ ਜੇਠਾਣੀ ਪਹਿਲਾਂ ਤਾਂ ਬੱਚੀ ਨੂੰ ਲਾਡ ਪਿਆਰ ਨਾਲ ਪਾਲਦੀ ਸੀ ਪਰ ਪਿਛਲੇ ਛੇ ਸੱਤ ਮਹੀਨਿਆਂ ਤੋਂ ਮੇਰੀ ਜੇਠਾਣੀ ਨੇ ਪੈਨੀ ਦਾ ਖਿਆਲ ਰੱਖਣਾ ਛੱਡ ਦਿੱਤਾ। ਉਹ ਸਾਰਾ ਦਿਨ ਧਰਤੀ ਤੇ ਰੁਲਦੀ ਰਹਿੰਦੀ ਐ। ਉਸ ਦੇ ਕਪੜੇ ਗੰਦੇ ਹੋਏ ਰਹਿੰਦੇ ਨੇ। ਉਸ ਨੂੰ ਕੋਈ ਬਿਮਾਰੀ ਹੋ ਗਈ। ਉਸ ਦੇ ਨੱਕ ਚੋਂ ਨਲ਼ੀ ਅਤੇ ਮੂੰਹ ਚੋਂ ਲਾਲ਼ਾਂ ਵਗਦੀਆਂ ਰਹਿੰਦੀਆਂ ਨੇ।"

ਇਹ ਕਹਿੰਦੀ ਸੱਤੀ ਰੋਣ ਲੱਗ ਪਈ। ਉਸ ਨੇ ਹਟਕੋਰੇ ਭਰਦਿਆਂ ਦੱਸਿਆ।

ਜਦੋਂ ਮੈਂ ਉਸ ਨੂੰ ਚੱਕਦੀ ਨਹਾਉਂਦੀ ਆਂ, ਦਵਾਈ ਦਵਾਉਣ ਨੂੰ ਕਹਿੰਦੀ ਆਂ ਤਾਂ ਮੇਰੀ ਸੱਸ ਮੈਨੂੰ ਭੱਜ ਕੇ ਪੈਂਦੀ ਐ, ਕਹਿੰਦੀ ਐ...ਏਹ ਆਪੇ ਦਵਾਉਣਗੇ ਦਵਾਈ ਜਦੋਂ ਏਹਨਾਂ ਦੀ ਝੋਲ਼ੀ ਪਾ ਤੀ। ਮੈਂ ਮਨ ਮਸੋਸ ਕੇ ਰਹਿ ਜਾਨੀਂ ਆਂ।"

ਵੀਰ ਜੀ ਪੈਨੀ ਦੀ ਇਸ ਹਾਲਤ ਦੀ ਜਿੰਮੇਂਵਾਰ ਮੈਂ ਹਾਂ। ਮੇਰੀ ਜੇਠਾਣੀ ਨੇ ਟੈਸਟ ਟਿਊਬ ਬੇਬੀ ਧਰਾਇਐ। ਅਸਲ 'ਚ ਓਦੂੰ ਬਾਅਦ ਹੀ ਉਹ ਪੈਨੀ ਦਾ ਖਿਆਲ ਰੱਖਣਾ ਛੱਡ ਗਈ। ਮੈਂ ਪੈਨੀ ਰੋਲ਼ ਲਈ। ਉਸ ਦੇ ਡੇਢ ਸਾਲ ਦਾ ਬਚਪਨ ਤੇ ਪਿਆਰ ਮੈਂ ਖਾ ਗਈ। ਉਹ ਮੇਰੇ ਢਿੱਡ ਦੀ ਆਂਦਰ ਐ।"

ਮੈਨੂੰ ਮੇਰੀ ਧੀ ਦਵਾ ਦਿਓ ਵੀਰ ਜੀ। ਮੈਂ ਦੋਵਾਂ ਬੱਚੀਆਂ ਨੂੰ ਪਾਲ਼ ਲਵਾਂਗੀ। ਮੈਨੂੰ ਮੁੰਡੇ ਕੁੜੀ ਦਾ ਕੋਈ ਫ਼ਰਕ ਨਹੀਂ। ਮੇਰੀ ਸੱਸ ਮੇਰੇ ਮਾਂ ਪਿਓ ਤੇ ਵੀ ਦਬਾਅ ਪਾਉਂਦੀ ਹੈ ਕਿ ਇਸ ਨੂੰ ਸਮਝਾਓ।"

ਜਦੋਂ ਮੈਨੂੰ ਪੈਨੀ ਯਾਦ ਆਉਂਦੀ ਹੈ ਤਾਂ ਮੈਂ ਛੋਟੇ ਸਾਹਿਬਜ਼ਾਦਿਆਂ ਦੇ ਵਿਛੋੜੇ ਦੇ ਗੀਤ ਸੁਣਦੀ ਹਾਂ। ਉਦੋਂ ਮੇਰੀ ਪੈਨੀ ਮੇਰੇ ਸਿਰ ਚ ਆ ਵੜਦੀ ਐ। ਮੈਨੂੰ ਪਤਾ ਨਹੀਂ ਰਹਿੰਦਾ ਮੈਨੂੰ ਕੀ ਹੋ ਗਿਆ।"

ਨਰਾਇਣ ਨੇ ਸੱਤੀ ਨੂੰ ਹਿਪਨੋਟਾਈਜ਼ ਕਰਕੇ ਉਸਦੇ ਅੰਦਰ ਦੀਆਂ ਸਭ ਗੱਲਾਂ ਕਢਾ ਲਈਆਂ। ਉਹ ਆਤਮ ਵਿਸ਼ਵਾਸ ਖੋ ਚੁੱਕੀ ਸੀ। ਉਹ ਸੱਸ ਦੇ ਰੋਹਬ ਅਤੇ ਜੇਠਾਣੀ ਦੀ ਪੈਸੇ ਦੀ ਦਬਸ਼ ਹੇਠ ਦੱਬੀ ਹੋਈ ਸੀ।

ਨਰਾਇਣ ਨੇ ਉਸਨੂੰ ਸਮਝਾਇਆ, ਸੁਝਾਅ ਦਿੱਤੇ।

ਭਾਈ ਬੀਬਾ ਕਲਪਨਾਵਾਂ ਨੂੰ ਸੱਚ ਮੰਨਣਾ ਛੱਡ। ਸੰਤਾਂ ਸਾਧਾਂ ਦੇ ਵਹਿਮ ਭਰਮ ਚੋਂ ਬਾਹਰ ਆ। ਦਵਾਈਆਂ ਰੋਗੀ ਨੂੰ ਠੀਕ ਕਰਦੀਆਂ ਨੇ ਮਾਨਸਿਕ ਰੋਗੀ ਨੂੰ ਨਹੀਂ। ਪੈਨੀ ਬਾਰੇ ਆਪਣਾ ਠੋਸ ਫ਼ੈਸਲਾ ਲੈ। ਉਸ ਫੈਸਲੇ ਤੇ ਅੜ ਜਾਹ। ਰੋਣਾ ਧੋਣਾ ਛੱਡ ਕੇ ਸਪੱਸ਼ਟ ਤਰੀਕੇ ਨਾਲ ਆਪਣੀ ਗੱਲ ਕਹਿ...।"

ਨਰਾਇਣ ਨੇ ਉਸਨੂੰ ਹਿਪਨੋਟਾਈਜ਼ ਕਰਕੇ ਹਦਾਇਤਾਂ ਦਿੱਤੀਆਂ। ਉਸਦੇ ਅਚੇਤ ਮਨ ਵਿੱਚ ਪਏ ਡਰ ਦੂਰ ਕੀਤੇ ਤੇ ਅੰਤ ਪੁੱਛਿਆ...।

ਦੱਸ ਭਾਈ ਬੀਬਾ, ਆਪਣੇ ਫ਼ੈਸਲੇ ਆਪ ਕਰੇਂਗੀ।"

ਹਾਂ ਵੀਰ ਜੀ।"

ਆਪਣੇ ਫ਼ੈਸਲੇ ਤੇ ਸਪੱਸ਼ਟ ਸਟੈਂਡ ਲਵੇਂਗੀ।"

ਵੀਰ ਜੀ...ਪੱਕਾ।"

ਕਿਸੇ ਦੇ ਦਬਾਅ ਹੇਠ, ਡਰਦੀ ਗ਼ਲਤ ਫ਼ੈਸਲਾ ਮੰਨੇਗੀ।"

ਨੋ ਵੀਰ ਜੀ...ਨਾਟ ਐਟ ਆਲ।"

ਤਾਂ ਫਿਰ ਜਾਹ, ਤੂੰ ਤੰਦਰੁਸਤ ਐ। ਆਹ ਦੋ ਕਿਤਾਬਾਂ ਲੈ ਜਾ। ਦੋਵੇਂ ਪੜ੍ਹ ਕੇ ਪੰਦਰਾਂ ਦਿਨਾਂ ਬਾਅਦ ਆਈਂ। ਵੈਰਾਗ ਵਾਲਾ ਨਹੀਂ ਬੀਰ ਰਸ ਵਾਲਾ ਗੀਤ ਸੰਗੀਤ ਸੁਣਿਆ ਕਰ।"

ਮਸ਼ਵਰਾ ਕੇਂਦਰ ਚੋਂ ਸੱਤੀ ਸਬੂਤੇ ਕਦਮੀ ਬਾਹਰ ਆਈ। ਉਹ ਸਾਰੇ ਗੱਡੀ ਚ ਬੈਠ ਘਰ ਨੂੰ ਤੁਰ ਪਏ। ਉਹ ਮੇਨ ਮਾਰਕੀਟ ਚੋਂ ਲੰਘ ਰਹੇ ਸਨ ਕਿ ਸੱਤੀ ਇਕਦਮ ਬੋਲੀ...।

ਡੈਡੀ ਗੱਡੀ ਰੋਕੋ।"

ਮੇਲਾ ਸਿੰਘ ਨੇ ਗੱਡੀ ਦੇ ਬਰੇਕ ਮਾਰ ਦਿੱਤੇ। ਸੱਤੀ ਉਤਰੀ ਤੇ ਦੱਮ-ਦੱਮ ਇੱਕ ਦੁਕਾਨ ਵਿੱਚ ਜਾ ਵੜੀ। ਦਸ ਮਿੰਟਾਂ ਬਾਅਦ ਬਾਹਰ ਆਈ ਉਸਦੇ ਹੱਥ ਵਿੱਚ ਫਰਾਕਾਂ ਵਾਲਾ ਲਿਫ਼ਾਫ਼ਾ ਸੀ।

ਘਰੇ ਆ ਕੇ ਉਸ ਰੇਤੇ ਚ ਲਿੱਬੜੀ, ਪਿਸ਼ਾਬ ਨਾਲ ਗਿੱਲੀ ਹੋਈ ਪੈਨੀ ਨੂੰ ਚੁੱਕਿਆ, ਉਸ ਦਾ ਮੂੰਹ ਚੁੰਮਿਆ ਅਤੇ ਗੁਸਲਖਾਨੇ ਵਿੱਚ ਲੈ ਵੜੀ।

(97800 42156)

# ਸੱਪਾਂ ਨੂੰ ਬਚਾਉਣ ਵਾਲੇ ਸੋਸ਼ਲ ਮੀਡੀਆ ਨਾਲ ਡੰਗੇ ਗਏ

ਪਿਛਲੇ ਸਮੇਂ ਵਿੱਚ ਸੱਪਾਂ ਨੂੰ ਫੜ ਕੇ ਜੰਗਲਾਂ ਵਿੱਚ ਛੱਡਣ ਵਾਲੇ ਸੱਪ ਮਾਹਿਰ ਕਾਫੀ ਗਿਣਤੀ ਵਿੱਚ ਸੱਪਾਂ ਦੇ ਡੰਗ ਦਾ ਸ਼ਿਕਾਰ ਹੋਏ ਹਨ ਜਿਨ੍ਹਾਂ ਵਿੱਚੋਂ ਬਹੁਤ ਸਾਰਿਆਂ ਦੀ ਮੌਤ ਹੋ ਗਈ। 14 ਜੁਲਾਈ ਨੂੰ ਮੱਧ ਪ੍ਰਦੇਸ਼ ਦੇ ਗੁਨਾ ਜ਼ਿਲ੍ਹੇ ਦਾ 42 ਸਾਲਾ ਦੀਪਕ ਮਹਾਵਰ ਕੋਬਰੇ ਦੇ ਡੰਗ ਦਾ ਸ਼ਿਕਾਰ ਹੋ ਗਿਆ। ਉਸ ਤੋਂ ਕੁਝ ਦਿਨ ਪਹਿਲਾਂ 6 ਜੁਲਾਈ ਨੂੰ ਸਰਪ ਮਿੱਤਰ ਵਜੋਂ ਜਾਣਿਆ ਜਾਂਦਾ ਜੇ.ਪੀ. ਯਾਦਵ ਬਿਹਾਰ ਦੇ ਵੈਸ਼ਾਲੀ ਵਿੱਚ ਸੱਪ ਦੇ ਡੰਗ ਨਾਲ ਮਾਰਿਆ ਗਿਆ। ਉਸ ਤੋਂ ਪਹਿਲਾਂ ਮਈ ਮਹੀਨੇ ਬਿਹਾਰ ਵਿੱਚ ਹੀ ਸਨੇਕ-ਮੈਨ ਕਹਾਉਂਦਾ ਜੈ ਕੁਮਾਰ ਸਾਹਨੀ ਵੀ ਸੱਪ ਦੇ ਡੰਗ ਦਾ ਸ਼ਿਕਾਰ ਹੋ ਗਿਆ ਸੀ। ਇਸੇ ਤਰ੍ਹਾਂ ਕਰਨਾਟਕ ਦਾ ਸਨੇਕ ਨਰੇਸ਼, ਤਾਮਿਲਨਾਡੂ ਦਾ ਕੇ. ਮੁਰਲੀ ਅਤੇ ਰਾਜਸਥਾਨ ਦਾ ਮਨੀਸ਼ ਵੈਸ਼ਨਵ ਵੀ ਸੱਪਾਂ ਨੂੰ ਫੜ੍ਹਨ ਉਪਰੰਤ ਮਾਰੇ ਗਏ ਸਨ।

ਸਵਾਲ ਪੈਦਾ ਹੁੰਦਾ ਹੈ ਕਿ ਅਜਿਹਾ ਕਿਉਂ ਹੋ ਰਿਹਾ ਹੈ? 23 ਜੁਲਾਈ ਦੇ ਇੰਡੀਅਨ ਐਕਸਪ੍ਰੈਸ ਵਿੱਚ ਛਪੀ ਜੈ ਮਜੂਮਦਾਰ ਦੀ ਰਿਪੋਰਟ ਇਸ ਮੁੱਦੇ ਬਾਰੇ ਇਕ ਵੱਡਾ ਭੇਤ ਖੋਲ੍ਹਦੀ ਹੈ। ਇਹ ਰਿਪੋਰਟ ਦੱਸਦੀ ਹੈ ਕਿ ਇਹਨਾਂ ਮੌਤਾਂ ਵਿੱਚ ਸੱਪਾਂ ਤੋਂ ਵੱਧ ਸੋਸ਼ਲ ਮੀਡੀਆ ਦਾ ਲਾਲਚ ਜਿੰਮੇਵਾਰ ਹੈ। ਇਹ ਸੱਪ ਫੜ੍ਹਨ ਵਾਲੇ ਪਹਿਲੇ ਸਮਿਆਂ ਵਾਂਗ ਚੁੱਪਚਾਪ ਆਪਣਾ ਕੰਮ ਨਹੀਂ ਕਰਦੇ, ਬਲਕਿ ਸੱਪਾਂ ਨੂੰ ਫੜ੍ਹ ਕੇ ਸੋਸ਼ਲ ਮੀਡੀਆ ਉੱਤੇ ਛਾ ਜਾਣ ਲਈ ਸੱਪਾਂ ਨਾਲ ਪੁੱਠੀਆਂ ਸਿੱਧੀਆਂ ਹਰਕਤਾਂ ਕਰਦੇ ਹਨ, ਜਿਨ੍ਹਾਂ ਨੂੰ ਸੱਪ-ਸਟੰਟ (snake- stunt) ਕਿਹਾ ਜਾਂਦਾ ਹੈ। ਲੋਕਾਂ ਦੀ ਸੱਪਾਂ ਵਿੱਚ ਦਿਲਚਸਪੀ ਅਤੇ ਸ਼ਰਧਾ ਬਹੁਤ ਹੈ, ਜਿਸ ਕਰਕੇ ਸੋਸ਼ਲ ਮੀਡੀਆ ਉੱਤੇ ਉਹਨਾਂ ਨੂੰ ਭਰਪੂਰ ਹੁੰਗਾਰਾ ਮਿਲਦਾ ਹੈ।

ਜੌਨਪੁਰ (ਉੱਤਰ ਪ੍ਰਦੇਸ਼) ਨਾਲ ਸੰਬੰਧਿਤ ਸੱਪ ਪਕੜਨ ਦੇ ਮਾਹਿਰ ਮੁਰਲੀਵਾਲੇ ਦੇ ਯੂਟਿਊਬ ਉੱਤੇ 16 ਮਿਲੀਅਨ ਫਾਲੋਅਰ ਹਨ ਅਤੇ ਛਤੀਸਗੜ੍ਹ ਦੇ ਕਮਲ ਚੌਧਰੀ ਦੇ 12 ਲੱਖ। ਲੱਖ-ਦੋ ਲੱਖ ਵਾਲੇ ਤਾਂ ਬਹੁਤ ਸਾਰੇ ਹਨ। ਜਿਵੇਂ ਕਿ ਸਾਰੇ ਜਾਣਦੇ ਹੀ ਹਨ ਯੂ-ਟਿਊਬ ਉੱਤੇ ਜਿੰਨੀ ਕੋਈ ਵੀਡੀਓ ਵੱਧ ਵੇਖੀ ਜਾਵੇਗੀ ਉਨੇ ਵੱਧ ਪੈਸੇ ਬਣਨਗੇ। ਸੋ ਇਸ ਲਾਲਚ ਵਿੱਚ ਇਹ ਲੋਕ ਸੱਪਾਂ ਨਾਲ ਸਟੰਟ ਕਰਨ ਲੱਗ ਪੈਂਦੇ ਹਨ। ਉਪਰ ਜ਼ਿਕਰ ਅਧੀਨ ਆਇਆ ਦੀਪਕ ਮਹਾਵਰ ਕੋਬਰਾ ਸੱਪ ਗਲ ਵਿੱਚ ਪਾ ਕੇ ਮੋਟਰਸਾਈਕਲ ਉੱਤੇ ਸਵਾਰ ਹੋ ਗਿਆ। ਇਸ ਪੋਜ਼ ਵਿੱਚ ਜਦ ਉਹ ਆਪਣੀ ਵੀਡੀਓ ਬਣਵਾ ਰਿਹਾ ਸੀ ਤਾਂ ਗਲ ਵਿੱਚ ਪਾਏ ਸੱਪ ਨੇ ਡੰਗ ਮਾਰ ਦਿੱਤਾ। ਇਸੇ ਤਰ੍ਹਾਂ ਮਨੀਸ਼ ਵੈਸ਼ਨਵ ਨੂੰ ਸੱਪ ਨੇ ਉਦੋਂ ਡੰਗ ਮਾਰਿਆ ਜਦੋਂ ਉਹ ਕੋਬਰਾ ਸੱਪ ਨੂੰ ਹੱਥ ਵਿੱਚ ਫੜ੍ਹ ਕੇ ਆਪਣੇ ਫ਼ਰੈਨਜ਼ ਨਾਲ ਫੇਸਬੁਕ ਲਾਈਵ ਹੋ ਰਿਹਾ ਸੀ।

ਸੱਪਾਂ ਨਾਲ ਅਜਿਹੇ ਸਟੰਟ ਕਰਨੇ ਜੰਗਲੀ-ਜੀਵਨ ਐਕਟ (Wildlife Act) ਅਧੀਨ ਅਪਰਾਧ ਵੀ ਹਨ। ਪਰ ਥੋੜ੍ਹੇ ਜਿਹੇ ਸਿੱਖਿਅਤ ਮਾਹਿਰਾਂ ਤੋਂ ਬਿਨਾਂ ਕਾਫੀ ਵੱਡੀ ਗਿਣਤੀ ਵਿੱਚ ਇਹ ਸੱਪ ਫੜ੍ਹਨ ਵਾਲੇ ਗਰੀਬ, ਘੱਟ ਪੜ੍ਹੇ ਲਿਖੇ ਨੌਜਵਾਨ ਹੁੰਦੇ ਹਨ ਜੋ ਸੋਸ਼ਲ ਮੀਡੀਆ ਉੱਤੇ ਪਾਪੂਲਰ ਹੋਣ ਅਤੇ ਪੈਸੇ ਕਮਾਉਣ ਦੇ ਚੱਕਰ ਵਿੱਚ ਜਰੂਰੀ ਸਾਵਧਾਨੀਆਂ ਰੱਖਣੀਆਂ ਭੁੱਲ ਜਾਂਦੇ ਹਨ। ਜਾਪਦਾ ਹੈ ਕਿ ਸੋਸ਼ਲ ਮੀਡੀਆ ਵੀ ਇੱਕ ਅਜਗਰ ਸੱਪ ਹੀ ਹੈ ਜਿਸ ਨੇ ਸਾਰੇ ਸਮਾਜ ਨੂੰ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ।

ਪੰਜਾਬ ਵਿੱਚ ਤਾਂ ਅਕਸਰ ਸੱਪ ਨੂੰ ਵੇਖ ਕੇ ਮਾਰ ਹੀ ਦਿੱਤਾ ਜਾਂਦਾ ਹੈ ਪਰ ਦੇਸ਼ ਦੇ ਕੁਝ ਹਿੱਸਿਆਂ ਵਿੱਚ ਸੱਪਾਂ ਨਾਲ ਜੁੜੇ ਅੰਧ ਵਿਸ਼ਵਾਸਾਂ ਕਾਰਨ ਜਾਂ ਜੀਵ ਹੱਤਿਆ ਨੂੰ ਪਾਪ ਮੰਨਣ ਕਾਰਨ ਸੱਪਾਂ ਨੂੰ ਮਾਰਨ ਦੀ ਬਜਾਏ ਉਨ੍ਹਾਂ ਨੂੰ ਪਾਸੇ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਬਹੁਤ ਸਾਰੇ ਲੋਕ ਕੁਦਰਤੀ ਸੰਤੁਲਨ ਦੇ ਪੱਖ ਤੋਂ ਵੀ ਹਰ ਦਿਸਦੇ ਸੱਪ ਨੂੰ ਮਾਰਨਾ ਨਹੀਂ ਚਾਹੁੰਦੇ। ਪਰ ਆਬਾਦੀ ਵਿੱਚੋਂ ਤਾਂ ਸੱਪਾਂ ਨੂੰ ਕੱਢਣਾ ਹੀ ਹੁੰਦਾ ਹੈ। ਇਸ ਤੋਂ ਬਿਨਾਂ ਸੱਪਾਂ ਦਾ ਜਹਿਰ ਕੱਢ ਕੇ ਦਵਾਈਆਂ ਵਿੱਚ ਵਰਤਨ ਲਈ ਸੱਪਾਂ ਨੂੰ ਫੜ੍ਹਨ ਦੀ ਲੋੜ ਪੈਂਦੀ ਹੈ। ਸੋ ਇਹਨਾਂ ਕਾਰਨਾਂ ਕਰਕੇ ਸੱਪਾਂ ਨੂੰ ਜਿਉਂਦੇ ਫੜਨ ਦੀ ਲੋੜ ਬਣੀ ਰਹਿੰਦੀ ਹੈ ਪਰ ਇਹਨਾਂ ਨੂੰ ਫੜ੍ਹ ਕੇ ਸਟੰਟ ਕਰਨੇ ਖੁਦ ਲਈ ਵੀ ਖਤਰਨਾਕ ਹਨ ਅਤੇ ਸਮਾਜ ਲਈ ਵੀ ਗਲਤ ਸੁਨੇਹਾ ਦਿੰਦੇ ਹਨ।

ਜੰਗਲੀ ਜੀਵ ਮਾਹਿਰ ਧਰਮੇਂਦਰ ਖੰਡਾਲ ਇਸ ਦਾ ਹੱਲ ਸੁਝਾਉਂਦੇ ਹਨ ਕਿ ਸੱਪਾਂ ਨੂੰ ਫੜ੍ਹ ਕੇ ਵੀਡੀਓ ਅਪਲੋਡ ਕਰਨ ਵਾਲਿਆਂ 'ਤੇ ਸਖਤ ਜੁਰਮਾਨੇ ਲਗਾਏ ਜਾਣ ਜਿਸ ਨਾਲ ਅਜਿਹੇ ਸਟੰਟਬਾਜ ਪਿੱਛੇ ਹਟਣਗੇ ਅਤੇ ਸਹੀ ਬੰਦੇ ਹੀ ਇਹ ਕੰਮ ਕਰਨਗੇ।

ਜ਼ਿਕਰਯੋਗ ਹੈ ਕਿ ਭਾਰਤ ਵਿੱਚ ਸੱਪਾਂ ਦੇ ਕੱਟਣ ਨਾਲ ਹਰ ਸਾਲ 50 ਹਜਾਰ ਦੇ ਲਗਪੱਗ ਮੌਤਾਂ ਹੁੰਦੀਆਂ ਹਨ। ਇਹ ਮੌਤਾਂ ਉਨ੍ਹਾਂ ਪ੍ਰਦੇਸ਼ਾਂ ਵਿੱਚ ਹੀ ਵੱਧ ਹੁੰਦੀਆਂ ਹਨ ਜਿੱਥੇ ਸੱਪਾਂ ਦੀ ਪੂਜਾ ਕੀਤੀ ਜਾਂਦੀ ਹੈ ਜਿਵੇਂ ਕਿ ਉੱਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼, ਉੜੀਸਾ ਆਦਿ।

**ਅਗਲੇ ਸਫਿਆਂ ਉੱਤੇ ਛਪੀ ਕਹਾਣੀ 'ਮਾਰਕ ਆਫ਼ ਵਿਸ਼ਨੂੰ' ਵੀ ਇਸੇ ਵਿਸ਼ੇ ਨਾਲ ਸਬੰਧਿਤ ਹੈ।**

# ਵਿਸ਼ਨੂੰ ਦਾ ਚਿੰਨ੍ਹ (Mark of Vishnu)

*ਪ੍ਰਸਿੱਧ ਪੱਤਰਕਾਰ ਅਤੇ ਬੇਬਾਕ ਲੇਖਕ ਖੁਸ਼ਵੰਤ ਸਿੰਘ ਦੀ 1950 ਵਿੱਚ ਅੰਗਰੇਜੀ ਵਿੱਚ ਛਪੀ ਕਹਾਣੀਆਂ ਦੀ ਪੁਸਤਕ ਵਿੱਚ ਇੱਕ ਕਹਾਣੀ ਮਾਰਕ ਆਫ਼ ਵਿਸ਼ਨੂੰ ਵੀ ਸੀ। ਬੀਤੀ ਸਦੀ ਦੇ ਸੱਠਵਿਆਂ ਦੌਰਾਨ ਇਹ ਕਹਾਣੀ ਪੰਜਾਬ ਵਿੱਚ ਦਸਵੀਂ ਜਮਾਤ ਦੇ ਸਿਲੇਬਸ ਵਿੱਚ ਸ਼ਾਮਲ ਰਹੀ ਹੈ। ਕਹਾਣੀ ਦਾ ਵਿਸ਼ਾ ਅੰਧਵਿਸ਼ਵਾਸਾਂ ਦੀ ਦਲਦਲ ਵਿੱਚ ਫਸੇ ਬੁੱਢੇ ਨੌਕਰ ਅਤੇ ਆਧੁਨਿਕ ਵਿਚਾਰਾਂ ਦੇ ਧਾਰਨੀ ਸਕੂਲੀ ਵਿਦਿਆਰਥੀਆਂ ਦਰਮਿਆਨ ਵਾਪਰਦੀਆਂ ਘਟਨਾਵਾਂ ਦੀ ਦਿਲਚਸਪ ਪੇਸ਼ਕਾਰੀ ਹੈ। ਬੁੱਢੇ ਨੌਕਰ ਦੀ ਅੰਧਵਿਸ਼ਵਾਸੀ ਆਸਥਾ ਹੀ ਉਸਦੀ ਦੁਖਦਾਈ ਮੌਤ ਦਾ ਕਾਰਣ ਬਣਦੀ ਹੈ। ਬੀ.ਜੀ.ਐੱਸ.ਬੀ.ਯੂਨੀਵਰਸਿਟੀ ਰਾਜੌਰੀ ਦੀ ਪ੍ਰੋਫੈਸਰ ਮਾਰੀਆ ਅਸਲਮ ਨੇ ਕਹਾਣੀ ਦਾ ਵਿਸ਼ਲੇਸ਼ਣ ਕਰਦੇ ਹੋਏ ਇਸ ਨੂੰ ਰਵਾਇਤ ਤੇ ਆਧੁਨਿਕਤਾ ਵਿਚਕਾਰ, ਕਾਰਣ ਅਤੇ ਅੰਧਵਿਸ਼ਵਾਸ ਵਿਚਕਾਰ, ਆਸਥਾ ਤੇ ਤਰਕ ਵਿਚਕਾਰ ਅਤੇ ਅਨਪੜ੍ਹਤਾ ਅਤੇ ਪੜ੍ਹੇ ਲਿਖੇ ਵਿਚਕਾਰ ਟਕਰਾ ਵਾਲੀ ਰਚਨਾ ਕਿਹਾ ਹੈ।*

*ਕਿਸੇ ਕਵੀ ਦਾ ਇਹ ਸ਼ੇਅਰ ਕਹਾਣੀ ਦੇ ਸਾਰਤੱਤ ਉਪਰ ਸਟੀਕ ਟਿੱਪਣੀ ਬਣਦਾ ਹੈ:*

*'ਖੁਦਕਸ਼ੀ ਕਿਸ਼ਤੋਂ ਮੇਂ ਥੀ, ਯਾ ਹਮਾਰਾ ਭੋਲਾਪਣ, ਸਾਂਪ ਡਸਤਾ ਰਹਾ ਔਰ ਦੇਵਤਾ ਲਗਤਾ ਰਹਾ'*

*ਤਰਕਸ਼ੀਲ ਦੇ ਪਾਠਕਾਂ ਲਈ ਪੇਸ਼ ਹੈ ਕਹਾਣੀ ਦਾ ਪੰਜਾਬੀ ਰੂਪ*

"ਇਹ ਕਾਲੇ ਨਾਗ ਵਾਸਤੇ ਹੈ," ਗੰਗਾ ਰਾਮ ਨੇ ਤਸ਼ਤਰੀ ਵਿੱਚ ਦੁੱਧ ਪਾਉਂਦੇ ਹੋਏ ਕਿਹਾ। "ਹਰ ਰਾਤ ਮੈਂ ਇਸਨੂੰ ਕੰਧ ਨੇੜੇ ਖੁੱਡ ਦੇ ਬਾਹਰ ਰੱਖ ਦਿੰਦਾ ਹਾਂ ਅਤੇ ਇਹ ਸਵੇਰ ਵੇਲੇ ਖਤਮ ਹੁੰਦਾ ਹੈ।"

"ਹੋ ਸਕਦੈ ਇਹ ਬਿੱਲੀ ਦਾ ਕੰਮ ਹੋਵੇ," ਅਸੀਂ ਮੁੰਡਿਆਂ ਨੇ ਕਿਹਾ।

"ਬਿੱਲੀ!" ਗੰਗਾ ਰਾਮ ਨੇ ਨਫ਼ਰਤ ਨਾਲ ਕਿਹਾ, "ਕੋਈ ਬਿੱਲੀ ਖੁੱਡ ਦੇ ਨੇੜੇ ਨਹੀਂ ਜਾਂਦੀ। ਉਥੇ ਕਾਲੇ ਨਾਗ ਦਾ ਵਾਸਾ ਹੈ। ਜਦੋਂ ਤੋਂ ਮੈਂ ਉਸਨੂੰ ਦੁੱਧ ਦਿੰਦਾ ਆ ਰਿਹਾ ਹਾਂ, ਉਸ ਨੇ ਘਰ ਦੇ ਕਿਸੇ ਜੀਅ ਨੂੰ ਨਹੀਂ ਡੱਸਿਆ। ਤੁਸੀਂ ਸਾਰੇ ਜਿੱਥੇ ਚਾਹੋ ਨੰਗੇ ਪੈਰੀਂ ਖੇਡ ਸਕਦੇ ਹੋ।"

ਅਸੀਂ ਗੰਗਾ ਰਾਮ ਦੀ ਅਜਿਹੀ ਕਿਸੇ ਧਾਰਨਾ ਨੂੰ ਮੰਨਣ ਲਈ ਤਿਆਰ ਨਹੀਂ ਸਾਂ।

"ਤੂੰ ਇੱਕ ਮੂਰਖ ਬ੍ਰਾਹਮਣ ਹੈਂ," ਤੂੰ ਨਹੀਂ ਜਾਣਦਾ ਸੱਪ ਦੁੱਧ ਨਹੀਂ ਪੀਂਦਾ। ਇਹ ਹਰ ਰੋਜ ਭਰੀ ਤਸ਼ਤਰੀ ਨਹੀਂ ਪੀ ਸਕਦਾ। ਅਧਿਆਪਕ ਨੇ ਸਾਨੂੰ ਦੱਸਿਐ ਕਿ ਸੱਪ ਕੁਝ ਦਿਨਾਂ ਬਾਅਦ ਇੱਕ ਵਾਰ ਹੀ ਖਾਂਦਾ ਹੈ। ਅਸੀਂ ਇੱਕ ਗਰਾਸ ਸਨੇਕ ਨੂੰ ਦੇਖਿਆ ਸੀ ਜਿਸ ਨੇ ਉਸ ਸਮੇਂ ਇੱਕ ਡੱਡੂ ਨੂੰ ਨਿਗਲ ਲਿਆ ਸੀ। ਇਹ ਉਸਦੇ ਗਲੇ ਵਿੱਚ ਇੱਕ ਢੀਮ ਵਾਂਗ ਉਭਰਿਆ ਰਿਹਾ ਅਤੇ ਕਈ ਦਿਨਾਂ ਬਾਅਦ ਹਜ਼ਮ ਹੋ ਕੇ ਪੂਛ ਵੱਲ ਖਿਸਕ ਗਿਆ। ਸਾਡੇ ਕੋਲ ਸਕੂਲ ਦੀ ਲੈਬਾਰਟਰੀ ਦੇ ਮਿਥਾਈਲ ਯੁਕਤ ਸਪਿਰਟ ਵਿੱਚ ਅਜਿਹੇ ਦਰਜਨਾਂ (ਸੱਪ) ਪਏ ਹਨ। ਪਿਛਲੇ ਮਹੀਨੇ ਅਧਿਆਪਕ ਨੇ ਸਪੇਰੇ ਕੋਲੋਂ ਇੱਕ ਅਜਿਹਾ ਸੱਪ ਲਿਆਂਦਾ ਸੀ ਜੋ ਦੋਵੇਂ ਪਾਸੇ ਚੱਲ ਸਕਦਾ ਸੀ। ਇਸਦੀ ਪੂਛ ਕੋਲ ਅੱਖਾਂ ਸਮੇਤ ਇੱਕ ਹੋਰ ਸਿਰ ਸੀ। ਜਦੋਂ ਉਸ ਨੂੰ ਜਾਰ ਵਿੱਚ ਪਾਇਆ ਗਿਆ ਤਾਂ ਮਜ਼ੇਦਾਰ ਦ੍ਰਿਸ਼ ਦੇਖਣ ਨੂੰ ਮਿਲਿਆ। ਲੈਬ ਵਿੱਚ ਵਾਧੂ ਖਾਲੀ ਜਾਰ ਨਹੀਂ ਸੀ, ਇਸ ਲਈ ਇਸਨੂੰ ਅਜਿਹੇ ਜਾਰ ਵਿੱਚ ਪਾ ਦਿੱਤਾ ਗਿਆ ਜਿਸ ਵਿੱਚ ਪਹਿਲਾਂ ਹੀ ਰਸਲ ਵਾਈਪਰ ਮੌਜੂਦ ਸੀ। ਉਸ ਨੇ (ਅਧਿਆਪਕ) ਇਸ ਨੂੰ ਚਿਮਟੀਆਂ ਦੇ ਜੋੜੇ ਨਾਲ ਦੋਵਾਂ ਸਿਰਿਆਂ ਤੋਂ ਫੜ੍ਹਿਆ ਅਤੇ ਜਾਰ ਵਿੱਚ ਫੁਰਤੀ ਨਾਲ ਛੱਡ ਕੇ ਇਸ ਉਪਰ ਢੱਕਣ ਲਗਾ ਦਿੱਤਾ। ਇਹ ਇੱਕ ਨਿਵੇਕਲਾ ਤੂਫ਼ਾਨ ਸੀ, ਉਸ ਨੇ ਸ਼ੀਸ਼ੇ ਵਿੱਚ ਚੱਕਰ ਲਉਂਦੇ ਹੋਏ ਵਾਈਪਰ ਨੂੰ ਟੁਕੜਿਆਂ ਵਿੱਚ ਕੱਟ ਕੇ ਖਤਮ ਕਰ ਦਿੱਤਾ।

ਗੰਗਾ ਰਾਮ ਨੇ ਧਾਰਮਿਕ ਭੈਅ ਵਿੱਚ ਅੱਖਾਂ ਮੀਟ ਲਈਆਂ, "ਇੱਕ ਦਿਨ ਤੁਹਾਨੂੰ ਇਸ ਦੀ ਕੀਮਤ ਚੁਕਾਉਣੀ ਪਏਗੀ, ਹਾਂ, ਤੁਸੀਂ ਚੁਕਾਉਗੇ।"

ਗੰਗਾ ਰਾਮ ਨਾਲ ਬਹਿਸ ਕਰਨ ਦਾ ਕੋਈ ਫਾਇਦਾ ਨਹੀਂ ਸੀ। ਉਹ ਆਮ ਹਿੰਦੂਆਂ ਵਾਂਗ ਪੈਦਾ ਕਰਨ, ਪਾਲਣਾ ਕਰਨ ਅਤੇ ਨਸ਼ਟ ਕਰਨ ਵਾਲੀ ਤ੍ਰੈਮੂਰਤੀ- ਬ੍ਰਹਮਾ, ਵਿਸ਼ਨੂੰ, ਮਹੇਸ਼ ਵਿਚ ਵਿਸ਼ਵਾਸ ਰੱਖਦਾ ਸੀ। ਇਨ੍ਹਾਂ ਵਿਚੋਂ ਵੀ ਉਹ ਵਿਸ਼ਨੂੰ ਦਾ ਜਿਆਦਾ ਭਗਤ ਸੀ। ਉਹ ਦੇਵਤੇ ਦੇ ਸਤਿਕਾਰ ਵਜੋਂ ਹਰ ਰੋਜ ਸਵੇਰੇ ਸੰਦਲ ਦੇ ਲੇਪ ਨਾਲ ਆਪਣੇ ਮੱਥੇ 'ਤੇ ਅੰਗਰੇਜ਼ੀ ਦੇ ਅੱਖਰ 'ਵੀ' ਵਰਗਾ ਚਿੰਨ੍ਹ ਬਣਾਉਂਦਾ ਸੀ। ਬ੍ਰਾਹਮਣ ਹੋਣ ਦੇ ਬਾਵਜੂਦ ਉਹ ਕੋਰਾ ਅਣਪੜ੍ਹ ਅਤੇ ਅੰਧਵਿਸ਼ਵਾਸਾਂ ਨਾਲ ਭਰਿਆ ਹੋਇਆ ਸੀ। ਉਸ ਵਾਸਤੇ ਸਾਰੇ ਜੀਵ ਜੰਤੂ ਪੂਜਣਯੋਗ ਸਨ ਭਾਵੇਂ ਉਹ ਸੱਪ, ਬਿੱਛੂ ਜਾਂ ਕੰਨਖਜੂਰੇ ਹੀ ਕਿਉਂ ਨਾ ਹੋਣ। ਜੇ ਉਹ ਇਹਨਾਂ ਵਿੱਚੋਂ ਕਿਸੇ ਨੂੰ ਦੇਖ ਲੈਂਦਾ ਤਾਂ ਇਸ ਡਰੋਂ ਤੁਰੰਤ ਭਜਾ ਦਿੰਦਾ ਕਿ ਕਿਤੇ ਅਸੀਂ ਇਸਨੂੰ ਮਾਰ ਹੀ ਨਾ ਦੇਈਏ। ਅਸੀਂ ਆਪਣੇ ਬੈਡਮਿੰਟਨ ਰੈਕਟਾਂ ਨਾਲ ਜਿਹੜੇ ਭੂੰਡਾਂ ਨੂੰ ਫੁੰਡਦੇ ਉਹ ਉਹਨਾਂ ਨੂੰ ਚੁੱਕ ਲੈਂਦਾ ਤੇ ਉਹਨਾਂ ਦੇ ਟੁੱਟੇ ਭੱਜੇ ਪਰਾਂ ਦੀ

ਦੇਖਭਾਲ ਕਰਦਾ ਰਹਿੰਦਾ। ਕਈ ਵਾਰ ਉਹ ਸੁੰਨ ਜਿਹਾ ਹੋ ਜਾਂਦਾ ਪਰ ਉਸਦੇ ਵਿਸ਼ਵਾਸ਼ ਵਿੱਚ ਕੋਈ ਫਰਕ ਨਾ ਪੈਂਦਾ। ਗੰਗਾ ਰਾਮ ਜ਼ਿਆਦਾ ਖਤਰਨਾਕ ਜੀਵਾਂ ਦੀ ਹੋਂਦ ਪ੍ਰਤੀ ਜ਼ਿਆਦਾ ਸ਼ਰਧਾਵਾਨ ਸੀ। ਉਂਝ ਤਾਂ ਉਸਦੀ ਸ਼ਰਧਾ ਸਾਰੇ ਸੱਪਾਂ ਬਾਰੇ ਹੀ ਸੀ ਪਰ ਸਭ ਤੋਂ ਵੱਧ ਕੋਬਰਾ ਪ੍ਰਤੀ ਸੀ ਜੋ ਇੱਕ ਕਾਲਾ ਨਾਗ ਸੀ।

ਜੇ ਅਸੀਂ ਕਾਲੇ ਨਾਗ ਨੂੰ ਦੇਖ ਲਿਆ ਤਾਂ ਅਸੀਂ ਉਸਨੂੰ ਮਾਰ ਦਿਆਂਗੇ।"

"ਮੈਂ ਤੁਹਾਨੂੰ ਅਜਿਹਾ ਨਹੀਂ ਕਰਨ ਦੇਵਾਂਗਾ। ਇਸਨੇ ਸੌ ਆਂਡੇ ਦਿੱਤੇ ਹਨ, ਜੇ ਤੁਸੀਂ ਇਸਨੂੰ ਮਾਰ ਦਿਓਗੇ ਤਾਂ ਸਾਰੇ ਆਂਡੇ ਕੋਬਰਾ ਬਣ ਜਾਣਗੇ ਤੇ ਘਰ ਇਹਨਾਂ ਨਾਲ ਭਰ ਜਾਵੇਗਾ। ਫਿਰ ਤੁਸੀਂ ਕੀ ਕਰੋਗੇ?

ਅਸੀਂ ਉਹਨਾਂ ਨੂੰ ਜਿਉਂਦਿਆਂ ਨੂੰ ਫੜ੍ਹ ਕੇ ਬੰਬਈ ਭੇਜ ਦਿਆਂਗੇ। ਉਹ ਉਥੇ ਉਹਨਾਂ ਨੂੰ ਸੱਪ ਦੇ ਜ਼ਹਿਰ-ਰੋਧੀ ਸੀਰਮ ਵਾਸਤੇ ਚੋਅ ਲੈਣਗੇ। ਉਹ ਦੋ ਰੁਪਏ ਪ੍ਰਤੀ ਕੋਬਰਾ ਅਦਾ ਕਰਨਗੇ ਜੋ ਸਿੱਧੇ ਦੋ ਸੌ ਰੁਪਏ ਬਣ ਜਾਣਗੇ।

ਤੁਹਾਡੇ ਡਾਕਟਰਾਂ ਦੇ ਥਣ ਹੋਣਗੇ, ਮੈਂ ਸੱਪ ਦੇ ਕਦੇ ਨਹੀਂ ਦੇਖੇ। ਪਰ ਤੁਸੀਂ ਇੱਕ ਨੂੰ ਵੀ ਛੂਹਣ ਦੀ ਹਿੰਮਤ ਨਾ ਕਰਿਓ। ਇਹ ਫਣ ਵਾਲਾ ਫਨੀਅਰ ਹੈ। ਮੈਂ ਇਸਨੂੰ ਦੇਖਿਆ ਹੈ, ਇਹ ਤਿੰਨ ਹੱਥ ਲੰਮਾ ਹੈ। ਗੰਗਾ ਰਾਮ ਨੇ ਆਪਣੇ ਹੱਥਾਂ ਦੀਆਂ ਹਥੇਲੀਆਂ ਖੋਲ੍ਹੀਆਂ ਤੇ ਉਸਦਾ ਸਿਰ (ਨਾਗ ਦੇ ਫਣ ਵਾਂਗ) ਇੱਧਰ ਉਧਰ ਫਿਰਨ ਲੱਗਾ। ਤੁਹਾਨੂੰ ਇਸ ਨੂੰ ਲਾਅਨ ਵਿੱਚ ਧੁੱਪ ਸੇਕਦੇ ਹੋਏ ਨੂੰ ਦੇਖਣਾ ਚਾਹੀਦੈ।

ਇਸ ਤੋਂ ਸਾਬਤ ਹੁੰਦੈ ਕਿ ਤੂੰ ਕਿੰਨਾ ਝੂਠਾ ਹੈਂ। ਫਨੀਅਰ ਨਰ ਹੁੰਦਾ ਹੈ, ਇਸ ਲਈ ਇਹ ਸੌ ਆਂਡੇ ਨਹੀਂ ਦੇ ਸਕਦਾ। ਜ਼ਰੂਰ ਤੂੰ ਖੁਦ ਆਂਡੇ ਦੇ ਸਕਦੈਂ।

ਪਾਰਟੀ 'ਚ ਜ਼ੋਰਦਾਰ ਹਾਸਾ ਫੁੱਟਿਆ।

ਜ਼ਰੂਰ ਗੰਗਾ ਰਾਮ ਦੇ ਆਂਡੇ ਹੋਣਗੇ। ਛੇਤੀ ਹੀ ਸਾਡੇ ਕੋਲ ਸੌ ਗੰਗਾ ਰਾਮ ਹੋਣਗੇ।

ਗੰਗਾ ਰਾਮ ਦਬ ਗਿਆ ਸੀ। ਇਹ ਇੱਕ ਨੌਕਰ ਦੀ ਹੋਣੀ ਸੀ ਜੋ ਲਗਾਤਾਰ ਦਬਾਇਆ ਜਾ ਰਿਹਾ ਸੀ। ਘਰ ਦੇ ਮਾਲਕ ਦੇ ਬੱਚਿਆਂ ਵਾਸਤੇ ਗੰਗਾ ਰਾਮ ਮਜ਼ਾਕ ਤੇ ਮਨੋਰੰਜਨ ਦਾ ਸਾਧਨ ਬਣਿਆ ਹੋਇਆ ਸੀ। ਉਹ ਆਪਣੇ ਨਵੇਂ ਵਿਚਾਰਾਂ ਨਾਲ ਉਸਨੂੰ ਲਗਾਤਾਰ ਹੀਣਾ ਦਿਖਾਉਂਦੇ ਆ ਰਹੇ ਸਨ। ਉਨ੍ਹਾਂ ਨੇ ਪਵਿੱਤਰ ਕਿਤਾਬਾਂ ਨਹੀ ਪੜ੍ਹੀਆਂ ਸਨ, ਤੇ ਨਾ ਹੀ ਅਹਿੰਸਾ ਬਾਰੇ ਮਹਾਤਮਾ ਦੇ ਕਥਨ। ਉਹ ਕੇਵਲ ਸ਼ਾਟ ਗੰਨ ਨਾਲ ਪੰਛੀਆਂ ਨੂੰ ਮਾਰਨ ਤੇ ਸੱਪਾਂ ਨੂੰ ਮਿਥਾਈਲ ਯੁਕਤ ਸਪਿਰਟ ਵਿੱਚ ਡੁਬੋਣ ਤੱਕ ਹੀ ਸੀਮਤ ਸਨ। ਗੰਗਾ ਰਾਮ ਜੀਵਾਂ ਪ੍ਰਤੀ ਪੁਜਾਰੀਆਂ ਵਾਲੀ ਰਵਾਇਤੀ ਪ੍ਰਾਰਥਨਾ ਵਿੱਚ ਹੀ ਵਿਸ਼ਵਾਸ਼ ਰਖਦਾ ਸੀ। ਉਹ ਸੱਪਾਂ ਨੂੰ ਖਿਲਾਉਂਦਾ ਤੇ ਬਚਾਉਂਦਾ ਸੀ ਕਿਉਂਕਿ (ਉਸ ਅਨੁਸਾਰ) ਸੱਪ ਪ੍ਰਿਥਵੀ ਉਪਰ ਰੱਬ ਦੇ ਜੀਵਾਂ ਵਿੱਚੋਂ ਸਭ ਤੋਂ ਹੇਠਾਂ ਸਨ। ਜੇ ਤੁਸੀਂ ਉਹਨਾਂ ਨੂੰ ਮਾਰਨ ਦੀ ਬਜਾਏ ਪਿਆਰ ਕਰਦੇ ਹੋ ਤਾਂ ਤੁਸੀਂ ਆਪਣਾ ਨੁਕਤਾ ਸਾਬਤ ਕਰ ਸਕਦੇ ਹੋ। ਗੰਗਾ ਰਾਮ ਕਿਹੜੇ ਨੁਕਤੇ ਨੂੰ ਸਾਬਤ ਕਰਨਾ ਚਾਹੁੰਦਾ ਸੀ, ਸਪਸ਼ਟ ਨਹੀਂ ਸੀ। ਉਹ ਸਿਰਫ਼ ਹਰ ਰਾਤ ਸੱਪ ਦੀ ਖੁੱਡ ਕੋਲ ਦੁੱਧ ਦੀ ਭਰੀ ਪਲੇਟ ਰੱਖ ਕੇ ਹੀ ਇਸ ਨੁਕਤੇ ਨੂੰ ਸਾਬਤ ਕਰ ਰਿਹਾ ਸੀ, ਜੋ ਸਵੇਰ ਨੂੰ ਖਾਲੀ ਮਿਲਦੀ ਸੀ।

ਇੱਕ ਦਿਨ ਅਸੀਂ ਕਾਲਾ ਨਾਗ ਦੇਖਿਆ। ਮੌਨਸੂਨ ਆਪਣੇ ਪੂਰੇ ਜਲੌਅ 'ਤੇ ਸੀ ਤੇ ਰਾਤ ਨੂੰ ਮੀਂਹ ਪੈਂਦਾ ਰਿਹਾ ਸੀ। ਗਰਮੀ ਦੀ ਰੁੱਤੇ ਸੁੱਕੀ ਤੇ ਪਿਆਸੀ ਜ਼ਮੀਨ ਵਿੱਚ ਜ਼ਿੰਦਗੀ ਟਹਿਕ ਪਈ ਸੀ। ਪਾਣੀ ਨਾਲ ਭਰੇ ਛੋਟੇ ਟੋਇਆਂ ਵਿੱਚ ਡੱਡੂ ਟਰ ਟਰਾ ਰਹੇ ਸਨ। ਚਿੱਕੜ ਭਰੀ ਜ਼ਮੀਨ ਰੀਂਗ ਰਹੇ ਗੰਡੋਇਆਂ, ਕੰਨਖਜੂਰਿਆਂ ਤੇ ਮਖਮਲੀ ਚੀਚ-ਵਹੁਟੀਆਂ ਨੇ ਢਕੀ ਹੋਈ ਸੀ। ਘਾਹ ਦਿਖਾਈ ਦੇਣ ਲੱਗਾ ਸੀ ਤੇ ਕੇਲੇ ਦੇ ਪੱਤੇ ਬਰਫ਼ ਵਾਂਗ ਹਰੇ ਚਮਕੀਲੇ ਬਣੇ ਹੋਏ ਸਨ। ਮੀਂਹ ਨੇ ਕਾਲੇ ਨਾਗ ਦੀ ਖੁੱਡ ਨੂੰ ਵੀ ਭਰ ਦਿੱਤਾ ਸੀ। ਉਹ ਲਾਅਨ ਦੇ ਇੱਕ ਪਾਸੇ ਬੈਠਾ ਹੋਇਆ ਸੀ। ਧੁੱਪ ਵਿੱਚ ਉਸਦਾ ਕਾਲਾ ਫਣ ਚਮਕ ਰਿਹਾ ਸੀ। ਉਹ ਕਰੀਬ ਛੇ ਫੁੱਟ ਤੱਕ ਲੰਬਾ ਅਤੇ ਮੇਰੇ ਗੁੱਟ ਜਿੰਨਾ ਗੋਲ ਤੇ ਮੋਟਾ ਸੀ।

ਇਹ ਕਿੰਗ ਕੋਬਰਾ ਜਾਪਦੈ, ਆਓ ਆਪਾਂ ਇਸਨੂੰ ਫੜੀਏ।"

ਕਾਲੇ ਨਾਗ ਕੋਲ (ਬਚਣ ਦਾ) ਜ਼ਿਆਦਾ ਮੌਕਾ ਨਹੀਂ ਸੀ। ਜ਼ਮੀਨ ਤਿਲ੍ਹਕਵੀਂ ਸੀ ਅਤੇ ਸਾਰੀਆਂ ਖੁੱਡਾਂ ਤੇ ਨਾਲੀਆਂ ਪਾਣੀ ਨਾਲ ਭਰੀਆਂ ਹੋਈਆਂ ਸਨ। ਗੰਗਾ ਰਾਮ ਮੱਦਦ ਲਈ ਘਰ ਨਹੀਂ ਸੀ। ਇਸ ਤੋਂ ਪਹਿਲਾਂ ਕਿ ਕਾਲਾ ਨਾਗ ਸੂਹ ਲੱਗਣ ਨਾਲ ਖਤਰਨਾਕ ਬਣਦਾ ਅਸੀਂ ਸੋਟੀਆਂ ਨਾਲ ਲੈਸ ਹੋ ਕੇ ਚੁਫੇਰਿਓਂ ਘੇਰ ਲਿਆ। ਜਦੋਂ ਉਸਨੇ ਸਾਨੂੰ ਦੇਖਿਆ ਤਾਂ ਉਸਦੀਆਂ ਅੱਖਾਂ ਅੱਗ ਵਾਂਗ ਲਾਲ ਹੋ ਗਈਆਂ। ਉਹ ਫੁੰਕਾਰੇ ਨਾਲ ਸਭ ਪਾਸੇ ਘੁੰਮਣ ਲੱਗਾ। ਫਿਰ ਚਮਕਦਾਰ ਕਾਲਾ ਨਾਗ ਕੇਲੇ ਦੇ ਪੌਦਿਆਂ ਵੱਲ ਜਾਣਾ ਸ਼ੁਰੂ ਹੋ ਗਿਆ। ਜ਼ਮੀਨ ਬਹੁਤ ਚਿੱਕੜ ਵਾਲੀ ਸੀ ਤੇ ਉਹ ਫਿਸਲ ਰਿਹਾ ਸੀ। ਉਹ ਮੁਸ਼ਕਲ ਨਾਲ ਪੰਜ ਗਜ਼ ਹੀ ਗਿਆ ਹੋਵੇਗਾ ਜਦੋਂ ਉਸਦੇ ਅੱਧ ਵਿਚਕਾਰ ਇੱਕ ਸੋਟੀ ਵੱਜੀ ਤੇ ਉਸਦੀ ਕੰਗਰੋੜ ਟੁੱਟ ਗਈ। ਸੱਟਾਂ ਦੀ ਬਰਸਾਤ ਨੇ ਉਸਨੂੰ ਖੂਨ ਤੇ ਗਾਰੇ ਦੀ ਕਾਲੀ ਚਿੱਟੀ ਚਰਗਲੀ ਜੈਲੀ ਵਾਂਗ ਇਕੱਠਾ ਕਰ ਦਿੱਤਾ। ਉਸਦੀ ਸਿਰੀ ਨੁਕਸਾਨ ਤੋਂ ਬਚੀ ਰਹੀ।

"ਸਿਰੀ ਦਾ ਨੁਕਸਾਨ ਨਾ ਕਰੋ, ਸਾਡੇ ਵਿੱਚੋਂ ਇੱਕ

ਜਣਾ ਚੀਕਿਆ, ਆਪਾਂ ਕਾਲੇ ਨਾਗ ਨੂੰ ਸਕੂਲ ਲੈ ਜਾਵਾਂਗੇ। ਸੋ ਅਸੀਂ ਕੋਬਰਾ ਦੇ ਪੇਟ ਹੇਠੋਂ ਸੋਟੀ ਲੰਘਾ ਕੇ ਉਸਦੇ ਸਿਰੇ ਤੇ ਉਸਨੂੰ ਚੁੱਕ ਲਿਆ। ਅਸੀਂ ਉਸਨੂੰ ਬਿਸਕੁਟਾਂ ਵਾਲੇ ਵੱਡੇ ਪੀਪੇ ਚ ਪਾ ਕੇ ਉਪਰੋਂ ਰੱਸੀ ਨਾਲ ਬੰਨ੍ਹ ਦਿੱਤਾ ਅਤੇ ਪੀਪੇ ਨੂੰ ਪਲੰਘ ਦੇ ਹੇਠਾਂ ਛੁਪਾ ਦਿੱਤਾ।

ਰਾਤ ਨੂੰ ਮੈਂ ਗੰਗਾ ਰਾਮ ਵੱਲੋਂ ਦੁੱਧ ਦੀ ਤਸ਼ਤਰੀ ਲਿਜਾਣ ਦੇ ਇੰਤਜ਼ਾਰ ਵਿੱਚ ਉਸ ਕੋਲ ਰੁਕਿਆ ਰਿਹਾ। ਕੀ ਤੂੰ ਅੱਜ ਰਾਤ ਕਾਲੇ ਨਾਗ ਵਾਸਤੇ ਦੁੱਧ ਲੈ ਕੇ ਨਹੀਂ ਜਾ ਰਿਹਾ? "ਹੂੰਅ ਗੰਗਾ ਰਾਮ ਨੇ ਤਲਖ਼ੀ ਭਰੇ ਢੰਗ ਨਾਲ ਉੱਤਰ ਦਿੱਤਾ, ਤੂੰ ਬਿਸਤਰੇ ਵਿੱਚ ਜਾਹ। ਉਹ ਇਸ ਮਾਮਲੇ ਚ ਹੋਰ ਦਲੀਲਬਾਜ਼ੀ ਨਹੀਂ ਕਰਨੀ ਚਾਹੁੰਦਾ ਸੀ।

"ਹੁਣ ਉਸਨੂੰ ਹੋਰ ਦੁੱਧ ਦੀ ਲੋੜ ਨਹੀਂ ਹੋਏਗੀ।"

ਗੰਗਾ ਰਾਮ ਰੁਕਿਆ, ਕਿਉਂ?

ਕੁੱਝ ਨਹੀਂ, ਇਸ ਵਾਸਤੇ ਇੱਥੇ ਬਥੇਰੇ ਡੱਡੂ ਹਨ। ਉਹ ਜ਼ਰੂਰ ਤੇਰੇ ਦੁੱਧ ਨਾਲੋਂ ਜ਼ਿਆਦਾ ਸੁਆਦੀ ਹੋਣਗੇ। ਤੂੰ ਇਹਦੇ ਵਿੱਚ ਕਦੇ ਕੋਈ ਖੰਡ ਵੀ ਨਹੀਂ ਪਾਈ।

ਅਸੀਂ ਸਮੇਂ ਸਿਰ ਨਾਸ਼ਤਾ ਲਿਆ ਤੇ ਇਸ ਦੌਰਾਨ ਗੰਗਾ ਰਾਮ ਸਾਡੇ ਨੇੜੇ ਹੀ ਰੁਕਿਆ ਰਿਹਾ। ਸਕੂਲ ਬੱਸ ਆ ਗਈ ਤੇ ਅਸੀਂ ਪੀਪਾ ਲੈ ਕੇ ਉਸ ਵਿੱਚ ਚੜ੍ਹ ਗਏ। ਜਿਉਂ ਹੀ ਬੱਸ ਸਟਾਰਟ ਹੋਈ ਅਸੀਂ ਗੰਗਾ ਰਾਮ ਨੂੰ ਪੀਪਾ ਦਿਖਾਇਆ, ਤੁਹਾਡਾ ਕਾਲਾ ਨਾਗ ਇਸ ਬਕਸੇ ਵਿੱਚ ਸੁਰੱਖਿਅਤ ਹੈ। ਅਸੀਂ ਇਸ ਨੂੰ ਸਪਿਰਟ ਵਿੱਚ ਪਾਉਣ ਜਾ ਰਹੇ ਹਾਂ। ਅਸੀਂ ਉਸਨੂੰ ਚੁੱਪਚਾਪ ਖੜ੍ਹੇ ਨੂੰ ਛੱਡ ਕੇ ਚਲੇ ਗਏ।

ਸਕੂਲ ਵਿੱਚ ਭਾਰੀ ਉਤੇਜਨਾ ਸੀ। ਸਾਡੀ ਚਾਰੇ ਭਰਾਵਾਂ ਦੀ ਚੌਕੜੀ ਦਬੰਗਪੁਣੇ ਕਰਕੇ ਜਾਣੀ ਜਾਂਦੀ ਸੀ। ਅਸੀਂ ਇਸ ਨੂੰ ਮੁੜ ਸਾਬਤ ਕਰਨ ਜਾ ਰਹੇ ਸਾਂ।

'ਕਿੰਗ ਕੋਬਰਾ, ਛੇ ਫੁੱਟ ਲੰਬਾ ਫ਼ਨੀਅਰ'

ਪੀਪਾ ਸਾਇੰਸ ਮਾਸਟਰ ਨੂੰ ਸੌਂਪ ਦਿੱਤਾ ਗਿਆ। ਹੁਣ ਇਹ ਅਧਿਆਪਕ ਦੀ ਮੇਜ ’ਤੇ ਸੀ ਅਤੇ ਅਸੀਂ ਇੰਤਜ਼ਾਰ ਕਰ ਰਹੇ ਸਾਂ ਕਿ ਕਦੋਂ ਉਹ ਇਸ ਨੂੰ ਖੋਲ੍ਹਣ ਅਤੇ ਸਾਡੀ ਮੁਹਾਰਤ ਦੀ ਪ੍ਰਸੰਸਾ ਕਰਨ। ਅਧਿਆਪਕ ਨੇ ਇਸ ਵਿੱਚ ਦਿਲਚਸਪੀ ਨਾ ਹੋਣ ਦਾ ਦਿਖਾਵਾ ਕੀਤਾ ਹੈ ਅਤੇ ਸਾਨੂੰ ਕੁਝ ਪ੍ਰਸ਼ਨਾਂ ’ਤੇ ਕੰਮ ਕਰਨ ਲਗਾ ਦਿੱਤਾ। ਉਕਤਾਏ ਹੋਣ ਦਾ ਦਿਖਾਵਾ ਕਰਦੇ ਹੋਏ ਉਹ ਆਪਣੀਆਂ ਚਿਮਟੀਆਂ ਅਤੇ ਮੈਥਾਈਲ ਯੁਕਤ ਗੰਧਲੇ ਸਪਿਰਟ ਵਿੱਚ ਕੁੰਡਲੀ ਮਾਰੀ ਪਏ ਬੈਂਡਡ ਕਰੇਟ (ਅਫਰੀਕਾ ਦਾ ਜ਼ਹਿਰੀਲਾ ਸੱਪ) ਵਾਲੇ ਜਾਰ ਨੂੰ ਲੈ ਆਇਆ। ਉਸ ਨੇ ਗੁਣਗੁਣਾਉਂਦੇ ਹੋਏ ਬਕਸੇ ਦੇ ਦੁਆਲਿਉਂ ਰੱਸੀ ਖੋਲ੍ਹੀ। ਜਿਉਂ ਹੀ ਰੱਸੀ ਢਿੱਲੀ ਹੋਈ ਤਾਂ ਅਧਿਆਪਕ ਦੇ ਐਨ ਨੱਕ ਕੋਲੋਂ ਬਕਸੇ ਦਾ ਢੱਕਣ ਹਵਾ ਵਿੱਚ ਉਡਿਆ। ਇਸ ਵਿੱਚ ਕਾਲਾ ਨਾਗ ਸੀ ਤੇ ਉਸ ਦੀਆਂ ਅੱਖਾਂ ਲਾਲ ਅੰਗਿਆਰਿਆਂ ਵਾਂਗ ਬਲ ਰਹੀਆਂ ਸਨ। ਉਸਦਾ ਨੁਕਸਾਨ ਰਹਿਤ ਫਣ ਤਨਿਆ ਹੋਇਆ ਸੀ। ਉਸ ਨੇ ਸ਼ੋਰੀਲੇ ਫੁੰਕਾਰੇ ਨਾਲ ਅਧਿਆਪਕ ਦੇ ਚਿਹਰੇ ’ਤੇ ਹਮਲਾ ਕਰ ਦਿੱਤਾ। ਅਧਿਆਪਕ ਨੇ ਖ਼ੁਦ ਨੂੰ ਕੁਰਸੀ ’ਤੇ ਸੁੱਟ ਲਿਆ ਅਤੇ ਉਹ ਕੁਰਸੀ ਸਮੇਤ ਫਰਸ਼ ’ਤੇ ਡਿੱਗ ਪਿਆ। ਉਹ ਡਰ ਨਾਲ ਸਾਹਸੱਤ ਹੀਣ ਹੋਇਆ ਕੋਬਰੇ ਵੱਲ ਦੇਖਣ ਲੱਗਾ। ਲੜਕੇ ਆਪਣੇ ਬੈਂਚਾਂ ਤੇ ਖੜ੍ਹੇ ਹੋ ਗਏ ਤੇ ਬਦਹਵਾਸ ਹੋਏ ਚੀਕਾਂ ਮਾਰਨ ਲੱਗੇ। ਕਾਲੇ ਨਾਗ ਨੇ ਖ਼ੂਨੀ ਅੱਖਾਂ ਨਾਲ ਦ੍ਰਿਸ਼ ਦਾ ਜਾਇਜ਼ਾ ਲਿਆ। ਉਸਦੀ ਤਿੱਖੀ ਜੀਭ ਨੇਜ਼ੇ ਵਾਂਗ ਅੰਦਰ ਬਾਹਰ ਹੋਣ ਲੱਗੀ। ਉਸਨੇ ਥੋੜ੍ਹੇ ਯਤਨ ਤੇ ਗੁੱਸੇ ਨਾਲ ਆਜ਼ਾਦ ਹੋਣ ਲਈ ਹੰਭਲਾ ਮਾਰਿਆ। ਉਹ ਤੇਜ਼ ਖੜਾਕ ਨਾਲ ਪੀਪੇ ਵਿੱਚੋਂ ਬਾਹਰ ਫ਼ਰਸ਼ ਤੇ ਡਿੱਗਿਆ। ਉਸਦੀ ਕੰਗਰੋੜ ਕਈ ਥਾਵਾਂ ਤੋਂ ਟੁੱਟੀ ਹੋਈ ਸੀ ਅਤੇ ਉਹ ਆਪਣੇ ਆਪ ਨੂੰ ਪੀੜਾ ਨਾਲ ਧੂੰਹਦਾ ਹੋਇਆ ਦਰਵਾਜ਼ੇ ਤੱਕ ਲੈ ਗਿਆ। ਜਦੋਂ ਉਹ ਦਹਿਲੀਜ਼ ਤੇ ਪਹੁੰਚਿਆ ਤਾਂ ਉਸਨੇ ਖ਼ੁਦ ਨੂੰ ਅੱਗੇ ਵੱਲ ਧੂਹਿਆ ਤੇ ਇੱਕ ਹੋਰ ਖ਼ਤਰੇ ਦਾ ਸਾਹਮਣਾ ਕਰਨ ਲਈ ਇੱਕ ਵਾਰ ਫਿਰ ਆਪਣੇ ਫਣ ਨੂੰ ਫੈਲਾਉਂਦੇ ਹੋਏ ਉਪਰ ਉਠਾਇਆ।

ਜਮਾਤ ਦੇ ਕਮਰੇ ਦੇ ਬਾਹਰ ਗੰਗਾ ਰਾਮ ਤਸ਼ਤਰੀ ਤੇ ਦੁੱਧ ਦਾ ਜੱਗ ਲਈ ਖੜ੍ਹਾ ਸੀ। ਜਿਉਂ ਹੀ ਉਸਨੇ ਕਾਲੇ ਨਾਗ ਨੂੰ ਆਉਂਦਾ ਦੇਖਿਆ, ਉਹ ਗੋਡਿਆਂ ਪਰਨੇ ਹੇਠਾਂ ਬੈਠ ਗਿਆ। ਉਸਨੇ ਤਸ਼ਤਰੀ ਵਿੱਚ ਦੁੱਧ ਪਾਇਆ ਤੇ ਇਸਨੂੰ ਦਹਿਲੀਜ਼ ਦੇ ਨੇੜੇ ਰੱਖ ਦਿੱਤਾ। ਉਸਨੇ ਪ੍ਰਾਰਥਨਾ ਲਈ ਹੱਥ ਜੋੜੇ ਤੇ ਖਿਮ੍ਹਾ ਮੰਗਦੇ ਹੋਏ ਆਪਣਾ ਸਿਰ ਜ਼ਮੀਨ ਤੇ ਝੁਕਾ ਦਿੱਤਾ। ਕੋਬਰੇ ਨੇ ਪ੍ਰੇਸ਼ਾਨੀ ਤੇ ਕਰੋਧ ਨਾਲ ਫੁੰਕਾਰਾ ਮਾਰਿਆ ਤੇ ਗੰਗਾ ਰਾਮ ਦੇ ਮੱਥੇ ਤੇ ਡੰਗ ਮਾਰ ਦਿੱਤਾ। ਫਿਰ ਉਸਨੇ ਭਾਰੀ ਤਰੱਦਦ ਨਾਲ ਖ਼ੁਦ ਨੂੰ ਧੂੰਹਦੇ ਹੋਏ ਨਾਲੀ ਵਿੱਚ ਸੁੱਟ ਲਿਆ ਤੇ ਪਲਟੀਆਂ ਮਾਰਦਾ ਹੋਇਆ ਉਥੋਂ ਚਲਾ ਗਿਆ।

ਗੰਗਾ ਰਾਮ ਆਪਣੇ ਹੱਥਾਂ ਨਾਲ ਚਿਹਰਾ ਢਕਦੇ ਹੋਏ ਢਹਿ ਪਿਆ। ਉਹ ਸਖ਼ਤ ਪੀੜਾ ਨਾਲ ਕਰਾਹ ਰਿਹਾ ਸੀ। ਪਲਾਂ ਵਿੱਚ ਹੀ ਜ਼ਹਿਰ ਨੇ ਉਸਨੂੰ ਅੰਨ੍ਹਾ ਕਰ ਦਿੱਤਾ। ਕੁੱਝ ਮਿੰਟਾਂ ਵਿੱਚ ਉਹ ਪੀਲਾ ਤੇ ਨੀਲਾ ਹੋ ਗਿਆ ਅਤੇ ਉਸਦੇ ਮੂੰਹ ਵਿੱਚੋਂ ਝੱਗ ਨਿਕਲਣ ਲੱਗੀ। ਉਸਦੇ ਮੱਥੇ ਤੇ ਖ਼ੂਨ ਦੀਆਂ ਛੋਟੀਆਂ ਬੂੰਦਾਂ ਦਿਖਾਈ ਦੇ ਰਹੀਆਂ ਸਨ। ਅਧਿਆਪਕ ਨੇ ਇਨ੍ਹਾਂ ਨੂੰ ਆਪਣੇ ਰੁਮਾਲ ਨਾਲ ਸਾਫ਼ ਕਰ ਦਿੱਤਾ। ਇਸ ਦੇ ਹੇਠਾਂ 'V' ਦਾ ਨਿਸ਼ਾਨ ਸੀ ਜਿੱਥੇ ਕਾਲੇ ਨਾਗ ਨੇ ਆਪਣੇ ਦੰਦ ਖੁਭੋਏ ਸਨ।

***ਅਨੁਵਾਦ ਤੇ ਪੇਸ਼ਕਸ਼-ਰਣਧੀਰ ਗਿੱਲਪੱਤੀ***



# ਲਸਣ - ਇੱਕ ਲਾਜਵਾਬ ਕੁਦਰਤੀ ਦਾਤ

- ਡਾ. ਨਵਤੇਜ ਸਿੰਘ M.D. (Pathology)

***ਜਿਵੇਂ ਪਿਛਲੇ ਅੰਕ ਵਿੱਚ ਦੱਸਿਆ ਗਿਆ ਸੀ ਕਿ ਅਸੀਂ ਪੌਦਿਆਂ ਤੋਂ ਮਿਲਣ ਵਾਲੇ ਕੁਝ ਵਿਸ਼ੇਸ਼ ਖਾਧ-ਪਦਾਰਥਾਂ ਦੇ ਸਾਡੀ ਸਿਹਤ ਉੱਤੇ ਪੈਣ ਵਾਲੇ ਅਸਰਾਂ ਬਾਰੇ ਵਿਗਿਆਨਕ ਪੱਖੋਂ ਪ੍ਰਮਾਣਿਤ ਜਾਣਕਾਰੀ ਦੇਣੀ ਸ਼ੁਰੂ ਕੀਤੀ ਹੈ, ਤਾਂ ਜੋ ਸਾਡੇ ਪਾਠਕ ਇਨ੍ਹਾਂ ਬਾਰੇ ਸੁਣੀਆਂ ਸੁਣਾਈਆਂ ਗੱਲਾਂ ਜਾਂ ਸੋਸ਼ਲ ਮੀਡੀਆ ਉੱਤੇ ਪਾਈਆਂ ਜਾਂਦੀਆਂ ਪੋਸਟਾਂ ਉੱਤੇ ਹੀ ਨਿਰਭਰ ਨਾ ਰਹਿਣ। ਪਿਛਲੇ ਅੰਕ ਵਿੱਚ ਅਲਸੀ ਬਾਰੇ ਦੱਸਿਆ ਗਿਆ ਸੀ, ਇਸ ਅੰਕ ਵਿੱਚ ਲਸਣ ਬਾਰੇ ਹੈ ਅਤੇ ਅਗਲੇ ਅੰਕ ਵਿੱਚ ਅਦਰਕ ਬਾਰੇ ਜਾਣਕਾਰੀ ਦਿੱਤੀ ਜਾਵੇਗੀ।***

ਲਸਣ, (Garlic) ਜਿਸਦਾ ਵਿਗਿਆਨਕ ਨਾਮ Allium sativum ਹੈ, ਰਸੋਈ ਵਿੱਚ ਵਰਤੇ ਜਾਣ ਵਾਲੇ ਸਭ ਤੋਂ ਮਹੱਤਵਪੂਰਨ ਖਾਧ ਪਦਾਰਥਾਂ ਵਿੱਚੋਂ ਇੱਕ ਹੈ। ਲਸਣ ਦੀ ਵਰਤੋਂ ਹਜ਼ਾਰਾਂ ਸਾਲਾਂ ਤੋਂ ਹੋ ਰਹੀ ਹੈ। ਵੱਖ-ਵੱਖ ਪ੍ਰਾਚੀਨ ਸਭਿਆਚਾਰਾਂ ਵਿੱਚ ਲਸਣ ਨੂੰ ਰਸੋਈ ਵਿਚਲੇ ਮਸਾਲੇ ਤੋਂ ਵੱਧ ਇਸਨੂੰ ਇੱਕ ਔਸ਼ਧੀ (medicine) ਵਜੋਂ ਵਰਤਿਆ ਜਾਂਦਾ ਸੀ।

* ਕਰੀਬ 5000 ਸਾਲ ਪਹਿਲਾਂ ਮਿਸਰ ਦੇ ਲੋਕ ਲਸਣ ਨੂੰ ਸ਼ਕਤੀ ਤੇ ਸਿਹਤ ਦਾ ਪ੍ਰਤੀਕ ਮੰਨਦੇ ਸਨ।
* ਯੂਨਾਨੀ ਅਤੇ ਰੋਮਨ ਖਿਡਾਰੀ, ਲਸਣ ਖਾ ਕੇ ਆਪਣੇ ਆਪ ਨੂੰ ਮਜ਼ਬੂਤ ਤੇ ਤੰਦਰੁਸਤ ਰੱਖਦੇ ਸਨ। ਲਸਣ ਨੂੰ ਇੱਕ 'ਸ਼ਕਤੀਵਰਧਕ ਭੋਜਨ' ਮੰਨਿਆ ਜਾਂਦਾ ਸੀ। ਇੱਥੇ ਹੀ ਬੱਸ ਨਹੀਂ, ਰੋਮਨ ਸਿਪਾਹੀ ਜੰਗ ਤੇ ਜਾਣ ਤੋਂ ਪਹਿਲਾਂ ਲਸਣ ਖਾਂਦੇ ਸਨ
* ਮੈਡੀਸਿਨ ਦੇ ਪਿਤਾਮਾ ਹਿਪੋਕ੍ਰੇਟਸ ਮੁਤਾਬਿਕ ਲਸਣ ਪੇਟ ਸਾਫ਼ ਕਰਦਾ ਅਤੇ ਸਰੀਰ ਦੀ ਰੋਗ-ਰੋਧਕ ਸ਼ਕਤੀ (immunity) ਵਧਾਉਂਦਾ ਹੈ।
* ਦੂਜੀ ਵਿਸ਼ਵ ਯੁੱਧ ਦੌਰਾਨ ਲਸਣ ਨੂੰ "Russian Penicillin ਵੀ ਆਖਿਆ ਜਾਂਦਾ ਸੀ ਕਿਉਂਕਿ ਰੂਸੀ ਫੌਜੀ ਇਸਨੂੰ ਜ਼ਖ਼ਮਾਂ ਤੇ ਐਂਟੀਬਾਇਓਟਿਕ ਦੀ ਤਰ੍ਹਾਂ ਲਗਾਉਂਦੇ ਸਨ।

**ਲਸਣ ਦੇ ਮੁੱਖ ਰਸਾਇਣਕ ਤੱਤ:**

ਲਸਣ ਵਿੱਚ ਸੈਂਕੜੇ ਫਾਈਟੋਕੈਮੀਕਲਜ਼ (phytochemicals) ਹੁੰਦੇ ਹਨ। ਫਾਈਟੋਕੈਮੀਕਲਜ਼ ਉਹ ਰਸਾਇਣਕ ਪਦਾਰਥ ਹੁੰਦੇ ਹਨ ਜੋ ਪੌਦਿਆਂ ਤੋਂ ਕੁਦਰਤੀ ਰੂਪ ਵਿੱਚ ਮਿਲਦੇ ਹਨ ਅਤੇ ਮਨੁੱਖੀ ਸਰੀਰ ਲਈ ਬਹੁਤ ਲਾਭਦਾਇਕ ਹੁੰਦੇ ਹਨ। ਇਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਨ ਹਨ:

* **ਆਲੀਸਿਨ (Allicin)** ਇਹ ਸਭ ਤੋਂ ਸਰਗਰਮ ਸਲਫਰ-ਅਧਾਰਿਤ ਤੱਤ ਹੈ ਜੋ ਲਸਣ ਦੀ ਮਹਿਕ ਦਾ ਮੁੱਖ ਕਾਰਨ ਹੈ ਅਤੇ ਇਸਦੇ 70-80% ਸਾਰੇ ਵਧੀਆ ਗੁਣਕਾਰਕ ਤੱਤਾਂ ਲਈ ਜ਼ਿੰਮੇਵਾਰ ਹੈ।
* ਜਦ ਲਸਣ ਨੂੰ ਕੂੰਡੀ ਵਿੱਚ ਕੁੱਟਿਆ ਜਾਂ ਬਰੀਕ ਕੱਟਿਆ ਜਾਂਦਾ ਹੈ ਤਾਂ ਇੱਕ ਰਸਾਇਣਕ ਪ੍ਰਕਿਰਿਆ ਹੁੰਦੀ ਹੈ ਜਿਸ ਵਿੱਚ ਲਸਣ ਚ ਮੌਜੂਦ Alliin ਅਤੇ enzyme Alliinase ਮਿਲ ਕੇ Allicin ਬਣਾਉਂਦੇ ਹਨ।
* ਇੱਥੇ ਇਹ ਜਾਣਨਾ ਜ਼ਰੂਰੀ ਹੈ ਕਿ ਆਲੀਸਿਨ ਤਾਜ਼ੇ ਕੁੱਟੇ ਲਸਣ ਵਿੱਚ ਮੌਜੂਦ ਹੁੰਦਾ ਹੈ ਪਰ ਗਰਮ ਕਰਨ ਨਾਲ ਇਸਦੀ ਮਾਤਰਾ ਘਟਦੀ ਜਾਂਦੀ ਹੈ।
* ਉਪਰੋਕਤ ਤੱਤ ਆਲੀਸਿਨ ਜਲਦੀ ਖਤਮ ਹੋ ਜਾਂਦਾ ਹੈ ਪਰ ਇਹ ਤੋਂ ਹੋਰ ਗੁਣਕਾਰੀ ਸਲਫਰ ਯੋਗਿਕ ਬਣਦੇ ਹਨ।
* ਲਸਣ 'ਚ ਉਪਰੋਕਤ ਤੋਂ ਇਲਾਵਾ ਥੋੜ੍ਹੀ ਮਾਤਰਾ ਵਿੱਚ ਸੈਪੋਨਿਨਜ਼ (Saponins) ਅਤੇ ਫੀਨੋਲਿਕ ਯੋਗਿਕ (Phenolic Compounds) ਵੀ ਮਿਲਦੇ ਹਨ:
* ਥੋੜ੍ਹੀ ਮਾਤਰਾ ਵਿੱਚ ਲਸਣ ਵਿੱਚ ਕੈਲਸ਼ੀਅਮ, ਪੋਟਾਸ਼ੀਅਮ, ਸੋਡੀਅਮ, ਮੈਗਨੀਸ਼ੀਅਮ ਆਦਿ ਅਨਮੋਲ ਖਣਿਜ ਵੀ ਮਿਲਦੇ ਹਨ।

ਉਪਰੋਕਤ ਸਾਰੇ ਤੱਤ ਮਿਲ ਕੇ ਲਸਣ ਨੂੰ ਇੱਕ ਚਮਤਕਾਰੀ ਕੁਦਰਤੀ ਦਵਾਈ ਬਣਾਉਂਦੇ ਹਨ।

***ਇੱਥੇ ਇਹ ਜਾਣਨਾ ਜ਼ਰੂਰੀ ਹੈ ਕਿ ਅੱਗ ਤੇ ਪਕਾਉਣ ਨਾਲ ਲਸਣ ਦਾ ਸਭ ਤੋਂ ਲਾਭਕਾਰੀ ਤੱਤ ਆਲੀਸਿਨ ਵੱਡੀ ਮਾਤਰਾ ਵਿੱਚ ਨਸ਼ਟ ਹੋ ਜਾਂਦਾ ਹੈ, ਯਾਨੀ ਇਸਦੇ ਗੁਣਕਾਰੀ ਤੱਤ ਘਟ ਜਾਂਦੇ ਹਨ।***

**ਲਸਣ ਦੇ ਮੁੱਖ ਸਿਹਤ ਲਾਭ**

**(ੳ) ਦਿਲ ਦੀ ਸਿਹਤ ਸੰਬੰਧੀ ਲਾਭ (Cardiovascular Benefits)**

1. ਬਲੱਡ-ਪ੍ਰੈਸ਼ਰ ਲਈ (Hypertension):

ਲਸਣ 'ਚ ਮੌਜੂਦ ਫਾਈਟੋਕੈਮੀਕਲਜ਼ ਨਾਈਟ੍ਰਿਕ ਆਕਸਾਈਡ ਅਤੇ ਹਾਈਡ੍ਰੋਜਨ ਸਲਫਾਈਡ ਬਣਾਉਂਦੇ ਹਨ ਜੋ ਦਿਲ ਤੋਂ ਸਰੀਰ ਨੂੰ ਖੂਨ ਸਪਲਾਈ ਕਰਨ ਵਾਲੀਆਂ ਨਾੜੀਆਂ (arteries)

ਨੂੰ ਢਿੱਲੀਆਂ ਕਰਕੇ ਦੋਨੋਂ ਉਪਰਲੇ ਤੇ ਹੇਠਲੇ ਬਲੱਡਪ੍ਰੈਸ਼ਰ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਬਲੱਡ ਪ੍ਰੈਸ਼ਰ ਘਟਣ ਨਾਲ ਦਿਲ ਦੇ ਪੱਠਿਆਂ ਤੇ ਬੇਲੋੜੀਂਦਾ ਬੋਝ ਵੀ ਘੱਟ ਜਾਂਦਾ ਹੈ ਤੇ ਦਿਲ ਸਲਾਮਤੀ ਨਾਲ ਕੰਮ ਕਰਦਾ ਹੈ ।

**(ਅ) ਖ਼ੂਨ ਵਿੱਚ ਬੇਲੋੜੀ ਚਰਬੀ (Dyslipidemia)**

1. ਲਸਣ ਚ ਮੌਜੂਦ ਉਪਰੋਕਤ ਤੱਤ- ਆਲੀਸਿਨ, ਸਪੋਨਿਨਜ਼ ਤੇ ਫੀਨੋਲਿਕ ਯੋਗਿਕ ਖੂਨ ਚ ਮੌਜੂਦ ਚਰਬੀ ਯਾਨੀ ਕੋਲੇਸਟਰੋਲ (Cholesterol) ਅਤੇ ਟ੍ਰਾਈਗਲਿਸਰਾਈਡਜ਼ (Triglycerides) ਘਟਾਉਂਦੇ ਹਨ।

2. ਲਸਣ ਚ ਮੌਜੂਦ ਉਪਰੋਕਤ ਤੱਤ ਜਿਗਰ ਵਿੱਚ ਕੋਲੈਸਟ੍ਰੋਲ ਬਣਨ ਦੀ ਪ੍ਰਕਿਰਿਆ ਰੋਕਦੇ ਹਨ।

3. ਉਪ੍ਰੋਕਤ ਤੱਤ ਬੁਰੇ ਕੋਲੈਸਟ੍ਰੋਲ ਵਜੋਂ ਜਾਣੇ ਜਾਂਦੇ LDL ਦੀ ਆਕਸੀਡੇਸ਼ਨ ਰੋਕਦੇ ਹਨ। ਇੱਥੇ ਇਹ ਜਾਣਨਾ ਜ਼ਰੂਰੀ ਹੈ ਕਿ LDL ਦੀ ਆਕਸੀਡੇਸ਼ਨ ਹੋ ਕੇ ਹੀ ਇਹ ਜ਼ਿਆਦਾ ਖਰਾਬ ਜੋ ਜਾਂਦਾ ਹੈ ਤੇ ਦਿਲ ਅਤੇ ਦਿਮਾਗ਼ ਦੀਆਂ ਅਤੇ ਹੋਰ ਖ਼ੂਨ ਧਮਨੀਆਂ ਵਿੱਚ ਜੰਮ ਕੇ ਅਤੇ ਉਨ੍ਹਾਂ ਨੂੰ ਸਖ਼ਤ ਕਰਕੇ ਖ਼ੂਨ ਸਪਲਾਈ ਰੋਕਦਾ ਹੈ ਜਾਂ ਫਿਰ ਇਹ ਟੁੱਟ ਕੇ ਜ਼ਖਮ ਵਾਂਗ ਬਣ ਜਾਂਦਾ ਹੈ ਤੇ ਖ਼ੂਨ ਦਾ ਧੱਬਾ (blood clot) ਬਣ ਕੇ ਦਿਲ ਯਾਂ ਦਿਮਾਗ ਦੇ ਦੌਰੇ ਦਾ ਕਾਰਨ ਬਣਦਾ ਹੈ।

**(ੲ) ਖ਼ੂਨ ਜੰਮਣ ਤੋਂ ਰੋਕਣਾ ਤੇ ਖ਼ੂਨ ਪਤਲਾ ਕਰਨਾ (Anti-thrombotic and Anticoagulant Effects)**

1. ਲਸਣ ਖ਼ੂਨ ਦੇ ਜੰਮਣ ਨੂੰ ਰੋਕ ਕੇ ਦਿਲ ਦੇ ਦੌਰੇ ਜਾਂ ਦਿਮਾਗ ਦੇ ਸਟ੍ਰੋਕ ਤੋਂ ਬਚਾਅ ਕਰਦਾ ਹੈ।

2. ਲਸਣ ਚ ਮੌਜੂਦ ਐਲੀਸਿਨ ਤੇ ਹੋਰ ਸਲਫਰ ਯੋਗਿਕ ਅਤੇ ਸੈਪੋਨਿਨਜ਼ (saponins) ਮਿਲ ਕੇ ਬਲੱਡ ਪਲੇਟਲੈੱਟਸ (platelets) ਨੂੰ ਸਰਗਰਮ ਹੋ ਕੇ ਇਕੱਠੇ ਹੋਣ ਤੋਂ ਰੋਕਦੇ ਹਨ ਅਤੇ ਖ਼ੂਨ ਦੇ ਜੰਮਣ ਦੇ ਸਮੇਂ ਨੂੰ ਵਧਾ ਦਿੰਦੇ ਹਨ, ਜਿਸ ਨਾਲ ਖ਼ੂਨ ਦੇ ਥੱਕੇ ਬਣਨ (Thrombosis) ਤੋਂ ਬਚਾਅ ਹੋ ਜਾਂਦਾ ਹੈ। ਇੱਥੇ ਇਹ ਜਾਣਨਾ ਜ਼ਰੂਰੀ ਹੈ ਕਿ ਖ਼ੂਨ ਦੇ ਜੰਮਣ ਲਈ ਪਲੇਟਲੈੱਟਸ ਦੀ ਸਰਗਰਮੀ ਜ਼ਰੂਰੀ ਹੁੰਦੀ ਹੈ।

**(ਸ) ਕੈਂਸਰ ਵਿਰੋਧੀ ਗੁਣ (Anti-Cancer Properties)**

1. ਲਸਣ ਦੇ ਗੰਧਕ ਵਾਲੇ ਤੱਤ ਖ਼ਾਸ ਕਰਕੇ Allicin, Z-Ajoene ਅਤੇ ਕੁਝ ਸੈਪੋਨਿਨਜ਼ ਤੇ ਫੀਨੋਲਿਕ ਯੋਗਿਕ ਆਦਿ ਕੈਂਸਰ ਦੇ ਸੈੱਲਾਂ ਨੂੰ ਵਧਣ ਤੋਂ ਰੋਕਦੇ ਹਨ। ਇਸ ਦੇ ਨਾਲ ਹੀ ਕੁਝ ਫੀਨੋਲਿਕ ਯੋਗਿਕ ਕੈਂਸਰ ਦੇ ਸੈੱਲਾਂ ਨੂੰ ਮਾਰਨ ਦੀ ਸਮਰੱਥਾ ਵੀ ਰੱਖਦੇ ਹਨ।

2. ਇਹ ਤੱਤ ਨਵੀਆਂ ਖ਼ੂਨ ਦੀਆਂ ਰਗਾਂ ਦਾ ਬਣਨਾ (angiogenesis) ਰੋਕਦੇ ਹਨ। ਕੈਂਸਰ ਦੇ ਫੈਲਣ ਲਈ ਵਾਧੂ ਖ਼ੂਨ ਸਪਲਾਈ ਦੇਣ ਲਈ ਇਹ ਖ਼ੂਨ ਦੀਆਂ ਨਵੀਆਂ ਰਗਾਂ ਜ਼ਰੂਰੀ ਹੁੰਦੀਆਂ ਹਨ।

3. ਕਈ ਅਧਿਐਨ ਦੱਸਦੇ ਹਨ ਕਿ ਲਸਣ ਦੀ ਲੰਬੇ ਸਮੇਂ ਤਕ ਵਰਤੋਂ ਨਾਲ ਫੇਫੜਿਆਂ, ਪੇਟ, ਅੰਤੜੀ, ਛਾਤੀ ਅਤੇ ਪ੍ਰੋਸਟੇਟ ਕੈਂਸਰ ਦੇ ਖ਼ਤਰੇ ਵਿੱਚ ਕਮੀ ਆਉਂਦੀ ਹੈ।

**(ਹ) ਸੋਜ-ਵਿਰੋਧੀ ਅਸਰ (Anti-inflammatory Properties):**

1. ਲਸਣ ਵਿੱਚ ਅਜਿਹੇ ਤੱਤ ਹੁੰਦੇ ਹਨ ਜੋ ਸੋਜ ਪੈਦਾ ਕਰਨ ਵਾਲੇ ਰਸਾਇਣਾਂ ਨੂੰ ਘਟਾਉਂਦੇ ਹਨ।

2. ਸੋਜ ਘਟਾਉਣ ਵਾਲੇ ਇਸ ਗੁਣ ਕਰਕੇ ਗਠੀਆ (arthritis) ਆਦਿ ਵਿੱਚ ਵੀ ਲਸਣ ਲਾਭਦਾਇਕ ਹੈ।

**(ਕ) ਬੈਕਟੀਰੀਆ, ਫੰਗਸ ਅਤੇ ਵਾਇਰਸ ਖਿਲਾਫ਼ ਅਸਰ (Antibacterial, Antifungal and antiviral effect)**

1. ਬੈਕਟੀਰੀਆ ਵਿਰੋਧੀ (Antibacterial)-

* ਆਲੀਸਿਨ ਕਈ ਤਰ੍ਹਾਂ ਦੇ ਬੈਕਟੀਰੀਆ ਖ਼ਿਲਾਫ਼ ਕਾਰਗਰ ਹੈ, ਜਿਸ ਕਰਕੇ ਲਸਣ ਇੱਕ ਕੁਦਰਤੀ ਐਂਟੀਬਾਇਓਟਿਕ ਸਿੱਧ ਹੁੰਦਾ ਹੈ ਜੋ ਸਰੀਰ ਦੇ ਕੁਦਰਤੀ ਪ੍ਰਬੰਧ ਨੂੰ ਨੁਕਸਾਨ ਨਹੀ ਪਹੁੰਚਾਉਂਦਾ।

2. ਉੱਲੀ ਵਿਰੋਧੀ (Antifungal)-

* ਲਸਣ ਚ ਮੌਜੂਦ ਉਪਰੋਕਤ ਤੱਤ ਕਈ ਤਰ੍ਹਾਂ ਦੀਆਂ ਉੱਲੀਆਂ ਖ਼ਿਲਾਫ਼ ਵੀ ਸੰਕਰਮਣ ਰੋਕਦਾ ਹੈ। ਇਹ ਉਨ੍ਹਾਂ ਦੇ ਸੈੱਲਾਂ ਦੇ ਢਾਂਚੇ ਨੂੰ ਨੁਕਸਾਨ ਪਹੁੰਚਾ ਕੇ ਉਸਨੂੰ ਮਾਰਦਾ ਹੈ।

3. ਵਾਇਰਸ ਵਿਰੋਧੀ (Antiviral)-

* ਵਾਇਰਸ ਇਨਫੈਕਸ਼ਨ ਤੋਂ ਹੋਈ ਸਧਾਰਨ ਠੰਢ-ਜ਼ੁਕਾਮ ਤੋਂ ਲੈ ਕੇ ਵਾਇਰਲ ਬੁਖਾਰ, ਇਨਫਲੂਐਂਜ਼ਾ ਤੱਕ ਦੇ ਮਰੀਜਾਂ ਨੂੰ ਜਲਦੀ ਠੀਕ ਹੋਣ ਵਿੱਚ ਮਦਦ ਕਰਦਾ ਹੈ।

**ਸਾਵਧਾਨੀਆਂ ਅਤੇ ਮਾੜੇ ਪ੍ਰਭਾਵ (Side Effects) :**

* ਲਸਣ ਦਾ ਪ੍ਰਯੋਗ ਆਮ ਤੌਰ ਤੇ ਸੁਰੱਖਿਅਤ ਹੈ, ਪਰ ਕੁਝ ਲੋਕਾਂ ਨੂੰ ਅਲਰਜੀ, ਗੈਸ, ਉਲਟੀ, ਦਸਤ, ਸੀਨੇ ਵਿੱਚ ਜਲਨ ਜਾਂ ਸਿਰ ਦਰਦ ਹੋ ਸਕਦਾ ਹੈ, ਖਾਸ ਕਰਕੇ ਜੇ ਵੱਧ ਮਾਤਰਾ ਵਿੱਚ ਲਿਆ ਜਾਵੇ।

* ਅਗਰ ਤੁਸੀਂ ਖ਼ੂਨ ਪਤਲਾ ਕਰਨ ਵਾਲੀਆਂ ਜਾਂ ਬਲੱਡ ਪ੍ਰੈਸ਼ਰ ਦੀਆਂ ਦਵਾਈਆਂ ਲੈ ਰਹੇ ਹੋ ਤਾਂ ਡਾਕਟਰ ਦੀ ਰਾਇ ਜ਼ਰੂਰ ਲੈ

ਲਵੋ।

**ਲਸਣ ਤੋਂ ਵਧ ਲਾਭ ਲੈਣ ਦਾ ਢੰਗ:**

ਜਿਵੇਂ ਕਿ ਇਸ ਲੇਖ ਵਿੱਚ ਪਹਿਲਾਂ ਦੱਸਿਆ ਗਿਆ ਹੈ ਕਿ ਲਸਣ ਨੂੰ ਕੁੱਟਣ ਨਾਲ ਜਦ ਇਸਦੇ ਸੈੱਲ ਟੁਟਦੇ ਹਨ ਤਾਂ ਉਨ੍ਹਾਂ ਵਿਚੋਂ ਨਿਕਲਣ ਵਾਲੇ ਐਨਜਾਈਮ ਦੀ ਕ੍ਰਿਆ ਨਾਲ ਆਲੀਸਿਨ (Allicin) ਨਾਂ ਦਾ ਬਹੁਤ ਗੁਣਕਾਰੀ ਪਦਾਰਥ ਬਣਦਾ ਹੈ। ਇਹ ਆਲੀਸਿਨ ਕੁਝ ਸਮੇਂ ਬਾਅਦ ਹੋਰ ਲਾਭਦਾਇਕ ਯੋਗਿਕ ਵੀ ਬਣਾਉਂਦਾ ਹੈ। ਸੋ ਜੇ ਇਸ ਨੂੰ ਕੁੱਟ ਕੇ 10 ਮਿੰਟ ਲਈ ਰੱਖ ਲਿਆ ਜਾਵੇ ਅਤੇ ਉਸੇ ਰੂਪ ਵਿੱਚ ਖਾ ਲਿਆ ਜਾਵੇ ਤਾਂ ਸਰੀਰ ਨੂੰ ਇਹ ਸਾਰੇ ਲਾਭਦਾਇਕ ਤੱਤ ਪੂਰੀ ਮਾਤਰਾ ਵਿੱਚ ਮਿਲ ਜਾਂਦੇ ਹਨ।

ਇੱਕ ਹੋਰ ਜਰੂਰੀ ਗੱਲ ਕਿ ਆਲੀਸਿਨ ਚਰਬੀ ਚ ਘੁਲਣਸ਼ੀਲ ਹੈ ਸੋ ਇਸ ਨੂੰ ਬਿਲਕੁਲ ਖਾਲੀ ਪੇਟ ਖਾਣ ਦੀ ਬਜਾਏ ਜੇ ਇਸ ਨਾਲ ਮੇਵਾ ਗਿਰੀ (ਜਿਵੇਂ ਬਦਾਮ, ਅਖਰੋਟ ਆਦਿ) ਖਾਧੇ ਜਾਣ ਤਾਂ ਇਹ ਉਨ੍ਹਾਂ ਤੋਂ ਪ੍ਰਾਪਤ ਫੈਟ ਵਿੱਚ ਘੁਲ ਕੇ ਸਰੀਰ ਵਿੱਚ ਵੱਧ ਰਚਦਾ (absorb) ਹੈ।

ਇੱਕ ਵੱਡਾ ਸਵਾਲ ਅਕਸਰ ਇਹ ਕੀਤਾ ਜਾਂਦਾ ਹੈ ਕਿ ਲਸਣ ਦੀਆਂ ਤੁਰੀਆਂ ਨੂੰ ਸਾਬਤ ਲੰਘਾ ਲੈਣ ਜਾਂ ਸਬਜੀ ਵਿੱਚ ਪਾ ਕੇ ਖਾਣ ਨਾਲ ਕੀ ਲਸਣ ਦੇ ਲਾਭ ਬਰਕਰਾਰ ਰਹਿੰਦੇ ਹਨ। ਇਹ ਸਵਾਲ ਇਸ ਕਰਕੇ ਵਾਰ ਵਾਰ ਉਠਦਾ ਹੈ ਕਿ ਕੱਚਾ ਲਸਣ ਚੱਬ ਕੇ ਖਾਣ ਨਾਲ ਕਾਫੀ ਸਮਾਂ ਮੂੰਹ ਵਿਚੋਂ ਬੁਰੀ ਵਾਸ਼ਨਾ ਆਉਂਦੀ ਰਹਿੰਦੀ ਹੈ। ਕੁਝ ਲੋਕਾਂ ਨੂੰ ਇਸ ਤਰ੍ਹਾਂ ਖਾਣ ਨਾਲ ਪੇਟ ਵਿੱਚ ਜਲਨ ਦੀ ਸਮੱਸਿਆ ਵੀ ਹੋ ਜਾਂਦੀ ਹੈ। ਬਿਨਾਂ ਸ਼ੱਕ ਮੂੰਹ ਵਿਚੋਂ ਬੁਰੀ ਸਮੈੱਲ ਦੀ ਸਮੱਸਿਆ ਕਾਫੀ ਵੱਡੀ ਹੈ। ਪਰ ਜਿਵੇਂ ਕਹਿੰਦੇ ਹੁੰਦੇ ਹਨ ਕਿ ਕੁਝ ਪਾਉਣ ਲਈ ਕੁਝ ਗੁਆਉਣਾ ਵੀ ਪੈਂਦਾ ਹੈ। ਸੋ ਸਭ ਤੋਂ ਵੱਧ ਅਸਰਦਾਰ ਢੰਗ ਤਾਂ ਕੁੱਟ ਕੇ ਰੱਖੇ ਲਸਣ ਨੂੰ 10 ਮਿੰਟ ਬਾਅਦ ਕੱਚਾ ਖਾਣਾ ਹੀ ਹੈ। ਸਾਬਤ ਲੰਘਾਉਣ ਨਾਲ ਜਾਂ ਸਬਜੀ ਵਿੱਚ ਪਾਉਣ ਨਾਲ ਮੁੱਖ ਲਾਭਕਾਰੀ ਤੱਤ ਆਲੀਸਿਨ ਦੀ ਮਾਤਰਾ ਤਾਂ ਬਹੁਤ ਹੀ ਘੱਟ ਜਾਂਦੀ ਹੈ। ਪਰ ਲਸਣ ਵਿੱਚ ਮੌਜੂਦ ਕੁਝ ਕੁ ਹੋਰ ਤੱਤ ਅਤੇ ਖਣਿਜ ਪਦਾਰਥ ਸਰੀਰ ਨੂੰ ਜਰੂਰ ਮਿਲ ਜਾਂਦੇ ਹਨ। ਸੋ ਸਪਸ਼ਟ ਹੈ ਕਿ ਸਬਜੀ ਵਿੱਚ ਪਾ ਕੇ ਖਾਣ ਨਾਲ ਕੁਝ ਲਾਭ ਤਾਂ ਹੁੰਦਾ ਹੈ ਪਰ ਓਨਾ ਨਹੀਂ ਜਿੰਨਾ ਕੱਚੇ ਨੂੰ ਚਬਾ ਕੇ ਖਾਣ ਨਾਲ ਮਿਲਦਾ ਹੈ।

ਜਿਥੋਂ ਤੱਕ ਖਾਣ ਦੀ ਮਾਤਰਾ ਦਾ ਸਵਾਲ ਹੈ, ਲਸਣ ਦੀਆਂ ਦੋ ਜਾਂ ਤਿੰਨ ਤੁਰੀਆਂ (ਪੂਰੀਆਂ ਗੰਢੀਆਂ ਨਹੀਂ) ਬਹੁਤ ਹੁੰਦੀਆਂ ਹਨ।

**ਫੋਨ : 94632 32244**

*ਸਫਾ 15 ਦੀ ਬਾਕੀ*

ਸੌਖੇ ਹੀ ਚੀਜ਼ਾਂ ਨੂੰ ਸਮਝਣ ਤੋਂ ਲੈ ਕੇ ਉਨ੍ਹਾਂ ਬਾਰੇ ਵਿਸਥਾਰਤ ਜਾਣਕਾਰੀ ਪ੍ਰਦਾਨ ਕਰਨਾ, ਵਿਸ਼ਲੇਸ਼ਣ ਅਤੇ ਵਿਆਖਿਆ ਕਰਨਾ ਆਸਾਨ ਬਣਾ ਦਿੱਤਾ ਹੈ। ਇਸ ਨਾਲ ਭਾਸ਼ਾਵਾਂ ਦੀ ਜਾਣਕਾਰੀ ਅਤੇ ਅਨੁਵਾਦ ਕਰਨਾ ਵਧੇਰੇ ਆਸਾਨ ਹੋ ਗਿਆ ਹੈ। ਅਸੀਂ ਕਿਸੇ ਵੀ ਭਾਸ਼ਾ ਦੇ ਪਾਠਕ੍ਰਮ ਨੂੰ ਕਿਸੇ ਵੀ ਹੋਰ ਭਾਸ਼ਾ ਵਿੱਚ ਆਸਾਨੀ ਨਾਲ ਅਨੁਵਾਦ ਕਰ ਸਕਦੇ ਹਾਂ।

ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਸਹਾਇਤਾ ਨਾਲ ਆਵਾਜਾਈ ਦੇ ਖੇਤਰ ਵਿੱਚ ਕ੍ਰਾਂਤੀ ਆਉਣ ਦੀ ਸੰਭਾਵਨਾ ਬਣ ਗਈ ਹੈ। ਏ.ਆਈ. ਰਾਹੀਂ ਚਾਲਕ ਰਹਿਤ ਗੱਡੀਆਂ ਦਾ ਨਿਰਮਾਣ ਵੱਧ ਗਿਆ ਹੈ। ਇਸ ਦੀ ਮਦਦ ਨਾਲ ਰਸਤਿਆਂ ਅਤੇ ਆਵਾਜਾਈ ਦੇ ਪ੍ਰਬੰਧਾਂ ਦੀ ਅਗਾਂਊ ਸੂਚਨਾ ਮਿਲ ਜਾਣ ਕਾਰਨ ਹਾਦਸਿਆਂ ਵਿੱਚ ਕਟੌਤੀ ਹੋਵੇਗੀ ਤੇ ਬਦਲਵੇਂ ਰਸਤੇ ਦਾ ਪ੍ਰਬੰਧ ਜਾਂ ਸੁਝਾਅ ਚਾਲਕ ਲਈ ਸੌਖ ਪੈਦਾ ਕਰੇਗਾ।

ਜੇ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਸਹੀ ਵਰਤੋਂ ਹੋਵੇ ਤਾਂ ਇਹ ਮਨੁੱਖੀ ਜੀਵਨ ਨੂੰ ਬਹੁਤ ਆਸਾਨ ਬਣਾ ਸਕਦੀ ਹੈ। ਏ.ਆਈ. ਨਾਲ ਸੰਚਾਲਿਤ ਮਸ਼ੀਨਾਂ ਵਿੱਚ ਗਲਤੀਆਂ ਦੀਆਂ ਸੰਭਾਵਨਾਵਾਂ ਘੱਟ ਜਾਂਦੀਆਂ ਹਨ। ਇਸ ਦੀ ਵਰਤੋਂ ਨਾਲ 24 ਘੰਟੇ ਕੰਮ ਹੋ ਸਕਦਾ ਹੈ। ਜੋ ਕੰਮ ਮਨੁੱਖ ਲਈ ਖਤਰਨਾਕ ਹਨ ਉਥੇ ਏ.ਆਈ. ਦੀ ਵਰਤੋਂ ਕਰਕੇ ਖਤਰਿਆਂ ਤੋਂ ਬਚਿਆ ਜਾ ਸਕਦਾ ਹੈ। ਇਸ ਨਾਲ ਧਨ ਅਤੇ ਸਮੇਂ ਦੀ ਬੱਚਤ ਹੁੰਦੀ ਹੈ।

ਦੂਜੇ ਪਾਸੇ ਇਸ ਨੇ ਬਹੁਤ ਸਾਰੇ ਲੋਕਾਂ ਨੂੰ ਨੌਕਰੀਆਂ ਤੋਂ ਵਾਂਝੇ ਕਰ ਦੇਣਾ ਹੈ। ਹਰ ਕੰਮ ਮਸ਼ੀਨਾਂ ਰਾਹੀਂ ਹੋਣ ਕਰਕੇ ਲੋਕਾਂ ਵਿੱਚ ਆਲਸ ਵੱਧ ਗਿਆ ਹੈ। ਉਨ੍ਹਾਂ ਅੰਦਰੋਂ ਕੰਮ ਕਰਨ ਦੀ ਰਚਨਾਤਮਕਤਾ ਤੇ ਇੱਛਾ ਸ਼ਕਤੀ ਘੱਟ ਹੋ ਗਈ ਹੈ। ਬੇਸ਼ੱਕ ਇਸ ਵਿੱਚ ਸਾਡੇ ਜੀਵਨ ਨੂੰ ਬਿਹਤਰ ਬਣਾਉਣ ਦੀ ਸਮਰੱਥਾ ਹੈ ਪਰ ਇਸਨੇ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਵੀ ਜਨਮ ਦਿੱਤਾ ਹੈ। ਜਿਸ ਕਾਰਨ ਇਸ ਦੀ ਵਰਤੋਂ ਬਹੁਤ ਹੀ ਸੂਝ-ਸਮਝ ਅਤੇ ਜ਼ਿੰਮੇਂਵਾਰੀ ਨਾਲ ਸੀਮਤ ਪੱਧਰ ਤੇ ਕੀਤੀ ਜਾਣੀ ਚਾਹੀਦੀ ਹੈ। ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਇਸ ਦੇ ਪ੍ਰਭਾਵ ਕਾਰਨ ਪੈਦਾ ਹੋਣ ਵਾਲੇ ਭਿਆਨਕ ਸਿੱਟਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਿਤੇ ਇਹ ਨਾ ਹੋਵੇ ਕਿ ਕਿਸੇ ਦਿਨ ਪੂਰੀ ਦੁਨੀਆਂ ਦਾ ਕੰਟਰੋਲ ਮਸ਼ੀਨਾਂ ਦੇ ਸਪੁਰਦ ਹੋ ਜਾਵੇ ਤੇ ਮਨੁੱਖ ਇਹਨਾਂ ਦਾ ਗੁਲਾਮ ਬਣ ਜਾਵੇ। ਇਸ ਦੀ ਵਰਤੋਂ ਦੁਨੀਆਂ ਦਾ ਵਿਕਾਸ ਵੀ ਕਰ ਸਕਦੀ ਹੈ ਤੇ ਵਿਨਾਸ਼ ਵੀ। ਸੋ ਸਾਨੂੰ ਇਸਦੇ ਫਾਇਦਿਆਂ ਦੇ ਨਾਲ-ਨਾਲ ਇਸ ਦੇ ਦੁਰਪ੍ਰਭਾਵਾਂ ਤੋਂ ਵੀ ਸੁਚੇਤ ਰਹਿਣ ਦੀ ਲੋੜ ਹੈ।

***ਖਾਲਸਾ ਕਾਲਜ, ਚਵਿੰਡਾ ਦੇਵੀ ਅੰਮ੍ਰਿਤਸਰ।***

## ਇਨਕਲਾਬ ਦਾ ਚਿੰਨ੍ਹ

ਭਗਤ ਸਿੰਘ ਹਮੇਸ਼ਾ ਹੀ ਸਾਥੀਆਂ ਨਾਲ ਵੱਖ ਵੱਖ ਸਮੱਸਿਆਵਾਂ ਬਾਰੇ ਗੱਲਬਾਤ ਕਰਦਾ ਰਹਿੰਦਾ ਸੀ। "ਉਸਨੇ ਕਿਹਾ, ਤੁਹਾਡਾ ਰਾਹ ਕੁਝ ਨਾ ਕਰਨ ਦਾ ਰਾਹ ਹੈ, ਸਭ ਕੁਝ ਰੱਬ ਦੇ ਸਹਾਰੇ ਛੱਡ ਕੇ ਹੱਥ ਤੇ ਹੱਥ ਧਰ ਕੇ ਬੈਠ ਜਾਣ ਦਾ ਰਸਤਾ ਹੈ। ਨਿਰਸੁਆਰਥ ਕੰਮ ਦੀ ਆੜ ਵਿੱਚ ਕਰਮਵਾਦ ਦੀ ਗੋਲੀ ਖੁਆ ਕੇ ਦੇਸ਼ ਦੇ ਨੌਜੁਆਨਾਂ ਨੂੰ ਸੁਆਉਣ ਦਾ ਰਸਤਾ ਹੈ। ਇਹ ਕਦੇ ਵੀ ਮੇਰਾ ਰਾਹ ਨਹੀਂ ਬਣ ਸਕਦਾ। ਜੋ ਲੋਕ ਇਸ ਦੁਨੀਆਂ ਨੂੰ ਮਿੱਥ ਸਮਝਦੇ ਹਨ। ਇਸ ਦੇਸ਼ ਨੂੰ, ਇਸਦੇ ਰਹਿਣ ਵਾਲਿਆਂ ਨੂੰ ਪਰਛਾਵਾਂ ਜਾਂ ਮਾਇਆ ਜਾਲ ਸਮਝਦੇ ਹਨ। ਉਹ ਦੁਨੀਆਂ ਦੀ ਭਲਾਈ ਜਾਂ ਦੇਸ਼ ਦੀ ਆਜ਼ਾਦੀ ਲਈ ਇਮਾਨਦਾਰੀ ਨਾਲ ਨਹੀਂ ਲੜ ਸਕਦੇ। ਜੋ ਮਿੱਥ ਹੈ, ਪਰਛਾਵਾਂ ਹੈ, ਉਸ ਖ਼ਾਤਰ ਸੰਘਰਸ਼ ਕਾਹਦਾ ?"



ਜਨਮ ਦਿਵਸ : 28 ਸਤੰਬਰ

ਫਿਰ ਕੁਝ ਭਾਵੁਕ ਹੁੰਦੇ ਹੋਏ ਉਸਨੇ ਕਿਹਾ, 'ਮੈਂ ਇਸ ਦੁਨੀਆਂ ਨੂੰ ਮਿੱਥ ਨਹੀਂ ਮੰਨਦਾ। ਮੇਰਾ ਦੇਸ਼ ਨਾ ਪਰਛਾਵਾਂ ਹੈ, ਨਾ ਮਾਇਆ ਜਾਲ। ਇਹ ਇੱਕ ਜਿਉਂਦੀ ਜਾਗਦੀ ਹਕੀਕਤ ਹੈ ਤੇ ਮੈਂ ਇਸਨੂੰ ਪਿਆਰ ਕਰਦਾ ਹਾਂ। ਮੇਰੇ ਲਈ ਇਸ ਧਰਤੀ ਤੋਂ ਬਿਨਾਂ ਨਾ ਤਾਂ ਕੋਈ ਹੋਰ ਦੁਨੀਆਂ ਹੈ, ਤੇ ਨਾ ਹੀ ਸਵਰਗ। ਇਹ ਠੀਕ ਹੈ ਕਿ ਅੱਜ ਥੋੜ੍ਹੇ ਜਿਹੇ ਲੋਕਾਂ ਨੇ ਆਪਣੇ ਸੁਆਰਥ ਖ਼ਾਤਰ ਇਸ ਧਰਤੀ ਨੂੰ ਨਰਕ ਬਣਾ ਦਿੱਤਾ ਹੈ ਪ੍ਰੰਤੂ ਐਨੇ ਨਾਲ ਹੀ ਇਸ ਦੁਨੀਆਂ ਨੂੰ ਮਿੱਥ ਐਲਾਨ ਕੇ ਭੱਜਣ ਨਾਲ ਕੰਮ ਨਹੀਂ ਚੱਲਣਾ। ਲੁਟੇਰਿਆਂ ਤੇ ਦੂਜਿਆਂ ਨੂੰ ਗ਼ੁਲਾਮ ਬਣਾ ਕੇ ਰੱਖਣ ਵਾਲਿਆਂ ਦਾ ਖ਼ਾਤਮਾ ਕਰਕੇ ਹੀ ਸਾਨੂੰ ਇਸ ਪਵਿੱਤਰ ਧਰਤੀ ਤੇ ਫਿਰ ਤੋਂ ਸਵਰਗ ਦੀ ਸਥਾਪਨਾ ਕਰਨੀ ਪਵੇਗੀ।'

ਉਸਨੇ ਆਖਿਆ, 'ਆਪਣੀ ਜ਼ਿੰਦਗੀ ਦੇ ਕੇ ਜੇ ਮੈਂ ਦੇਸ਼ ਦੇ ਹਰ ਕੋਨੇ 'ਚ ਇਨਕਲਾਬ ਦੀ ਆਵਾਜ਼ ਬੁਲੰਦ ਰੱਖਾਂ ਤਾਂ ਮੈਂ ਇਹ ਖਿਆਲ ਕਰਾਂਗਾ ਕਿ ਮੇਰੀ ਜ਼ਿੰਦਗੀ ਕਾਮਯਾਬ ਹੋ ਰਹੀ ਹੈ।'

ਉਸ ਨੇ ਜ਼ਿੰਦਗੀ ਦੀ ਕੀਮਤ ਇੱਕ ਲਫ਼ਜ਼ ਮੁਕੱਰਰ ਕੀਤੀ ਸੀ ਅਤੇ ਲਫ਼ਜ਼ ਸੀ 'ਇਨਕਲਾਬ'। ਉਹ ਪਹਿਲਾਂ ਨੌਜਵਾਨ ਸੀ ਜਿਸ ਨੇ ਭਾਰਤ ਵਿੱਚ ਇਨਕਲਾਬ ਦਾ ਨਾਅਰਾ ਲਾਇਆ।

**ਸ਼ਿਵ ਵਰਮਾ**

## ਨਾਬਰੀ ਤੇ ਬਰਾਬਰੀ ਦਾ ਸ਼ਾਇਰ : ਪਾਸ਼

ਪਾਸ਼ ਦੀ ਸਾਹਿਤਕ ਸਿਰਜਣਾ ਦੁਨੀਆਂ ਭਰ ਦੇ ਸਮਾਜ ਸਿਰਜਕਾਂ ਦੇ ਇਨਕਲਾਬੀ ਸਾਹਿਤ ਦੀ ਸੰਗੀ-ਸਾਥੀ ਹੈ। ਗ਼ਦਰ, ਕੂਕਾ, ਬੱਬਰ ਅਕਾਲੀ, ਕਿਰਤੀ, ਨੌਜਵਾਨ ਭਾਰਤ ਸਭਾ ਅਤੇ ਸਮੇਂ ਸਮੇਂ ਦੀਆਂ ਸਮਾਜਕ ਤਬਦੀਲੀ ਅਤੇ ਮਾਨਵੀ ਸਰੋਕਾਰਾਂ ਨੂੰ ਕੇਂਦਰ ਵਿਚ ਰੱਖ ਕੇ ਚੱਲੀਆਂ ਲਹਿਰਾਂ ਦਾ ਦਿਲ, ਪਾਸ਼ ਦੀ ਕਵਿਤਾ ਵਿਚ ਧੜਕਦਾ ਹੈ।

ਪਾਸ਼ ਉਨ੍ਹਾਂ ਗੁੰਗਿਆਂ ਦੀ ਝੋਲੀ ਗੀਤ ਪਾਉਣ ਦੀ ਆਵਾਜ਼ ਦਿੰਦਾ ਹੈ ਜਿਨ੍ਹਾਂ ਨੂੰ ਗੀਤਾਂ ਦੀ ਕਦਰ ਹੈ। ਕਾਹਲ, ਬੇਲੋੜੇ ਸ਼ੋਰ, ਚੁੱਪ, ਪਾਸਾ ਵੱਟ ਕੇ ਲੰਘ ਜਾਣ ਦੀ ਕਾਹਲ ਦਾ ਗੰਭੀਰ ਨੋਟਿਸ ਲੈਂਦਾ ਪਾਸ਼, ਸੁਪਨਿਆਂ ਦੇ ਮਰ ਜਾਣ ਨੂੰ 'ਸਭ ਤੋਂ ਖ਼ਤਰਨਾਕ' ਕਰਾਰ ਦਿੰਦਾ ਹੈ।



ਜਨਮ ਦਿਵਸ : 09 ਸਤੰਬਰ

ਪਾਸ਼ ਨੂੰ ਤੱਤੀ ਕਵਿਤਾ ਦਾ ਹੀ ਕਵੀ ਕਹਿਣ, ਉਸਨੂੰ ਬਿਨ ਸੋਚੇ ਸਮਝੇ ਵੱਟੇ ਮਾਰਨ ਤੋਂ ਪਹਿਲਾਂ ਪਾਸ਼ ਦੀ ਸਮੁੱਚੀ ਵਾਰਤਕ ਅਤੇ ਸੰਪੂਰਨ ਕਾਵਿ ਦੇ ਦਰਪਣ ਅੱਗੇ ਖੜ੍ਹੇ ਹੋ ਕੇ ਆਪਣਾ ਚਿਹਰਾ ਤੱਕਣ ਦੀ ਲੋੜ ਹੈ। ਪਾਸ਼ ਜ਼ਿੰਦਗੀ ਦੇ ਬਹੁ ਰੰਗਾਂ ਦਾ ਕਵੀ ਹੈ। ਪਾਸ਼ ਜ਼ਿੰਦਗੀ ਦਾ ਚਿਤੇਰਾ ਹੀ ਨਹੀਂ ਸਗੋਂ ਨਵੀਂ ਜ਼ਿੰਦਗੀ ਦਾ ਸਿਰਜਣਹਾਰਾ ਹੈ।

9 ਸਤੰਬਰ 1950 ਨੂੰ ਪਿੰਡ ਤਲਵੰਡੀ ਸਲੇਮ (ਜਲੰਧਰ) 'ਚ ਜਨਮੇ ਕਵੀ ਪਾਸ਼ ਦਾ 75 ਵਾਂ ਜਨਮ ਦਿਹਾੜਾ ਅਸਲ 'ਚ ਕੱਖਾਂ ਦੀਆਂ ਕੁੱਲੀਆਂ ਦੇ ਮਿਨਾਰ ਬਣਨ ਅਤੇ ਲੋਕਾਂ ਦੀ ਜ਼ਿੰਦਗੀ 'ਚ ਸੱਜਰੀ ਸਵੇਰ ਲਿਆਉਣ ਲਈ ਆਪਣੇ ਫ਼ਰਜਾਂ, ਕਹਿਣੀ ਅਤੇ ਕਰਨੀ 'ਚ ਇਕਸੁਰਤਾ ਦਾ ਰਾਗ ਛੇੜਨ ਅਤੇ ਕਲਮ, ਕਲਾ ਦੇ ਸਿਰ 'ਤੇ ਸ਼ੂਕਦੀਆਂ ਕਾਲ਼ੀਆਂ ਹਨੇਰੀਆਂ ਨੂੰ ਰੌਸ਼ਨੀਆਂ ਦੀ ਰੁੱਤ 'ਚ ਬਦਲਣ ਦਾ ਅਹਿਦ ਕਰਨ ਦਾ ਦਿਹਾੜਾ ਹੈ।

**ਅਮੋਲਕ ਸਿੰਘ**

**ਕ੍ਰਾਂਤੀਕਾਰੀ ਨਾਇਕਾ**

## ਦੁਰਗਾ ਭਾਬੀ

ਸਾਂਡਰਸ ਮਾਰਿਆ ਜਾ ਚੁੱਕਾ ਸੀ। ਲਾਹੌਰ ਤੋਂ ਬਾਹਰ ਜਾਣ ਵਾਲੇ ਰਸਤਿਆਂ ਉੱਪਰ ਸਖ਼ਤ ਪਹਿਰਾ ਬਿਠਾ ਦਿੱਤਾ

ਗਿਆ ਸੀ। ਸਟੇਸ਼ਨ ਉੱਪਰ ਤਾਂ ਪੁਲਿਸ ਤੇ ਜਾਸੂਸਾਂ ਦਾ ਜਾਲ ਵਿਛਾ ਦਿੱਤਾ ਗਿਆ ਸੀ। ਉਧਰ ਲਾਹੌਰ ਵਿੱਚ ਇਨਕਲਾਬੀਆਂ ਦਾ ਜ਼ਿਆਦਾ ਦਿਨ ਠਹਿਰਨਾ ਵੀ ਖ਼ਤਰੇ ਤੋਂ ਖਾਲੀ ਨਹੀਂ ਸੀ। ਭਗਵਤੀ ਚਰਨ ਉਸ ਵਕਤ ਲਾਹੌਰ ਵਿੱਚ ਨਹੀਂ ਸਨ। ਉਹ ਕਲਕੱਤੇ ਸਨ। ਜਾਣ ਤੋਂ ਪਹਿਲਾਂ



ਜਨਮ ਦਿਵਸ : 07 ਅਕਤੂਬਰ

ਉਹ ਦੁਰਗਾ ਭਾਬੀ ਕੋਲ 500 ਰੁਪਏ ਇਹ ਕਹਿ ਕੇ ਛੱਡ ਗਏ ਸਨ ਕਿ ਭਗਤ ਸਿੰਘ ਜਾਂ ਸੁਖਦੇਵ ਵੱਲੋਂ ਕੋਈ ਪੈਸਾ ਲੈਣ ਆਏ ਤਾਂ ਉਸਨੂੰ ਦੇ ਦੇਣਾ। ਸਾਂਡਰਸ ਦੇ ਕਤਲ ਤੋਂ ਬਾਅਦ ਉਹਨਾਂ ਰੁਪਇਆਂ ਨਾਲ ਹੀ ਸਾਥੀਆਂ ਦੇ ਲਾਹੌਰ ਵਿੱਚੋਂ ਨਿਕਲਣ ਦਾ ਬੰਦੋਬਸਤ ਹੋ ਸਕਿਆ ਸੀ।

ਇੱਕ ਦੋ ਦਿਨਾਂ ਬਾਅਦ ਸੁਖਦੇਵ ਨੇ ਆ ਕੇ ਭਾਬੀ ਤੋਂ ਪੁੱਛਿਆ, ਕਿਤੇ ਬਾਹਰ ਜਾ ਸਕੋਗੇ ?

ਕੀ ਕੰਮ ਹੈ ? ਕਿੱਥੇ ਜਾਣਾ ਹੈ ?

ਇੱਕ ਆਦਮੀ ਨੂੰ ਲਾਹੌਰ ਤੋਂ ਬਾਹਰ ਲੈ ਕੇ ਜਾਣਾ ਹੈ। ਉਸਦੀ ਮੇਮ ਸਾਹਿਬ ਬਣ ਕੇ ਨਾਲ ਜਾਣਾ ਹੋਵੇਗਾ। ਖ਼ਤਰਾ ਹੈ, ਗੋਲੀ ਵੀ ਚੱਲ ਸਕਦੀ ਹੈ। ਸੁਖਦੇਵ ਨੇ ਸਮਝਾਇਆ। ਭਾਬੀ ਤਿਆਰ ਹੋ ਗਈ। ਉਹਨਾਂ ਨੇ ਭਗਤ ਸਿੰਘ ਨੂੰ ਨਾਲ ਲੈ ਕੇ ਕਲਕੱਤਾ ਜਾਣਾ ਸੀ।

ਲਾਹੌਰ ਤੋਂ ਕਲਕੱਤਾ ਜਾਣ ਵਾਲੀ ਰੇਲ ਗੱਡੀ ਸਵੇਰ 6 ਵਜੇ ਚਲਦੀ ਸੀ ਭਗਤ ਸਿੰਘ ਨੇ ਸਾਹਬ ਦੀ ਪੌਸ਼ਾਕ ਪਹਿਨੀ, ਸ਼ਚੀ (ਭਗਵਤੀ ਚਰਣ ਦਾ ਤਿੰਨ ਸਾਲਾ ਪੁੱਤਰ) ਨੂੰ ਗੋਦੀ ਵਿੱਚ ਚੁੱਕਿਆ। ਦੁਰਗਾ ਭਾਬੀ ਨੇ ਉਹਨਾਂ ਦੀ ਧਰਮ ਪਤਨੀ ਦਾ ਰੋਲ ਅਦਾ ਕੀਤਾ ਤੇ ਰਾਜਗੁਰੂ ਨੌਕਰ ਬਣਿਆ। ਅੰਗਰੇਜ਼ ਪੁਲਿਸ ਦੀਆਂ ਅੱਖਾਂ ਵਿੱਚ ਘੱਟਾ ਪਾ ਤਿੰਨੇ ਗੱਡੀ ਵਿੱਚ ਜਾ ਬੈਠੇ। ਭਗਤ ਸਿੰਘ ਤੇ ਦੁਰਗਾ ਭਾਬੀ ਪਹਿਲੇ ਦਰਜੇ ਵਿੱਚ ਤੇ ਰਾਜਗੁਰੂ ਨੌਕਰਾਂ ਵਾਲੇ ਡੱਬੇ ਵਿੱਚ। ਰਾਜਗੁਰੂ ਲਖਨਊ ਉੱਤਰ ਗਿਆ। ਦੁਰਗਾ ਭਾਬੀ ਭਗਤ ਸਿੰਘ ਨੂੰ ਨਾਲ ਲੈ ਕੇ ਕਲਕੱਤੇ ਚਲੀ ਗਈ। ਲਖਨਊ ਤੋਂ ਭਗਵਤੀ ਚਰਣ ਨੂੰ ਤਾਰ ਦੇ ਦਿੱਤੀ। ਭਰਾ ਨਾਲ ਆ ਰਹੀ ਹਾਂ। ਥੱਲੇ ਨਾਉਂ ਸੀ : ਦੁਰਗਾਵਤੀ। ਇਹ ਦੁਰਗਾਵਤੀ ਕੌਣ ਹੈ, ਭਗਵਤੀ ਚਰਣ ਦੀ ਸਮਝ ਨਹੀਂ ਆਇਆ। ਫ਼ਿਰ ਵੀ ਉਹ ਸ਼ੀਲਾ ਦੀਦੀ ਨੂੰ ਲੈ ਕੇ ਸਟੇਸ਼ਨ ਤੇ ਪਹੁੰਚ ਗਏ। ਭਗਤ ਸਿੰਘ ਨਾਲ ਸ਼ਚੀ ਤੇ ਦੁਰਗਾ ਭਾਬੀ ਨੂੰ ਵੇਖ ਉਹਨਾਂ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਉੱਥੇ ਹੀ ਭਾਬੀ ਦੀ ਪਿੱਠ ਥਪ ਥਪਾ ਕੇ ਬੋਲੇ, ਤੈਨੂੰ ਅੱਜ ਸਮਝਿਆ।

## ਪੰਜਾਬੀ ਰੰਗ ਮੰਚ ਦੀ ਕਲਗੀ



ਲੋਕ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ

ਪੰਜਾਬੀ ਰੰਗ ਮੰਚ ਦੀ ਕਲਗੀ ਦਾ ਮਾਣ ਮੱਤਾ ਰੁਤਬਾ ਹਾਸਲ ਕਰਨ ਵਾਲੇ ਲੋਕ ਨਾਟਕਕਾਰ ਭਾਅ ਜੀ ਗੁਰਸ਼ਰਨ ਸਿੰਘ ਸਦਾ ਸਫ਼ਰ ਤੇ ਤੁਰਦੇ ਰਹੇ। ਉਨ੍ਹਾਂ ਆਪਣਾ ਨਿੱਜੀ ਸੁਖ ਤਿਆਗ ਕੇ ਬਿਖੜੇ ਪੈਂਡਿਆਂ ਤੇ ਤੁਰਨ ਦਾ ਰਾਹ ਚੁਣਿਆ। ਆਪਣੀ ਨਾਟ ਕਲਾ ਨਾਲ ਚਾਨਣਾਂ ਦਾ ਛੱਟਾ ਦੇਣਾ ਉਨ੍ਹਾਂ ਦਾ ਜੀਵਨ ਕਰਮ ਬਣਿਆ। ਉਹ ਰੰਗ ਮੰਚ ਦੇ ਅਜਿਹੇ ਨਾਇਕ ਸਨ ਜਿੰਨ੍ਹਾਂ ਦੇ ਬੋਲਾਂ ਵਿੱਚ ਅਮਰ ਸ਼ਹੀਦਾਂ ਦੇ ਸੁਪਨਿਆਂ ਦੀ ਚਿਣਗ ਸੀ।

ਸਿਦਕਵਾਨ ਤੇ ਬੁਲੰਦ ਇਰਾਦਿਆਂ ਵਾਲੇ ਸਿਰੜੀ ਮਨੁੱਖ। ਕਦੇ ਹਾਲਤਾਂ ਨਾਲ ਸਮਝੌਤਾ ਕਰਨਾ ਨਹੀਂ ਸਿੱਖਿਆ। ਰੰਗ ਮੰਚ ਲਈ ਨਵੇਂ ਰਾਹ ਤਲਾਸ਼ੇ। ਸੱਚ ਦਾ ਹੋਕਾ ਦੇਣ ਲਈ ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ। ਉਹ ਲੋਕ ਚੇਤਨਾ ਨੂੰ ਪ੍ਰਣਾਏ ਅਣਥੱਕ ਰਾਹੀ ਸਨ। ਜਿੰਨ੍ਹਾਂ ਦੇ ਕਦਮਾਂ ਵਿੱਚ ਲੋਹੜੇ ਦੀ ਰਵਾਨਗੀ ਸੀ। ਸ਼ਹੀਦ ਏ ਆਜ਼ਮ ਭਗਤ ਸਿੰਘ ਉਨ੍ਹਾਂ ਦਾ ਰੋਲ ਮਾਡਲ ਸੀ। ਜਿਸਦੇ ਸੁਪਨਿਆਂ, ਸੋਚਾਂ ਦੀ ਬਾਤ ਆਪਣੇ ਨਾਟਕਾਂ ਵਿੱਚ ਪਾਉਂਦੇ। ਉਹ ਅਕਸਰ ਜ਼ਿਕਰ ਕਰਦੇ, ਭਾਖੜਾ ਡੈਮ ਉੱਪਰ ਖੜ੍ਹਾ ਮੈਂ ਉਸਦੇ ਵਹਿੰਦੇ ਪਾਣੀ ਨੂੰ ਨਿਹਾਰ ਰਿਹਾ ਸਾਂ। ਮਨ ਹੀ ਮਨ ਵਿਗਿਆਨ ਦੀ ਦੇਣ ਤੇ ਮਨੁੱਖ ਦੀ ਹਿੰਮਤ ਨੂੰ ਦਾਦ ਦੇ ਰਿਹਾ ਸਾਂ। ਮੇਰੇ ਮਨ ਤੇ ਇਹ ਖਿਆਲ ਦਸਤਕ ਦੇ ਰਿਹਾ ਸੀ, ਕਿ ਕਿਹਾ ਜਾਂਦਾ ਹੈ ਕਿ ਪਾਣੀਆਂ ਦੇ ਵਹਿਣ ਮੋੜੇ ਨੀਂ ਜਾ ਸਕਦੇ। ਪਰ ਮਨੁੱਖ ਨੇ ਅਜਿਹਾ ਸੰਭਵ ਕਰ ਵਿਖਾਇਆ ਹੈ। ਜੇਕਰ ਮਨੁੱਖ ਪਾਣੀਆਂ ਦੇ ਵਹਿਣ ਮੋੜ ਸਕਦਾ ਹੈ ਤਾਂ ਫਿਰ ਜ਼ਿੰਦਗੀ ਤੇ ਸਮਾਜ ਦਾ ਰੁਖ਼ ਕਿਉਂ ਨਹੀਂ ਮੋੜਿਆ ਜਾ ਸਕਦਾ ? ਇਸੇ ਖਿਆਲ ਨੇ ਇੱਕ ਇੰਜੀਨੀਅਰ ਨੂੰ ਰੰਗ ਮੰਚ ਦਾ ਸਿਪਾ ਸਲਾਰ ਬਣਨ ਦੇ ਰਾਹ ਤੋਰਿਆ।

ਉਹ ਅਕਸਰ ਆਖਦੇ, ਆਪਣੇ ਲੋਗਾਂ ਨੂੰ ਜਾਗਰੂਕ ਕਰਨਾ ਵੱਡਾ ਕਾਰਜ ਏ। ਤੁਰਦੇ ਰਹਾਂਗੇ ਤੇ ਮੰਜ਼ਿਲ ਕਰੀਬ ਹੋਏਗੀ। ਉਮਰ ਭਰ ਨਾਟਕ ਕਰਦਿਆਂ ਮੈਂ ਲੋਕਾਂ ਦੇ ਦਿਲਾਂ ਤੇ ਆਪਣੇ ਭਗਤ ਸਿੰਘ ਨਾਇਕਾਂ ਦੀ ਡੂੰਘੀ ਛਾਪ ਵੇਖੀ ਏ। ਉਸੇ ਨਾਇਕ ਦਾ ਬਰਾਬਰੀ ਦੇ ਸਮਾਜ ਦਾ ਸੁਨੇਹਾ ਮੇਰਾ ਜੀਵਨ ਸਫ਼ਰ ਦਾ ਆਦਰਸ਼ ਏ।

# ਖ਼ਬਰਾਂ ਵਿਚੋਂ ਉਠਦਾ ਇੱਕ ਸਵਾਲ




*ਕਾਂਵੜੀਆਂ ਦੀ ਗੱਡੀ ਹਾਈ ਵੋਲਟੇਜ ਤਾਰਾਂ ਦੇ ਸੰਪਰਕ ਵਿੱਚ ਆਈ, ਦੋ ਦੀ ਮੌਤ (ਯਮੁਨਾਨਗਰ, 22 ਜੁਲਾਈ)*

*ਹਰਿਦੁਆਰ: ਮਨਸਾ ਦੇਵੀ ਮੰਦਰ ਵਿੱਚ ਭਗਦੜ ਕਾਰਨ 6 ਦੀ ਮੌਤ (ਹਰਿਦੁਆਰ, 27 ਜੁਲਾਈ)*

*ਬਾਰਾਬੰਕੀ ਦੇ ਮੰਦਰ ਵਿੱਚ ਭਗਦੜ; 2 ਹਲਾਕ (ਬਾਰਾਬੰਕੀ, 27 ਜੁਲਾਈ)*

*ਸ਼ਰਧਾਲੂਆਂ ਨਾਲ ਭਰਿਆ ਟੈਂਪੂ ਨਹਿਰ 'ਚ ਡਿੱਗਿਆ, 8 ਮੌਤਾਂ ਮੰਡੀ ਅਹਿਮਦਗੜ੍ਹ, 28 ਜੁਲਾਈ)*

*ਝਾਰਖੰਡ: ਬੱਸ ਤੇ ਟਰੱਕ ਦੀ ਟੱਕਰ 'ਚ ਛੇ ਕਾਂਵੜੀਏ ਹਲਾਕ (ਬਾਰਾਬੰਕੀ, 29 ਜੁਲਾਈ)*

*ਐਸ.ਯੂ.ਵੀ. ਨਹਿਰ 'ਚ ਡਿੱਗੀ, 11 ਸ਼ਰਧਾਲੂਆਂ ਦੀ ਮੌਤ (ਗੌਂਡਾ, ਉੱਤਰ ਪ੍ਰਦੇਸ਼, 3 ਅਗਸਤ)*

*ਧਨੌਲਾ ਦੇ ਪ੍ਰਚੀਨ ਮੰਦਰ 'ਚ ਸਿਲੰਡਰ ਫਟਿਆ, 15 ਝੁਲਸੇ (ਧਨੌਲਾ, 5 ਅਗਸਤ)*

ਇਹ ਸਾਰੀਆਂ ਖ਼ਬਰਾਂ ਸਿਰਫ ਦੋ ਹਫ਼ਤਿਆਂ ਦੀਆਂ ਹਨ ਅਤੇ ਇਕੋ ਅਖ਼ਬਾਰ 'ਪੰਜਾਬੀ ਟ੍ਰਿਬਿਊਨ' ਵਿਚੋਂ ਲਈਆਂ ਗਈਆਂ ਹਨ। ਪੰਜਾਬੀ ਟ੍ਰਿਬਿਊਨ ਵਿੱਚ ਅਜਿਹੀਆਂ ਖ਼ਬਰਾਂ ਕੇਵਲ ਪੰਜਾਬ ਹਰਿਆਣਾ ਅਤੇ ਕੁਝ ਨਾਲ ਲਗਦੇ ਇਲਾਕਿਆਂ ਦੀਆਂ ਹੁੰਦੀਆਂ ਹਨ। ਜੇ ਸਾਰੇ ਭਾਰਤ ਦੀਆਂ ਅਖ਼ਬਾਰਾਂ ਵਿਚੋਂ ਅਜਿਹੀਆਂ ਖ਼ਬਰਾਂ ਇਕੱਠੀਆਂ ਕੀਤੀਆਂ ਜਾਣ ਤਾਂ ਇਹ ਗਿਣਤੀ ਬਹੁਤ ਵੱਡੀ ਹੋਵੇਗੀ।

ਇਹ ਸਾਰੀਆਂ ਦੁਰਘਟਨਾਵਾਂ ਇੱਕ ਵਿਸ਼ੇਸ਼ ਧਰਮ ਨਾਲ ਸਬੰਧਿਤ ਹਨ, ਇਸਦਾ ਮਤਲਬ ਇਹ ਨਹੀਂ ਕਿ ਦੂਜੇ ਧਰਮਾਂ ਨਾਲ ਸਬੰਧਿਤ ਧਾਰਮਿਕ ਸਮਾਗਮਾਂ ਜਾਂ ਹੋਰ ਕਾਰਜਾਂ ਦੌਰਾਨ ਅਜਿਹਾ ਕੁਝ ਨਹੀਂ ਵਾਪਰਦਾ। ਇਨ੍ਹਾਂ ਦਿਨਾਂ ਵਿੱਚ ਹਿੰਦੂ ਧਰਮ ਨਾਲ ਸਬੰਧਿਤ ਸਰਗਰਮੀਆਂ ਵੱਧ ਚੱਲ ਰਹੀਆਂ ਸਨ ਇਸ ਲਈ ਇਹ ਦੁਖਾਂਤ ਉਨ੍ਹਾਂ ਨਾਲ ਜੁੜੇ ਸ਼ਰਧਾਲੂਆਂ ਨਾਲ ਵਾਪਰੇ। ਜਦ ਹੋਰ ਧਰਮਾਂ ਦੀਆਂ ਸਰਗਰਮੀਆਂ ਚਲਦੀਆਂ ਹਨ ਤਾਂ ਉਨ੍ਹਾਂ ਬਾਰੇ ਵੀ ਇਹੋ ਜਿਹੀਆਂ ਖ਼ਬਰਾਂ ਪੜ੍ਹਨ ਸੁਣਨ ਨੂੰ ਮਿਲਣਗੀਆਂ।

ਇਨ੍ਹਾਂ ਭਗਤ ਲੋਕਾਂ ਦਾ ਵਿਸ਼ਵਾਸ ਹੁੰਦਾ ਹੈ ਕਿ ਉਨ੍ਹਾਂ ਦਾ ਭਗਵਾਨ ਉਨ੍ਹਾਂ ਦੀ ਹਰ ਦੁੱਖ ਤਕਲੀਫ਼ ਤੋਂ ਰੱਖਿਆ ਕਰੇਗਾ। ਉਪਰੋਕਤ ਘਟਨਾਵਾਂ ਵਿਚੋਂ ਇੱਕ ਦੁਰਘਟਨਾ ਤਾਂ ਅਜਿਹੇ ਧਾਰਮਿਕ ਸਥਾਨ 'ਤੇ ਵਾਪਰੀ ਜਿਸ ਦਾ ਨਾਮ ਹੀ ਸੰਕਟ ਮੋਚਨ ਹੈ ਭਾਵ ਉਹ ਹਰ ਸੰਕਟ ਤੋਂ ਪਾਰ ਲਗਾ ਦਿੰਦਾ ਹੈ।

ਕਿਹਾ ਜਾ ਸਕਦਾ ਹੈ ਕਿ ਅਜਿਹੀਆਂ ਘਟਨਾਵਾਂ ਤਾਂ ਹੋਰ ਮੌਕਿਆਂ 'ਤੇ ਵਾਪਰਦੀਆਂ ਹਨ। ਸਿਆਸੀ ਇਕੱਠਾਂ, ਰੈਲੀਆਂ ਮੁਜਾਹਰਿਆਂ ਉੱਤੇ ਜਾਂਦੇ ਜਾਂ ਆਉਂਦੇ ਵਕਤ ਵੀ ਅਜਿਹੀਆਂ ਦੁਰਘਟਨਾਵਾਂ ਹੋ ਜਾਂਦੀਆਂ ਹਨ। ਵੱਡੇ ਖੇਡ ਮੁਕਾਬਲਿਆਂ ਜਾਂ ਮਨੋਰੰਜਕ ਪ੍ਰੋਗਰਾਮਾਂ ਦੌਰਾਨ ਵੀ ਭਗਦੜ ਮੱਚਣ ਕਾਰਣ ਜਾਨਾਂ ਚਲੀਆਂ ਜਾਂਦੀਆਂ ਹਨ। ਉਥੇ ਸਵਾਲ ਕਿਉਂ ਨਹੀਂ ਕੀਤੇ ਜਾਂਦੇ। ਬਿਲਕੁਲ ਹੋਰ ਮੌਕਿਆਂ 'ਤੇ ਵੀ ਦੁਰਘਟਨਾਵਾਂ ਹੁੰਦੀਆਂ ਹਨ ਉਥੇ ਵੀ ਸਵਾਲ ਕੀਤੇ ਜਾਂਦੇ ਹਨ ਪਰ ਉਹ ਸਵਾਲ ਪ੍ਰਬੰਧਕਾਂ ਜਾਂ ਪ੍ਰਸ਼ਾਸ਼ਨ ਉੱਤੇ ਹੁੰਦੇ ਹਨ।

ਪਰ ਇਥੇ ਸਵਾਲ ਵੱਖਰਾ ਹੈ ਕਿਉਂਕਿ ਸ਼ਰਧਾਲੂਆਂ ਦੇ ਵਿਸ਼ਵਾਸ ਮੁਤਾਬਿਕ ਦੁਨੀਆ ਉੱਤੇ ਜੋ ਕੁਝ ਵੀ ਵਾਪਰਦਾ ਹੈ। ਉਹ ਇੱਕ ਸਰਬਸ਼ਕਤੀਮਾਨ ਪ੍ਰਮਾਤਮਾ ਦੇ ਹੁਕਮ ਅਨੁਸਾਰ ਹੀ ਵਾਪਰਦਾ ਹੈ। ਇਥੇ ਸਵਾਲ ਉਠਦਾ ਹੈ ਕਿ ਇਉਂ ਹੈ ਤਾਂ ਉਸ ਨੂੰ ਖੁਸ਼ ਕਰਨ ਲੱਗੇ ਹੋਏ ਉਸਦੇ ਸ਼ਰਧਾਲੂਆਂ ਨਾਲ ਵੀ ਅਜਿਹਾ ਮਾੜਾ ਕਿਉਂ ਵਾਪਰਦਾ ਹੈ? ਸਪੱਸ਼ਟ ਹੈ ਕਿ ਜੋ ਘਟਨਾਵਾਂ ਵਾਪਰਦੀਆਂ ਹਨ ਉਨ੍ਹਾਂ ਦੇ ਕੋਈ ਨਾ ਕੋਈ ਭੌਤਿਕ ਕਾਰਣ ਹੁੰਦੇ ਹਨ। ਇਸ ਪਿੱਛੇ ਕੋਈ ਪਾਰਭੌਤਿਕ ਸ਼ਕਤੀ ਦੀ ਹੋਂਦ ਨਹੀਂ ਹੈ ਅਤੇ ਉਸ ਕਲਪਿਤ ਸ਼ਕਤੀ ਦੀ ਪੂਜਾ ਪਾਠ ਕਰਨਾ ਨਿਰਾਰਥਕ ਕਰਮ ਹੈ।

ਸਾਨੂੰ ਅਜਿਹੀਆਂ ਮੌਤਾਂ ਦਾ ਦੁੱਖ ਹੈ, ਪਰ ਉਸ ਤੋਂ ਵੱਧ ਦੁੱਖ ਇਸ ਗੱਲ ਦਾ ਹੈ ਕਿ ਇਹ ਮੌਤਾਂ ਅਜਿਹੇ ਕਾਰਜਾਂ ਦੌਰਾਨ ਹੋਈਆਂ ਜਿਨ੍ਹਾਂ ਦੀ ਕੋਈ ਸਾਰਥਿਕਤਾ ਨਹੀਂ ਹੈ। ਜੇ ਇਨ੍ਹਾਂ ਕਾਰਜਾਂ ਦੀ ਕੋਈ ਸਾਰਥਿਕਤਾ ਹੁੰਦੀ ਤਾਂ ਇਹ ਦੁਰਘਟਨਾਵਾਂ ਹੋਣੀਆਂ ਹੀ ਨਹੀਂ ਸਨ।

# ਕੁਝ ਯੂਟਿਊਬ ਚੈਨਲਾਂ ਬਾਰੇ ਜਾਣਕਾਰੀ-1

*-ਜਸਵੰਤ ਮੋਹਾਲੀ*

ਟੈਕਨੋਲੋਜੀ ਨੇ ਇੰਟਰਨੈੱਟ ਦੀ ਵਰਤੋਂ ਸੌਖੀ ਵੀ ਕਰ ਦਿੱਤੀ ਤੇ ਸਸਤੀ ਵੀ। ਸੋਸ਼ਲ ਮੀਡੀਆ ਵਿੱਚੋਂ ਅੱਜ ਯੂਟਿਊਬ ਵੱਡੀ ਪੱਧਰ ਤੇ ਵੇਖਿਆ ਜਾ ਰਿਹਾ ਹੈ। ਸਾਇੰਸ, ਇਤਿਹਾਸ, ਧਰਮ, ਸਾਹਿਤ, ਸੰਗੀਤ, ਖੇਤੀ, ਰਸੋਈ, ਖੇਡਾਂ ਆਦਿ ਗੱਲ ਕੀ ਕੋਈ ਵੀ ਖੇਤਰ ਅਜਿਹਾ ਨਹੀਂ ਜਿਸ ਬਾਰੇ ਯੂਟਿਊਬ ਤੇ ਅਥਾਹ ਜਾਣਕਾਰੀ ਮੌਜੂਦ ਨਾ ਹੋਵੇ। ਤੁਸੀਂ ਜੇ ਕੋਈ ਕਲਾ ਜਾਂ ਗੁਣ ਸਿੱਖਣਾ ਹੈ ਜਾਂ ਕਿਤੇ ਘੁੰਮਣ ਜਾਣ ਲਈ ਯੂਟਿਊਬ ਤੋਂ ਜਾਣਕਾਰੀ ਲੈ ਰਹੇ ਹੋ ਤਾਂ ਥੋੜ੍ਹੇ ਬਹੁਤੇ ਫਰਕ ਨਾਲ ਠੀਕ ਜਾਣਕਾਰੀ ਮਿਲ ਜਾਂਦੀ ਹੈ। ਪਰ ਗਿਆਨ-ਵਿਗਿਆਨ, ਸਾਹਿਤ, ਇਤਿਹਾਸ, ਜਾਂ ਖਬਰਾਂ ਲਈ ਏਥੇ ਗਿਆਨ ਤੇ ਅਗਿਆਨ, ਸੱਚ ਤੇ ਝੂਠ ਰਲਗੱਡ ਹੈ। ਰੇਤ ਤੇ ਖੰਡ ਮਿਲੀ ਹੋਈ ਹੈ ਜਿਸ ਵਿਚੋਂ ਖੰਡ ਅਲੱਗ ਕਰਨ ਲਈ ਕੀੜੀ ਵਰਗਾ ਗੁਣ ਸਿੱਖਣਾ ਪਵੇਗਾ।

ਬੀਬੀਸੀ ਦੀ ਰਿਪੋਰਟ ਮੁਤਾਬਕ ਯੂਟਿਊਬ 100 ਤੋਂ ਵਧ ਦੇਸ਼ਾਂ ਵਿਚ ਦੇਖਿਆ ਜਾਂਦਾ ਹੈ ਅਤੇ ਇਸਨੂੰ ਹਰ ਮਹੀਨੇ 3 ਅਰਬ ਲੋਕ ਦੇਖਦੇ ਹਨ ਜਿੰਨ੍ਹਾਂ ਵਿਚੋਂ ਜ਼ਿਆਦਾ ਦੀ ਉਮਰ 25-35 ਸਾਲ ਹੁੰਦੀ ਹੈ। ਭਾਰਤ ਵਿਚ ਸਭ ਤੋਂ ਵੱਧ 40 ਕ੍ਰੋੜ ਲੋਕ ਯੂਟਿਊਬ ਦੇਖਦੇ ਹਨ। ਯੂਟਿਊਬ ਤੇ ਹਰ ਮਿੰਟ ਵਿਚ 500 ਘੰਟੇ ਦਾ ਕੰਟੈਂਟ ਅਪਲੋਡ ਹੁੰਦਾ ਹੈ।

ਟੀਵੀ ਨਿਊਜ਼ ਚੈਨਲ ਸਰਕਾਰੀ ਭੋਂਪੂ ਬਣੇ ਹੋਏ ਹਨ ਜਾਂ ਹਿੰਦੂ ਮੁਸਲਿਮ ਸ਼ੋਰ ਤੱਕ ਸੀਮਤ ਹਨ ਜਿਸ ਨਾਲ ਇਨ੍ਹਾਂ ਦੀ ਭਰੋਸੇਯੋਗਤਾ ਖਤਮ ਹੋ ਗਈ ਹੈ। ਸੋਸ਼ਲ ਮੀਡੀਆ ਦਾ ਸਭ ਤੋਂ ਵੱਧ ਫਾਇਦਾ ਸਾਨੂੰ ਯਾਨਿ ਘੱਟ ਸਾਧਨਾਂ ਵਾਲੇ ਮਾਨਵਤਾਵਾਦੀਆਂ ਨੂੰ, ਤਰਕਸ਼ੀਲਾਂ ਨੂੰ, ਨਾਸਤਿਕਾਂ ਨੂੰ ਹੋਣ ਵਾਲਾ ਹੈ। ਸੋਸ਼ਲ ਮੀਡੀਆ ਤੇ ਚਲਦੀ ਤਾਰਕਿਕ ਬਹਿਸ ਸਾਡਾ ਘੇਰਾ ਵੀ ਵਿਸ਼ਾਲ ਕਰਦੀ ਹੈ ਤੇ ਸਾਡੇ ਤਜਰਬੇ, ਸਾਡੇ ਤੱਥਾਂ, ਸਾਡੀਆਂ ਦਲੀਲਾਂ ਨੂੰ ਵੀ ਮਜ਼ਬੂਤ ਕਰਦੀ ਹੈ।

ਆਪਾਂ ਜਾਣਦੇ ਹਾਂ ਕਿ ਗਦਰ ਅਖਬਾਰ ਤੇ ਹੋਰ ਸਰਕਾਰ ਵਿਰੋਧੀ ਸਾਹਿਤ ਕਿਵੇਂ ਲੁਕਾ ਕੇ ਲੋਕਾਂ ਤੱਕ ਪਹੁੰਚਾਇਆ ਜਾਂਦਾ ਸੀ । ਸੋਸ਼ਲ ਮੀਡਿਆ ਨੇ ਲੜਾਈ ਦੇ ਢੰਗ ਤਰੀਕੇ ਵੀ ਬਦਲ ਦਿੱਤੇ ਹਨ ਤੇ ਮੈਦਾਨ ਵੀ। ਹੁਣ ਸਰਕਾਰ ਹਥਿਆਰਾਂ ਤੋਂ ਨਹੀਂ ਸਗੋਂ ਤੱਥਾਂ ਤੇ ਦਲੀਲ਼ਾਂ ਦੇ ਪ੍ਰਚਾਰ ਤੋਂ ਡਰਦੀ ਹੈ।

ਬਹੁਤ ਸਾਰੇ ਚੈਨਲ ਹਨ ਜੋ ਰਾਜਨੀਤਕ, ਸਮਾਜਕ, ਤਰਕਸ਼ੀਲ ਅਤੇ ਸੈਕੂਲਰ ਮਾਨਤਾਵਾਂ ਦੇ ਪ੍ਰਚਾਰ ਹਿਤ ਬਣਾਏ ਗਏ ਹਨ। ਬਹੁਤੇ ਚੈਨਲਾਂ ਦੀਆਂ ਵੀਡਿਓਜ਼ ਦੇ ਵਿਸ਼ੇ ਰਲਗੱਡ ਹੀ ਹਨ, ਕੋਈ ਵੀਡਿਓ ਚਲੰਤ ਮਸਲੇ ਬਾਰੇ ਹੁੰਦੀ ਹੈ ਤੇ ਕੋਈ ਸਮਾਜਕ ਮਸਲੇ ਬਾਰੇ ਹੋਵੇਗੀ ਤੇ ਅਗਲੀ ਇਤਿਹਾਸ ਬਾਰੇ। ਇਸ ਲੇਖ ਵਿੱਚ ਰਾਜਨੀਤਕ ਅਤੇ ਚਲੰਤ ਮਸਲਿਆਂ ਬਾਰੇ ਮੁਕਾਬਲਤਨ ਸਹੀ ਦ੍ਰਿਸ਼ਟੀਕੋਣ ਤੋਂ ਗੱਲ ਕਰਨ ਵਾਲੇ ਚੈਨਲਾਂ ਬਾਰੇ ਜਾਣਕਾਰੀ ਸਾਂਝੀ ਕਰ ਰਹੇ ਹਾਂ ਤਾਂ ਜੋ ਸਾਡੇ ਪਾਠਕ ਯੂਟਿਊਬ ਚੈਨਲਾਂ ਦੀ ਭੀੜ ਵਿਚੋਂ ਕੁਝ ਚੰਗੇ ਚੈਨਲ ਪਛਾਣ ਕਰ ਸਕਣ। (ਬ੍ਰੈਕਟ ਵਿੱਚ ਉਸ ਚੈਨਲ ਦੇ ਸਬਸਕਰਾਈਬਰਜ਼ ਦੀ ਗਿਣਤੀ ਦਿੱਤੀ ਗਈ ਹੈ)

**ਨੇਹਾ ਸਿੰਘ ਰਠੌਰ-Neha Singh Rathore (17 ਲੱਖ) :** ਹੁਣ ਲੜਾਈ ਦਾ ਮੈਦਾਨ ਉਹ ਹੈ ਜਿਸ ਵਿੱਚ ਇੱਕ ਇਕੱਲੀ ਕੁੜੀ ਵੀ ਰਾਜ-ਸੱਤਾ ਦੀਆਂ ਭਾਜੜਾਂ ਪਵਾ ਸਕਦੀ ਹੈ। 27 ਸਾਲਾਂ ਦੀ ਬਿਹਾਰ ਦੇ ਪਿੰਡ ਦੀ ਰਹਿਣ ਵਾਲੀ ਕੁੜੀ ਨੇਹਾ ਸਿੰਘ ਰਠੌਰ ਦਾ ਯੂਪੀ ਦੀਆਂ ਚੋਣਾਂ ਤੋਂ ਪਹਿਲਾਂ ਦੋ ਮਿੰਟ ਦਾ ਭੋਜਪੁਰੀ ਗੀਤ "ਯੂਪੀ ਮੇਂ ਕਾਬਾ" ਮਿੰਟਾਂ ਵਿੱਚ ਵਾਇਰਲ ਹੋ ਜਾਂਦਾ ਹੈ।"ਕਰੋਨਾ ਸੇ ਲਾਖਣ ਮਰ ਗਈ ਲੇ, ਲਾਸ਼ਣ ਸੇ ਗੰਗਾ ਭਰ ਗਈ ਲੇ, ਕਫਨ ਨੋਚਤ ਕੂਕਰ (ਕੁੱਤੇ) ਬਿਲਾਰ ਬਾ, ਹੇ ਕਾਬਾ, ਯੂਪੀ ਮੇਂ ਕਾਬਾ"। ਲੋਕਾਂ ਦੀ ਜੁਬਾਨ ਤੇ ਚੜ੍ਹ ਜਾਣ ਵਾਲੀ ਭਾਸ਼ਾ ਦੀ ਤਾਕਤ ਹੈ ਕਿ ਇਸ ਗੀਤ ਨੂੰ ਦਸ ਮਿਲੀਅਨ (ਇਕ ਕ੍ਰੋੜ) ਲੋਕਾਂ ਨੇ ਦੇਖਿਆ ਹੈ। ਹੁਣ ਪਹਿਲਗਾਮ ਵਿਚ ਨਿਰਦੋਸ਼ ਲੋਕਾਂ ਦੀ ਹੱਤਿਆ ਬਾਰੇ ਸਰਕਾਰ ਨੂੰ ਪੁੱਛੇ ਸੁਆਲ ਦੇ ਸਿੱਟੇ ਵਜੋਂ ਉਸਤੇ ਕੇਸ ਦਰਜ ਕਰ ਲਿਆ ਗਿਆ ਹੈ।

**ਰਵੀਸ਼ ਕੁਮਾਰ ਆਫੀਸ਼ੀਅਲ-Ravish Kumar Official** (1.36 ਕ੍ਰੋੜ): ਇਸ ਯੂਟਿਊਬ ਚੈਨਲ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਹੀ ਰਵੀਸ਼ ਕੁਮਾਰ NDTV ਚੈਨਲ ਉੱਤੇ ਆਪਣੇ ਪ੍ਰਾਈਮ ਟਾਈਮ ਦੇ ਪ੍ਰੋਗਰਾਮ ਨਾਲ ਮਕਬੂਲ ਹੋ ਚੁੱਕਾ ਸੀ। ਜਦ ਮੁੱਖਧਾਰਾ ਦੇ ਬਾਕੀ ਟੀ.ਵੀ. ਚੈਨਲ ਕੇਵਲ ਮੋਦੀ ਸਰਕਾਰ ਦੇ ਗੁਣ ਗਾਉਣ ਲੱਗੇ ਹੋਏ ਸਨ ਤਾਂ ਰਵੀਸ਼ ਕੁਮਾਰ ਨੇ ਲੋਕਾਂ ਦੇ ਅਸਲ ਮਸਲਿਆਂ ਨੂੰ ਜ਼ੁਰਅਤ ਨਾਲ ਉਠਾਉਣਾ ਜਾਰੀ ਰੱਖਿਆ ਅਤੇ ਮੋਦੀ ਸਰਕਾਰ ਦੀਆਂ ਫਿਰਕੂ ਨੀਤੀਆਂ ਦਾ ਡਟ ਕੇ ਵਿਰੋਧ ਕੀਤਾ। ਜਦ ਰਵੀਸ਼ ਦੀ ਜ਼ੁਬਾਨਬੰਦੀ ਕਰਨ ਵਿੱਚ ਸਰਕਾਰ ਅਸਫਲ ਰਹੀ ਤਾਂ ਇਸ ਚੈਨਲ ਨੂੰ ਮੋਦੀ ਸਰਕਾਰ ਨਾਲ ਸਭ ਤੋਂ ਵੱਧ ਨੇੜਤਾ ਰੱਖਣ ਵਾਲੇ ਅਰਬਪਤੀ ਸਰਮਾਏਦਾਰ ਗੌਤਮ ਅਡਾਨੀ ਨੇ ਖਰੀਦ ਲਿਆ। ਇਹ ਵੇਖ ਕੇ ਕਿ ਅਡਾਨੀ ਦੀ ਮਾਲਕੀ ਹੇਠ ਹੁਣ ਉਸ ਲਈ ਆਪਣੀ ਗੱਲ

ਰੱਖਣੀ ਮੁਸ਼ਕਿਲ ਹੋਵੇਗੀ, ਰਵੀਸ਼ ਕੁਮਾਰ ਨੇ NDTV ਤੋਂ ਅਸਤੀਫਾ ਦੇ ਕੇ ਆਪਣਾ ਇਹ ਚੈਨਲ ਸ਼ੁਰੂ ਕਰ ਲਿਆ। ਲੋਕਾਂ ਨੇ ਵੀ ਉਸਦੀ ਸਹੀ ਗੱਲ ਕਹਿਣ ਦੀ ਜ਼ੁਅਰਤ ਨੂੰ ਭਰਪੂਰ ਹੁੰਗਾਰਾ ਦਿੱਤਾ ਅਤੇ ਦੋ ਸਾਲ ਵਿਚ ਹੀ ਉਸਦੇ ਇਸ ਚੈਨਲ ਦੇ ਸਬਸਕ੍ਰਾਈਬਰਜ਼ ਦੀ ਗਿਣਤੀ 1 ਕ੍ਰੋੜ ਨੂੰ ਪਾਰ ਕਰ ਗਈ।

ਜਦ ਸਾਰੇ ਖਬਰੀ ਟੀਵੀ ਚੈਨਲ ਸਰਕਾਰ ਦੀ ਹੀ ਬੋਲੀ ਬੋਲਣ ਲੱਗੇ ਤਾਂ ਇਹ ਰਵੀਸ਼ ਹੀ ਸੀ ਜਿਸ ਨੇ ਇਸ ਮੀਡੀਆ ਲਈ ਸ਼ਬਦ ਵਰਤਿਆ–ਗੋਦੀ ਮੀਡੀਆ, ਜੋ ਹੁਣ ਸਭ ਦੀ ਜ਼ੁਬਾਨ 'ਤੇ ਚੜ੍ਹ ਚੁੱਕਾ ਹੈ। ਉਸ ਨੂੰ ਜਾਨੋਂ ਮਾਰ ਦੇਣ ਅਤੇ ਉਸਦੇ ਪਰਿਵਾਰ ਦੀਆਂ ਔਰਤਾਂ ਨਾਲ ਰੇਪ ਕਰਨ ਦੀਆਂ ਧਮਕੀਆਂ ਲਗਾਤਾਰ ਮਿਲ ਰਹੀਆਂ ਹਨ। ਇਸਦੇ ਬਾਵਜੂਦ ਉਹ ਇਸ ਯੂਟਿਊਬ ਚੈਨਲ ਰਾਹੀਂ ਚਲੰਤ ਮਸਲਿਆਂ ਉੱਤੇ ਆਪਣੇ ਨਜ਼ਰੀਏ ਤੋਂ ਬੇਬਾਕੀ ਨਾਲ ਵਿਚਾਰ ਪੇਸ਼ ਕਰ ਰਿਹਾ ਹੈ। ਉਂਜ ਉਸਨੇ ਇਹ ਸੰਭਾਵਨਾ ਵੇਖ ਕੇ ਕਿ ਇਸ ਚੈਨਲ ਦੀ ਹਰਮਨਪਿਆਰਤਾ ਤੋਂ ਘਬਰਾਕੇ ਸਰਕਾਰ ਕੋਈ ਚੋਰਮੋਰੀ ਲੱਭ ਕੇ ਇਸ ਨੂੰ ਕਦੇ ਵੀ ਬੰਦ ਕਰਵਾ ਸਕਦੀ ਹੈ, ਉਸਨੇ ਇੱਕ ਹੋਰ ਹਿੰਦੀ ਚੈਨਲ 'ਨਈ ਸੜਕ' ਸ਼ੁਰੂ ਕਰ ਦਿੱਤਾ ਹੈ। ਰਵੀਸ਼ ਕੁਮਾਰ ਇਸ ਗੱਲ ਦੀ ਮਿਸਾਲ ਬਣ ਗਿਆ ਹੈ ਲਾਲਚ ਜਾਂ ਧਮਕੀਆਂ ਨਾਲ ਹਰ ਪੱਤਰਕਾਰ ਦੀ ਜ਼ਬਾਨ ਬੰਦ ਨਹੀਂ ਕੀਤੀ ਜਾ ਸਕਦੀ।

**ਦ ਦੇਸ਼ਭਕਤ-The Deshbhakt** (60 ਲੱਖ): ਇਸ ਨੂੰ ਅਕਾਸ਼ ਬੈਨਰਜੀ ਚਲਾਉਂਦਾ ਹੈ ਜਿਸਦਾ ਅੰਦਾਜ਼ ਨਿਰਾਲਾ ਹੈ ਤੇ ਪੇਸ਼ਕਾਰੀ ਵਿਅੰਗ ਭਰਪੂਰ ਹੈ। ਜ਼ਿਆਦਾਤਰ ਵੀਡਿਓਜ਼ ਰਾਜਨੀਤਕ ਤੇ ਚਲੰਤ ਮਾਮਲਿਆਂ ਬਾਰੇ ਹਨ। ਪਰ 2019 ਦੀ ਇੱਕ ਵੀਡਿਓ ਵਿੱਚ ਉਸਨੇ ਮੋਦੀ ਦੇ ਟਵੀਟਸ ਵਿੱਚ ਉਠਾਏ ਮੁੱਦਿਆਂ ਦੀ ਮੌਕਾਪ੍ਰਸਤੀ ਨੂੰ ਨੰਗਾ ਕੀਤਾ ਹੈ। ਉਹ ਕਹਿੰਦਾ ਹੈ ਕਿ ਕਿਵੇਂ ਪਤਾ ਚੱਲੇ ਕਿ ਮੋਦੀ ਜੀ ਦੀ ਸੱਚੀ ਤੇ ਅਸਲੀ ਮਨ ਕੀ ਬਾਤ ਕਿਹੜੀ ਹੈ ? ਇਸ ਲਈ ਉਹ ਪ੍ਰਧਾਨ ਮੰਤਰੀ ਦੇ ਕੋਈ 18 ਹਜ਼ਾਰ ਟਵੀਟਸ ਖੰਘਾਲਦਾ ਹੈ ਅਤੇ ਇਹ ਤੱਥ ਸਾਹਮਣੇ ਲਿਆਉਂਦਾ ਹੈ ਕਿ 2014 ਤੋਂ ਪਹਿਲਾਂ ਮੋਦੀ ਦੀਆਂ ਟਵਿਟਰ ਪੋਸਟਾਂ ਦੇ ਮੁੱਦੇ ਸਨ ਪਾਕਿਸਤਾਨ, ਚੀਨ ਤੋਂ ਖਤਰਾ, ਵਧਦੀਆਂ ਤੇਲ ਕੀਮਤਾਂ ਜਿਨਾਂ ਨੂੰ 7 ਹਜ਼ਾਰ ਤੋਂ ਵੱਧ ਵਾਰ ਰੀਟਵੀਟ ਕੀਤਾ ਗਿਆ, ਜਦਕਿ 2014 ਤੋਂ ਬਾਦ ਮੋਦੀ ਦੀਆਂ ਯੋਗਾ ਕਰਦਿਆਂ ਵੱਖ ਵੱਖ ਕਸਰਤੀ ਪੋਜ਼ਾਂ ਦੇ ਰੀਟਵੀਟ 27 ਹਜ਼ਾਰ ਵਾਰ ਹੋਏ, ਕ੍ਰਿਕਟ ਟੀਮ ਦੇ ਜਿੱਤਣ ਤੇ ਦਿੱਤੀ ਵਧਾਈ 'ਤੇ 20 ਹਜ਼ਾਰ ਵਾਰ ਰੀਟਵੀਟ ਹੋਏ ਅਤੇ ਅਸਲ ਮੁੱਦੇ ਗਾਇਬ ਹੋ ਗਏ।

**ਜਨਜਵਾਰ ਮੀਡੀਆ-Janjwar Media** (1.8 ਲੱਖ) : ਇਹ ਚੈਨਲ ਪੱਤਰਕਾਰੀ ਦਾ ਹੈ ਜਿਸਨੂੰ ਅਜੇ ਪ੍ਰਕਾਸ਼ ਚਲਾਉਂਦੇ ਹਨ। ਜਨਜਵਾਰ ਦਾ ਮਤਲਬ ਹੈ 'ਲੋਕਉਭਾਰ'। ਇਸ ਦੀਆਂ ਜ਼ਿਆਦਾਤਰ  ਵੀਡੀਓਜ਼ ਰਾਜਨੀਤਕ ਹਨ। ਇਨ੍ਹਾਂ ਵਿਚੋਂ ਇੱਕ ਵੀਡੀਓ ਵਿੱਚ ਰਸਸ ਛੱਡ ਚੁੱਕੇ ਇੱਕ ਦਲਿਤ ਭੰਵਰ ਮੇਘਵੰਸ਼ੀ ਨੇ ਰਸਸ ਨੂੰ ਛੱਡਣ ਦੇ ਕੁੱਝ ਕਾਰਣ ਗਿਣਾਏ ਕਿ – ਰਸਸ ਦਾ ਵਿਗਿਆਨ ਵਿਰੋਧੀ ਪ੍ਰਚਾਰ, ਦੂਜੇ ਧਰਮਾਂ ਨੂੰ ਵਿਦੇਸ਼ੀ ਧਰਮ ਕਹਿਕੇ ਭੰਡਣਾ, ਬੌਧਿਕ ਤਾਕਤ ਨਾਲੋਂ ਸਰੀਰਕ ਬਲ ਤੇ ਜ਼ੋਰ, ਅਖੌਤੀ ਉੱਚ ਜਾਤਾਂ ਦਾ ਦਬਦਬਾ, ਸੰਵਿਧਾਨ ਤੋਂ ਮਨੂੰਵਾਦੀ ਵਿਚਾਰ ਨੂੰ ਪਹਿਲ ("ਮਨੁਸ਼ਯ ਤੂ ਮਹਾਨ ਹੇ ਤੂ ਮਨੂ ਕੀ ਸੰਤਾਨ ਹੇ" ਸ਼ਾਖਾ ਵਿੱਚ ਗਾਉਣਾ), ਹੌਲੀ ਹੌਲੀ ਇਹ ਏਨੇ ਕੱਟੜ ਸੰਘੀ ਪੈਦਾ ਕਰ ਦਿੰਦੀ ਹੈ ਜੋ ਮਰਨ ਮਾਰਨ ਲਈ ਤਿਆਰ ਹੋ ਜਾਂਦੇ ਹਨ। ਉਹ ਕਹਿੰਦਾ ਹੈ, ਮੇਰੇ ਨਾਲ ਜਾਤੀਗਤ ਭੇਦਭਾਵ ਹੋਇਆ ਜੋ ਸੰਘ ਛੱਡਣ ਦਾ ਮੂਲ ਕਾਰਣ ਬਣਿਆਂ"। ਇਸ ਵੀਡੀਓ ਨੂੰ 10 ਲੱਖ ਲੋਕਾਂ ਨੇ ਵੇਖਿਆ। ਇਸੇ ਤਰ੍ਹਾਂ ਆਰ ਟੀ ਆਈ ਕਾਰਕੁੰਨ ਲਲਨ ਕਿਸ਼ੋਰ ਸਿੰਘ ਨਾਲ ਮੁਲਾਕਾਤ ਹੈ। ਉਸ ਵੱਲੋਂ ਗ੍ਰਹਿ ਵਿਭਾਗ ਤੋਂ ਜਾਣਕਾਰੀ ਮੰਗੀ ਗਈ ਕਿ ਰਸਸ ਰਜਿਸਟਰਡ ਸੰਸਥਾ ਨਹੀਂ ਹੈ ਤਾਂ ਤੁਸੀਂ ਕਿਸ ਨਿਯਮ ਦੇ ਅਧਾਰ ਤੇ ਇਸ ਨੂੰ ਸੁਰੱਖਿਆ ਦੇ ਰਹੇ ਹੋ? ਦੂਜਾ ਕਿ ਰਸਸ ਦੀ ਸੁਰੱਖਿਆ ਤੇ ਹਰ ਮਹੀਨੇ ਕਿੰਨਾ ਖਰਚਾ ਆਉਂਦਾ ਹੈ ਤੇ ਹੁਣ ਤੱਕ ਕਿੰਨਾ ਖਰਚ ਕੀਤਾ ਜਾ ਚੁੱਕਾ ਹੈ? ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਅਤੇ ਲਲਨ ਕਿਸ਼ੋਰ ਸਿੰਘ 'ਤੇ ਹੀ ਜਾਂਚ ਬਿਠਾ ਦਿੱਤੀ ਗਈ। ਇਸ ਨਾਲ ਸਬੰਧਿਤ ਕਈ ਵੀਡਿਓਜ਼ ਹਨ ਜਿਨ੍ਹਾਂ ਨੂੰ ਲੱਖ ਤੋਂ ਵੱਧ ਵਾਰ ਦੇਖਿਆ ਗਿਆ ਹੈ।

**ਧਰੁਵ ਰਾਠੀ-Dhruv Rathee** (2.94 ਕ੍ਰੋੜ ): ਇਸ ਚੈਨਲ 'ਤੇ ਸਿਆਸਤ, ਧਰਮ, ਖੇਡਾਂ ਯਾਨਿ ਹਰ ਖੇਤਰ ਦੇ ਚਲੰਤ ਮਾਮਲਿਆਂ ਬਾਰੇ ਭਰੋਸੇਯੋਗ ਤੇ ਤਰਕਸੰਗਤ ਜਾਣਕਾਰੀ ਮਿਲ ਜਾਂਦੀ ਹੈ। ਇੱਕ ਪਾਸੇ ਜੇ ਇਸਰਾਈਲੀ ਹਮਲਿਆਂ ਬਾਰੇ ਵੀਡੀਓ ਹੈ ਤਾਂ ਦੂਜੇ ਪਾਸੇ ਕ੍ਰਿਕਟ ਦੀ ਖੇਡ ਵਿੱਚ ਬਹੁਤ ਘੱਟ ਦੇਸ਼ਾਂ ਦਾ ਹੋਣਾ, ਇਸ ਤੋਂ ਇਕੱਠਾ ਹੁੰਦਾ ਰੈਵੇਨਿਊ, ਅਫਗਾਨਿਸਤਾਨ ਵਰਗਾ ਪਛੜਿਆ ਦੇਸ਼ ਕ੍ਰਿਕਟ ਦੀ ਟੀਮ ਕਿਵੇਂ ਤਿਆਰ ਕਰ ਲੈਂਦਾ ਹੈ, ਵਰਗੇ ਵਿਸ਼ੇ ਵੀ ਬਹੁਤ ਵਿਸਥਾਰ ਨਾਲ ਪੇਸ਼ ਕੀਤੇ ਹਨ। ਗਾਂਧੀ, ਸਾਵਰਕਰ, ਭਾਰ ਕਿਵੇਂ ਘਟਾਈਏ, ਚੀਨ ਦਾ ਅਕਸਾਈਚਿਨ ਤੇ ਹਮਲਾ ਆਦਿ ਬਹੁਭਾਂਤੀ ਵਿਸ਼ਿਆਂ ਬਾਰੇ ਵੀਡੀਓਜ਼ ਇਸ ਚੈਨਲ ਤੇ ਮਿਲ ਜਾਣਗੀਆਂ। ਉਸ ਦੀਆਂ ਜ਼ਿਆਦਾਤਰ ਵੀਡੀਓ 20 ਮਿੰਟ ਤੋਂ ਘੱਟ ਸਮੇਂ ਦੀਆਂ ਹਨ। ਉਸ ਦੀ ਕਿਸੇ ਵੀ ਵੀਡੀਓ ਦੇ ਦਰਸ਼ਕ ਤਕਰੀਬਨ ਲੱਖ ਤੋਂ ਘੱਟ ਨਹੀਂ। ਇਸਰਾਈਲ ਦੇ ਗਾਜ਼ਾ ਉੱਤੇ ਕੀਤੇ ਜਾ ਰਹੇ ਹਮਲਿਆਂ ਤੋਂ ਬਾਅਦ ਆਮ ਬੰਦੇ ਨੂੰ ਇਹ ਜਾਨਣ ਦੀ

ਉਤਸੁਕਤਾ ਹੁੰਦੀ ਹੈ ਕਿ ਆਖਰ ਗਾਜ਼ਾ ਵਿੱਚ ਨਿਰਦੋਸ਼ ਲੋਕਾਂ, ਖਾਸਕਰ ਬੱਚਿਆਂ ਤੇ ਔਰਤਾਂ ਨੂੰ ਕਿਉਂ ਮਾਰਿਆ ਜਾ ਰਿਹਾ ਹੈ। ਇਸਰਾਈਲ ਤੇ ਫਲਸਤੀਨ/ ਗਾਜ਼ਾ ਵਿੱਚ ਟਕਰਾਅ ਬਾਰੇ 4- 5 ਵੀਡੀਓਜ਼ ਨੂੰ ਇੱਕ ਕ੍ਰੋੜ ਤੋਂ ਡੇਢ ਕ੍ਰੋੜ ਲੋਕਾਂ ਨੇ ਦੇਖਿਆ। ਧਰੁਵ ਰਾਠੀ ਦੀ ਖਾਸੀਅਤ ਇਹ ਹੈ ਕਿ ਉਸ ਦੀਆਂ ਵੀਡੀਓਜ਼ ਦੇਖਣ ਤੋਂ ਬਾਦ ਤੁਸੀਂ ਬਹੁਤ ਹੱਦ ਤੱਕ ਸਪਸ਼ਟ ਸਮਝ ਬਣਾ ਲੈਂਦੇ ਹੋ।

**ਅਜੀਤ ਅੰਜੁਮ-Ajit Anjum** ( 76 ਲੱਖ ) : ਦਿੱਲੀ ਦੇ ਬਾਡਰਾਂ ਤੇ ਚੱਲੇ ਕਿਸਾਨ ਅੰਦੋਲਨ ਨੂੰ ਵੱਡੀ ਪੱਧਰ ਤੇ ਕਵਰ ਕਰਦਾ ਰਿਹਾ ਹੈ ਅਜੀਤ ਅੰਜੁਮ। ਇਸ ਨਾਲ ਜਿੱਥੇ ਕਿਸਾਨ ਅੰਦੋਲਨ ਦੀ ਗੱਲ ਵੱਡੇ ਘੇਰੇ ਵਿੱਚ ਜਾਣ ਵਿੱਚ ਮਦਦ ਮਿਲੀ ਉਥੇ ਅਜੀਤ ਅੰਜੁਮ ਦੇ ਚੈਨਲ ਦੇ ਦੇਖਣ ਵਾਲਿਆਂ ਦੀ ਗਿਣਤੀ ਨੂੰ ਵੀ ਵੱਡਾ ਹੁੰਗਾਰਾ ਮਿਲਿਆ। ਜਦੋਂ ਮੁੱਖ ਧਾਰਾ ਦੇ ਮੀਡੀਆ ਨੇ ਸ਼ਾਹੀਨ ਬਾਗ ਪ੍ਰਦਰਸ਼ਨ ਬਾਰੇ ਚੁੱਪ ਵੱਟੀ ਰੱਖੀ ਉਦੋਂ ਅਜੀਤ ਅੰਜੁਮ ਨੇ ਇਸ ਪ੍ਰਦਰਸ਼ਨ ਦੀ ਖਾਸ ਰਿਪੋਰਟਿੰਗ ਕੀਤੀ। ਹੁਣ ਜਿਉਂ ਹੀ ਅਜੀਤ ਅੰਜੁਮ ਨੇ ਚੋਣ ਕਮਿਸ਼ਨ ਦੁਆਰਾ ਬਿਹਾਰ ਵਿੱਚ ਵੋਟਾਂ ਦੀ ਸੁਧਾਈ ਦੀ ਸਚਾਈ ਸੋਸ਼ਲ ਮੀਡਿਆ ਤੇ ਪਾਈ, ਉਸ 'ਤੇ ਕੇਸ ਦਰਜ ਕਰ ਲਿਆ ਗਿਆ।

**ਨਿਊਜ਼ਲਾਂਡਰੀ-newslaundry** (23 ਲੱਖ ): ਇਹ ਚੈਨਲ ਖਬਰਾਂ ਨੂੰ ਇੰਟਰਨੈੱਟ ਤੇ ਲਿਆਉਣ ਵਾਲੇ ਸ਼ੁਰੂਆਤੀ ਚੈਨਲਾਂ ਵਿਚੋਂ ਇੱਕ ਹੈ ਜੋ ਸਭ ਤੋਂ ਪਹਿਲਾਂ ਜਾਗਰੂਕ ਨਵੀਂ ਪੀੜ੍ਹੀ ਵਿਚ ਪਾਪੂਲਰ ਹੋਇਆ। ਇਹ ਅੰਗਰੇਜੀ ਅਤੇ ਹਿੰਦੀ ਦੋਵਾਂ ਭਾਸ਼ਾਵਾਂ ਵਿੱਚ ਪ੍ਰੋਗਰਾਮ ਦਿੰਦਾ ਹੈ। ਇਨ੍ਹਾਂ ਦਾ ਮੰਨਣਾ ਹੈ ਕਿ ਜੋ ਖਬਰਾਂ ਦੀ ਕੀਮਤ ਦੇਵੇਗਾ ਖਬਰਾਂ ਉਸੇ ਲਈ ਹੋਣਗੀਆਂ। ਸਰਮਾਏਦਾਰਾਂ ਦੇ ਇਸ਼ਤਿਹਾਰਾਂ ਤੇ ਚੱਲਣ ਵਾਲੇ ਚੈਨਲ ਸਰਮਾਏਦਾਰਾਂ ਦੇ ਹਿਤਾਂ ਦੀ ਗੱਲ ਕਰਨਗੇ। ਸੋ ਆਪਣੇ ਖਰਚੇ ਕੱਢਣ ਲਈ ਲੋਕਾਂ ਤੋਂ ਫੰਡ ਲੈਣ ਦੀ ਨੀਤੀ ਲਾਗੂ ਕਰਦਾ ਹੈ। ਇਸਦਾ ਕਹਿਣਾ ਹੈ ਕਿ ਥੋੜ੍ਹੀ ਜਿੰਨੀ ਕੀਮਤ ਦੇ ਕੇ ਤੁਸੀਂ ਇਸ ਚੈਨਲ ਨੂੰ ਸਬਸਕ੍ਰਾਈਬ ਕਰ ਸਕਦੇ ਹੋ ਤੇ ਕਹਿ ਸਕਦੇ ਹੋ, ਮੇਰੇ ਖਰਚ ਪਰ ਅਜ਼ਾਦ ਹੈਂ ਖਬਰੇਂ"। ਇਸ ਚੈਨਲ ਨੂੰ ਸ਼ੁਰੂ ਕਰਨ ਵਾਲਾ ਤੇ ਹੁਣ ਇਸਦਾ ਸੀਈਓ ਅਭਿਨੰਦਨ ਸੇਖੜੀ ਹੈ ਜੋ ਟੀਵੀ ਤੇ ਫਿਲਮਾਂ ਦਾ ਚੰਗਾ ਤਜਰਬਾ ਰਖਦਾ ਹੈ। ਇਨ੍ਹਾਂ ਦੇ ਹੋਰ ਪ੍ਰੋਗਰਾਮਾਂ ਤੋਂ ਬਿਨਾ ਦੋ ਫੀਚਰ ਕਾਫੀ ਪਾਪੂਲਰ ਹਨ- ਅਤੁਲ ਚੌਰਸੀਆ ਵਲੋਂ ਪੇਸ਼ ਕੀਤਾ ਜਾਂਦਾ "ਟਿੱਪਣੀ" ਅਤੇ ਐਂਕਰ ਮਨੀਸ਼ਾ ਪਾਂਡੇ ਦਾ "ਟੀਵੀ ਨਿਊਸੈਂਸ"। ਕੋਈ ਦੋ ਕੁ ਸਾਲ ਪਹਿਲਾਂ ਨਿਊਜ਼ਲਾਂਡਰੀ ਹਿੰਦੀ (1.2 ਲੱਖ) ਵੀ ਸ਼ੁਰੂ ਹੋਇਆ ਹੈ। ਇਸ ਚੈਨਲ ਤੇ ਹੁੰਦੀ ਚਰਚਾ ਦਿਲਚਸਪ ਤੇ ਜਾਣਕਾਰੀ ਭਰਪੂਰ ਹੁੰਦੀ ਹੈ ਜੋ ਤੁਹਾਨੂੰ ਭੜਕਾਉਂਦੀ ਨਹੀਂ ਜਗਾਉਂਦੀ ਹੈ। ਚਲੰਤ ਮਾਮਲਿਆਂ ਬਾਰੇ ਖਬਰਾਂ ਸਿਰਫ ਸਟੂਡੀਓ ਵਿੱਚੋਂ ਬੈਠ ਕੇ ਹੀ ਨਹੀਂ ਬੋਲੀਆਂ ਜਾਂਦੀਆਂ ਸਗੋਂ ਫੀਲਡ ਤੋਂ ਰਿਪੋਰਟਿੰਗਜ਼ ਹੁੰਦੀਆਂ ਹਨ।

(ਅਗਲੇ ਅੰਕ ਵਿੱਚ ਅੰਧਵਿਸ਼ਵਾਸੀ ਮਾਨਤਾਵਾਂ ਦਾ ਪਰਦਾਫਾਸ਼ ਕਰਨ ਵਾਲੇ ਅਤੇ ਵਿਗਿਆਨਕ ਸੋਚ ਦਾ ਪ੍ਰਚਾਰ ਕਰਨ ਵਾਲੇ ਯੂਟਿਊਬ ਚੈਨਲਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ)

**੦ ਮਿੰਨੀ ਕਹਾਣੀ ੦**

## ਅਚਵੀ

ਮੇਰੇ ਮਿੱਤਰ ਦੇ ਪਿੰਡ ਦੇ ਅਗਾਂਹਵਧੂ ਨੌਜਵਾਨਾਂ ਵੱਲੋਂ ਬਣਾਇਆ ਵਿਗਿਆਨਕ ਮੰਚ ਵਧੀਆ ਕੰਮ ਕਰ ਰਿਹਾ ਸੀ। ਮੈਂ ਅਕਸਰ ਅਖਬਾਰਾਂ ਤੇ ਸੋਸ਼ਲ ਮੀਡੀਆ 'ਤੇ ਉਨ੍ਹਾਂ ਦੀਆਂ ਸਰਗਰਮੀਆਂ ਵੇਖਦਾ ਰਹਿੰਦਾ। ਅੱਜ ਫਿਰ ਅਖਬਾਰ ਵਿੱਚ ਉਨ੍ਹਾਂ ਦੇ ਪਿੰਡ ਹੋਏ ਕਵੀ ਦਰਬਾਰ ਤੇ ਨਾਟਕ ਮੇਲੇ ਦੀ ਰਿਪੋਰਟ ਪੜ੍ਹ ਰਿਹਾ ਸੀ। ਪੰਜਾਬ ਦੇ ਨਾਮਵਰ ਸ਼ਾਇਰਾਂ ਤੇ ਨਾਟਕਕਾਰਾਂ ਨੇ ਆਪੋ ਆਪਣੀਆਂ ਕਲਾਵਾਂ ਰਾਹੀਂ ਸਰੋਤਿਆਂ ਤੇ ਅਮਿੱਟ ਛਾਪ ਛੱਡੀ ਸੀ। ਸਮਾਗਮ ਦੇ ਅਖੀਰ ਵਿੱਚ ਮੰਚ ਵੱਲੋਂ ਇਨ੍ਹਾਂ ਦਾ ਉਚੇਚੇ ਤੌਰ ਤੇ ਸਨਮਾਨ ਵੀ ਕੀਤਾ ਗਿਆ। ਸਨਮਾਨਿਤ ਸ਼ਖਸੀਅਤਾਂ ਵਿੱਚ ਪਿੰਡ ਦੇ ਇੱਕ ਧਾਰਮਿਕ ਸਥਾਨ ਦੇ ਪੁਜਾਰੀ ਦਾ ਨਾਂ ਦੇਖ ਕੇ ਥੋੜ੍ਹੀ ਹੈਰਾਨੀ ਵੀ ਹੋਈ। ਉਸ ਪਿੰਡ ਫੋਨ ਕਰਕੇ ਇਸ ਮੰਚ ਦੇ ਪ੍ਰਧਾਨ ਆਪਣੇ ਦੋਸਤ ਤੋਂ ਇਸ ਦਾ ਕਾਰਨ ਪੁੱਛਿਆ ਤਾਂ ਜੁਆਬ ਮਿਲਿਆ ਕਿ ਹੈਰਾਨ ਨਾ ਹੋਵੋ, ਪੁਜਾਰੀ ਦਾ ਸਨਮਾਨ ਵੀ ਸਹੀ ਹੋਇਆ। ਮਿੱਤਰ ਨੇ ਅੱਗੇ ਦੱਸਿਆ ਕਿ ਸਾਡੇ ਪਿੰਡ ਵਿੱਚ ਪੰਜ ਧਾਰਮਿਕ ਸਥਾਨ ਹਨ। ਫਰਵਰੀ ਤੋਂ ਬੱਚਿਆਂ ਦੇ ਇਮਤਿਹਾਨ ਸ਼ੁਰੂ ਹੋ ਜਾਂਦੇ ਹਨ ਪਰ ਧਾਰਮਿਕ ਸਥਾਨਾਂ ਤੇ ਸਪੀਕਰਾਂ ਦੀ ਉੱਚੀ ਆਵਾਜ਼ ਬੱਚਿਆਂ ਦੀ ਪੜ੍ਹਾਈ ਵਿੱਚ ਨਿਰੰਤਰ ਵਿਘਨ ਪਾ ਰਹੀ ਸੀ। ਅਸੀਂ ਸਾਰਿਆਂ ਨੂੰ ਪਿੰਡ ਦੇ ਬੱਚਿਆਂ ਦੇ ਭਵਿੱਖ ਖਾਤਰ ਸਪੀਕਰਾਂ ਦੀ ਆਵਾਜ਼ ਘੱਟ ਕਰਨ ਦੀ ਬੇਨਤੀ ਕੀਤੀ ਪਰ ਸਭ ਵਿਅਰਥ..ਸਿਰਫ਼ ਇੱਕ ਪੁਜਾਰੀ ਨੇ ਪਿੰਡ ਦੀ ਸਮੱਸਿਆ ਨੂੰ ਸਮਝਦੇ ਹੋਏ ਸਪੀਕਰ ਦੀ ਆਵਾਜ਼ ਘੱਟ ਕਰਕੇ ਧਾਰਮਿਕ ਸਥਾਨ ਦੀ ਹਦੂਦ ਅੰਦਰ ਸੀਮਤ ਕਰ ਦਿੱਤੀ। ਇਸੇ ਕਰਕੇ ਮੰਚ ਨੇ ਇਸ ਦੀ ਦੂਰ ਅੰਦੇਸ਼ੀ ਨੂੰ ਸਨਮਾਨਿਤ ਕੀਤਾ ਹੈ। ਮਿੱਤਰ ਦੇ ਇਸ ਜੁਆਬ ਨੇ ਮੇਰੀ ਅਚਵੀ ਦੂਰ ਕਰ ਦਿੱਤੀ ਸੀ।

***ਕੁਲਦੀਪ ਮਾਣੂੰਕੇ***
***# 98147 22408***

# ਧਾਰਮਿਕ ਅਡੰਬਰਾਂ ਨੂੰ ਸਰਕਾਰੀ ਸਰਪ੍ਰਸਤੀ

***ਜਸਵੰਤ ਜ਼ੀਰਖ***

ਧਾਰਮਿਕ ਆਸਥਾ ਦੇ ਨਾਂ 'ਤੇ ਚੱਲ ਰਹੀਆਂ ਗੈਰ ਵਿਗਿਆਨਕ ਪਰੰਪਰਾਵਾਂ ਨੂੰ ਜਾਰੀ ਰੱਖਣ ਲਈ ਸਰਕਾਰੀ ਸਰਪ੍ਰਸਤੀ ਹੇਠ ਪਣਪ ਰਹੀ ਤਾਲਿਬਾਨਾਂ ਪਹੁੰਚ, ਜਿੱਥੇ ਲੋਕਾਂ ਦੇ ਧੰਦੇ ਚੌਪਟ ਕਰ ਰਹੀ ਹੈ, ਉੱਥੇ ਮਨੁੱਖਤਾ ਦੇ ਦੋਸ਼ੀਆਂ ਨੂੰ ਹੋਰ ਉਤਸ਼ਾਹਿਤ ਕਰਨ ਵਾਲਾ ਮਹੌਲ ਸਿਰਜਣ ਲਈ ਵੀ ਭਾਗੀਦਾਰ ਬਣਦੀ ਹੈ। ਅਜਿਹੀ ਧਾਰਮਿਕ ਆਸਥਾ ਰਾਹੀਂ ਮਨੁੱਖੀ ਸਾਂਝ ਬਰਕਰਾਰ ਰੱਖਣ ਦੀ ਥਾਂ ਇੱਕ ਦੂਜੇ ਖਿਲਾਫ ਨਫ਼ਰਤ ਦੀ ਅੱਗ ਉੱਪਰ ਤੇਲ ਪਾਉਣ ਦਾ ਕੰਮ ਹੋ ਰਿਹਾ ਹੈ। ਧਰਮ ਤੋੜਦਾ ਨਹੀਂ, ਜੋੜਦਾ ਹੈ , ਕਹਿਣ ਵਾਲੇ ਵੇਖ ਸਕਦੇ ਹਨ ਕਿ ਕਿਵੇਂ ਧਰਮਾਂ ਦੇ ਨਾਂ 'ਤੇ ਹੁੰਦੇ ਝਗੜਿਆਂ ਰਾਹੀਂ ਮਨੁੱਖਤਾ ਵਿਰੋਧੀ ਕਾਰਨਾਮਿਆਂ ਦੀਆਂ ਹੱਦਾਂ ਪਾਰ ਕੀਤੀਆਂ ਜਾ ਰਹੀਆਂ ਹਨ। ਇਸ ਕੜੀ ਵਿੱਚ ਅੱਜ ਕੱਲ੍ਹ ਧਰਮ ਦੇ ਨਾਂ ਹੇਠ ਮੋਢਿਆਂ ਉੱਪਰ ਵਹਿੰਗੀਆਂ ਚੁੱਕ ਹਰਦਵਾਰ ਤੋਂ ਦਿੱਲੀ ਤੱਕ ਪੈਦਲ ਯਾਤਰਾ ਰਾਹੀਂ ਗੰਗਾ ਜਲ ਲੈ ਕੇ ਆ ਰਹੇ ਕਾਂਵੜੀਆ ਕਹੇ ਜਾਣ ਵਾਲੇ ਧਰਮੀ ਨੌਜਵਾਨ ਲੋਕਾਂ ਵੱਲੋਂ ਕੀਤੇ ਜਾ ਰਹੇ ਕਈ ਤਰ੍ਹਾਂ ਦੇ ਗੈਰ-ਮਨੁੱਖੀ ਅੱਤਿਆਚਾਰ ਸਾਹਮਣੇ ਆ ਰਹੇ ਹਨ। ਇਹਨਾਂ ਵੱਲੋਂ ਇਨਸਾਨੀ ਕਦਰਾਂ ਕੀਮਤਾਂ ਨੂੰ ਬੁਰੀ ਤਰ੍ਹਾਂ ਦਫ਼ਨ ਕਰਦਿਆਂ ਕੀਤੀ ਜਾ ਰਹੀ ਹੁੱਲੜਬਾਜੀ ਰਾਹੀਂ ਮਨੁੱਖੀ ਕੁੱਟ–ਮਾਰ ਸਮੇਤ ਸਕੂਲੀ ਵਾਹਨਾਂ, ਬੱਸਾਂ, ਕਾਰਾਂ, ਮੋਟਰ ਸਾਈਕਲ, ਈ-ਰਿਕਸ਼ਾ, ਦੁਕਾਨਾਂ, ਹੋਟਲਾਂ ਆਦਿ ਦੀ ਭਿਆਨਕ ਭੰਨ ਤੋੜ ਕਰਨ ਦੀਆਂ ਖ਼ੂੰ-ਖਾਰ ਘਟਨਾਵਾਂ ਆਮ ਹੀ ਮੀਡੀਆ ਵਿੱਚ ਵੇਖਣ ਨੂੰ ਮਿਲ ਰਹੀਆਂ ਹਨ। ਇੱਥੋਂ ਤੱਕ ਕਿ ਲੜਕੀਆਂ ਦੀ ਕੁੱਟ ਮਾਰ ਕਰਨ ਵਰਗੇ ਅਤਿ ਸ਼ਰਮਨਾਕ ਕਾਰੇ ਕੀਤੇ ਜਾ ਰਹੇ ਹਨ।

ਇਹ ਸਭ ਕੁੱਝ ਕਰਨ ਵਾਲੇ ਆਮ ਘਰਾਂ ਦੇ ਨੌਜਵਾਨ ਹਨ, ਜੋ ਇਸ ਕਾਂਵੜ ਯਾਤਰਾ ਦੌਰਾਨ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦੇ, ਹੜਦੁੰਗ ਮਚਾਉਂਦੇ ਆਮ ਹੀ ਸੋਸ਼ਲ ਮੀਡੀਆ ਰਾਹੀਂ ਵਿਖਾਈ ਦਿੰਦੇ ਹਨ। ਧਾਰਮਿਕ ਆਸਥਾ ਦੇ ਨਾਂ 'ਤੇ ਸਰਕਾਰੀ ਪ੍ਰਬੰਧਾਂ ਹੇਠ ਇਹਨਾਂ ਦੇ ਕਾਫ਼ਲਿਆਂ ਉੱਪਰ ਹੈਲੀਕਾਪਟਰ ਦੁਆਰਾ ਕੀਤੀ ਜਾਂਦੀ ਫੁੱਲਾਂ ਦੀ ਵਰਖਾ ਰਾਹੀਂ ਸ਼ੁਹਰਤ ਦੇ ਕੇ ਉਚਿਆਇਆ ਜਾ ਰਿਹਾ ਹੈ। ਪੁਲਿਸ ਕਰਮਚਾਰੀ ਇਹਨਾਂ ਦੇ ਪੈਰ ਘੁਟਦੇ, ਮਾਲਿਸ਼ ਕਰਦੇ, ਪੱਖੀਆਂ ਝੱਲਦੇ ਤਾਂ ਦਿਸਦੇ ਹਨ ,ਪਰ ਇਹਨਾਂ ਦੁਆਰਾ ਕੀਤੀ ਜਾ ਰਹੀ ਅਣਮਨੁੱਖੀ ਕਾਰਗੁਜ਼ਾਰੀ ਰੋਕਣ ਲਈ ਕਿਧਰੇ ਵਿਖਾਈ ਨਹੀਂ ਦਿੰਦੇ। ਇਹਨਾਂ ਦੀ ਇਸ ਪੈਦਲ ਯਾਤਰਾ ਦੇ ਰਸਤੇ ਵਿੱਚ ਪੈਂਦੀਆਂ ਫਲ-ਫਰੂਟ ਦੀਆਂ ਦੁਕਾਨਾਂ ਅਤੇ ਹੋਟਲਾਂ ਆਦਿ ਦੇ ਮਾਲਕਾਂ ਨੂੰ ਆਪਣਾ ਨਾਮ ਲਿਖਕੇ ਦੁਕਾਨ ਅੱਗੇ ਲਗਾਉਣ ਦੇ ਹੁਕਮ ਸਰਕਾਰੀ ਤੌਰ 'ਤੇ ਕੀਤੇ ਜਾ ਰਹੇ ਹਨ ਤਾਂ ਕਿ ਕਾਂਵੜੀਆਂ ਨੂੰ ਦੁਕਾਨ ਵਾਲੇ ਦੇ ਧਰਮ ਬਾਰੇ ਪਤਾ ਲੱਗ ਸਕੇ। ਭੰਨ ਤੋੜ ਕਰਨ ਦੀਆਂ ਕਈ ਘਟਨਾਵਾਂ ਵਿੱਚ ਇੱਕ ਹੋਟਲ ਦੀ ਮਾਲਕ ਔਰਤ ਨੂੰ ਮੁਸਲਮਾਨ ਸਮਝਕੇ ਹੋਟਲ ਦੇ ਮੇਜ, ਕੁਰਸੀਆਂ, ਸ਼ੀਸ਼ਿਆਂ ਦੀ ਭੰਨ ਤੋੜ ਅਤੇ ਕਾਮਿਆਂ ਦੀ ਪਿਟਾਈ ਕਰਨ ਦੇ ਸਬੂਤ ਪ੍ਰਤੱਖ ਵੇਖੇ ਜਾ ਸਕਦੇ ਹਨ।

ਇਹ ਵੀ ਇੱਕ ਸਚਾਈ ਹੈ ਕਿ ਇਸ ਕਾਂਵੜ ਯਾਤਰਾ ਵਿੱਚ ਹਮੇਸ਼ਾ ਆਮ ਗਰੀਬ ਪਰਿਵਾਰਾਂ ਦੇ ਨੌਜਵਾਨ ਅਤੇ ਬੱਚੇ ਤਾਂ ਭਾਗ ਲੈਂਦੇ ਹਨ, ਪਰ ਕਿਸੇ ਵੀ ਉੱਚ-ਅਧਿਕਾਰੀ, ਮੰਤਰੀ, ਸਿਆਸਤਦਾਨ ਜਾਂ ਅਮੀਰ ਪਰਿਵਾਰਾਂ ਦਾ ਇੱਕ ਵੀ ਨੌਜਵਾਨ ਇਹਨਾਂ ਕਾਂਵੜੀਆਂ ਵਿੱਚ ਸ਼ਾਮਲ ਨਹੀਂ ਹੁੰਦਾ, ਕਿਉਂਕਿ ਉਹਨਾਂ ਦੇ ਬੱਚੇ ਦੇਸ਼ਾਂ ਤੇ ਵਿਦੇਸ਼ਾਂ ਵਿੱਚ ਉਚੇਰੀ ਪੜ੍ਹਾਈ ਕਰ ਰਹੇ ਹਨ ਜਾਂ ਚੰਗੀ ਜ਼ਿੰਦਗੀ ਮਾਣ ਰਹੇ ਹਨ। ਇਹਨਾਂ ਵੱਲੋਂ ਆਪਣੇ ਹੀ ਧਰਮ ਦੇ, ਨੀਵੀਆਂ ਜਾਤਾਂ ਵਿੱਚ ਗਿਣੇ ਜਾਂਦੇ ਗਰੀਬੀ, ਅਨਪੜ੍ਹਤਾ ਤੇ ਬੇਰੋਜਗਾਰੀ ਦੇ ਮਾਰਿਆਂ ਨੂੰ ਪੜ੍ਹਾਈ ਦੀ ਬਜਾਏ, ਇਸ ਤਰ੍ਹਾਂ ਧਰਮ ਅਧਾਰਿਤ ਆਸਥਾ ਦੀ ਪਾਲਣਾ ਕਰਨ ਦਾ ਪਾਠ ਪੜ੍ਹਾਕੇ ਗੰਗਾ ਜਲ ਲਿਆਉਣ ਲਈ ਇਸ ਯਾਤਰਾ ਲਈ ਉਤਸਾਹਿਤ ਕੀਤਾ ਜਾਂਦਾ ਹੈ। ਧਰਮ ਦੇ ਨਾਂ ਹੇਠ ਇਹਨਾਂ ਕਾਂਵੜੀਆਂ ਵੱਲੋਂ ਇਸ ਯਾਤਰਾ ਦੌਰਾਨ ਕੀਤੀ ਜਾਂਦੀ ਭੰਨ ਤੋੜ ਅਤੇ ਆਮ ਸ਼ਹਿਰੀਆਂ ਦੀ ਕੀਤੀ ਜਾਂਦੀ ਕੁੱਟ-ਮਾਰ ਰੋਕਣ ਪੱਖੋਂ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਅਕਸਰ ਹੀ ਮੂਕ ਦਰਸ਼ਕ ਬਣੇ ਹੋਏ ਹਨ। ਕਿੰਨੇ ਹੀ ਬੇਗੁਨਾਹਾਂ ਦੀ ਬੜੀ ਬੇਰਹਿਮੀ ਨਾਲ ਜਾਨ ਲੇਵਾ ਢੰਗ ਨਾਲ ਕੁੱਟ ਮਾਰ ਕਰਨ ਦੀਆਂ ਤਸਵੀਰਾਂ ਸਾਹਮਣੇ ਆ ਰਹੀਆਂ ਹਨ। ਸਰਕਾਰੀ ਤੌਰ 'ਤੇ ਭਾਵੇਂ 70,000 ਦੀ ਗਿਣਤੀ ਵਿੱਚ ਪੁਲਿਸ ਕਰਮਚਾਰੀ ਇਸ ਯਾਤਰਾ ਦੌਰਾਨ ਤਾਇਨਾਤ ਕੀਤੇ ਗਏ ਜਾਣ ਦੀਆਂ ਖਬਰਾਂ ਹਨ, ਪਰ ਕਾਂਵੜੀਆਂ ਨੂੰ ਨਿਯਮਾਂ ਅਨੁਸਾਰ ਸੜਕ ਦੇ ਵਿਚਕਾਰ ਚੱਲਣ ਤੋਂ ਰੋਕ ਕੇ ਇੱਕ ਪਾਸੇ ਚੱਲਣ ਲਈ ਪ੍ਰੇਰਿਤ ਕਰਨ ਵਾਸਤੇ ਕੋਈ ਵੀ ਕਰਮਚਾਰੀ ਵਿਖਾਈ ਨਹੀਂ ਦਿੰਦਾ। ਕੀ ਅਜਿਹੀਆਂ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਾ ਧਰਮ ਅਖਵਾਉਂਦਾ ਹੈ ? ਧਰਮ ਦੇ ਨਾਂ 'ਤੇ ਇਸ ਤਰ੍ਹਾਂ ਦਾ ਹੜਦੁੰਗ ਕਰਨ ਵਾਲਿਆਂ ਖਿਲਾਫ ਕੋਈ ਕਾਰਵਾਈ ਨਹੀਂ, ਪਰ ਇੱਕ ਸਕੂਲ ਅਧਿਆਪਕ ਜੋ ਬੱਚਿਆਂ ਨੂੰ ਗਿਆਨ ਦਾ ਦੀਵਾ ਜਗਾ ਅਜਿਹੇ ਵਰਤਾਰਿਆਂ ਤੋਂ ਪਾਸੇ ਰਹਿਣ ਦਾ ਆਪਣੀ

ਕਵਿਤਾ ਰਾਹੀਂ ਸੰਦੇਸ਼ ਦੇ ਰਿਹਾ ਹੈ, ਉਸ ਖਿਲਾਫ ਪੁਲਿਸ ਕੇਸ ਤੁਰੰਤ ਦਰਜ ਕਰ ਦਿੱਤਾ ਜਾਂਦਾ ਹੈ।

ਇਹਨਾਂ ਦਿਨਾਂ ਵਿੱਚ ਇਸ ਯਾਤਰਾ ਕਾਰਣ ਟਰੈਫਿਕ ਦੀ ਸਮੱਸਿਆ ਦੇ ਨਿਯਮਾਂ ਦੀ ਪਾਲਣਾ ਕਰਵਾਉਣ ਦੀ ਬਜਾਏ ਸਕੂਲਾਂ ਨੂੰ ਬੰਦ ਕਰ ਦੇਣਾ ਕਿੰਨਾਂ ਕੁ ਸਹੀ ਹੈ ? ਸਰਕਾਰ ਦੀ ਮੁਢਲੀ ਸੰਵਿਧਾਨਿਕ ਜ਼ੁੰਮੇਵਾਰੀ ਹੈ ਕਿ ਉਹ ਹਰ ਨਾਗਰਿਕ ਨੂੰ ਸਿੱਖਿਆ, ਰੋਜਗਾਰ, ਸਿਹਤ ਸਹੂਲਤਾਂ ਦੇਣ ਆਦਿ ਦਾ ਪ੍ਰਬੰਧ ਕਰੇ, ਪਰ ਉਹ ਇਸ ਨੂੰ ਨਿਭਾਉਣ ਵਿੱਚ ਨਾਕਾਮ ਰਹਿਣ ਕਾਰਣ, ਦੇਸ਼ ਦੀ ਨੌਜਵਾਨੀ ਨੂੰ ਧਰਮ ਅਤੇ ਸੰਸਕ੍ਰਿਤੀ ਦੇ ਨਾਂ ਹੇਠ, ਸਮਾਜ ਵਿੱਚ ਆਪਸੀ ਨਫ਼ਰਤ ਪੈਦਾ ਕਰਨ ਲਈ ਉਤਸ਼ਾਹਿਤ ਕਰਨ ਦਾ ਕੰਮ ਕਰਕੇ ਦੇਸ਼ ਨੂੰ ਕਿੱਧਰ ਲੈ ਜਾਣਾ ਚਾਹੁੰਦੀ ਹੈ ? ਇਸ ਸਵਾਲ ਨੂੰ ਬਹੁਤ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ।

**98151 69825**

---

**ਆਪ ਬੀਤੀਆਂ**

# ਪ੍ਰੇਰਨਾ ਦੇ ਖੰਭ

ਗੱਲ ਵੀਹਵੀਂ ਸਦੀ ਦੇ ਆਖਰੀ ਦਹਾਕੇ ਦੀ ਹੈ, ਮੈਂ ਉਸ ਸਮੇ ਚੌਥੀ ਜਮਾਤ ਵਿੱਚ ਪੜ੍ਹਦਾ ਨੌਂ ਕੁ ਸਾਲ ਦਾ ਬੱਚਾ ਸੀ। ਗਰਮੀ ਦੀਆਂ ਛੁੱਟੀਆਂ ਹੋਈਆ ਸਨ। ਮੇਰੇ ਪਿਤਾ ਜੀ ਖੇਤ ਵਿੱਚ ਲੱਗੀ ਟੋਕਾ ਮਸ਼ੀਨ ਵਿੱਚ ਜਵੀਂ ਦੇ ਰੁੱਗ ਲਾ ਰਹੇ ਸਨ। ਪਿਤਾ ਜੀ ਨੂੰ ਇੱਕ ਦਿਨ ਪਹਿਲਾਂ ਪੱਠਿਆਂ ਦੀ ਭਰੀ ਪੰਡ ਸਿਰ 'ਤੇ ਚੁੱਕ ਕੇ ਖਾਲ਼ ਪਾਰ ਕਰਦਿਆਂ ਧੌਣ ਵਿੱਚ ਅਜਿਹਾ ਕੋਈ ਵਲ ਜਾ ਪਿਆ ਜੋ ਉਹਨਾਂ ਨੂੰ ਝੁਕਣ ਵਿੱਚ ਕਾਫੀ ਤਕਲੀਫ ਦਿੰਦਾ ਸੀ। ਇਸ ਲਈ ਮੇਰਾ ਵੱਡਾ ਭਰਾ ਥੱਲਿਓਂ ਜਵੀਂ ਦੇ ਰੁੱਗ ਚੁੱਕ ਕੇ ਪਿਤਾ ਜੀ ਫੜਾ ਰਿਹਾ ਸੀ ਅਤੇ ਪਿਤਾ ਜੀ ਤਕਲੀਫ ਤੋਂ ਬਚਣ ਲਈ ਸਿੱਧੇ ਖੜ੍ਹੇ ਹੀ ਟੋਕਾ ਮਸ਼ੀਨ ਵਿੱਚ ਜਵੀਂ ਦੇ ਰੁੱਗ ਲਾ ਰਹੇ ਸਨ। ਮੈਂ ਤੇ ਮੇਰੇ ਚਾਚੇ ਦਾ ਮੁੰਡਾ ਜੋ ਉਮਰ ਵਿੱਚ ਲਗਪਗ ਮੇਰਾ ਹਾਣੀ ਹੈ, ਕੋਲ ਹੀ ਖੜ੍ਹੇ ਵਣ ਤੇ ਨਿੰਮ ਦੇ ਰੁੱਖ ਉੱਪਰ ਖੇਡ ਰਹੇ ਸੀ। ਮੇਰਾ ਨਿੱਕੇ ਹੁੰਦਿਆਂ ਤੋਂ ਹੀ ਖੇਡਣ ਨਾਲੋਂ ਜਿਆਦਾ ਧਿਆਨ ਖੇਤੀ ਕੰਮਾਂ ਵਿੱਚ ਰਹਿੰਦਾ ਸੀ। ਮੈਂ ਦੇਖਿਆ ਟੋਕਾ ਮਸ਼ੀਨ ਹੇਠਾਂ ਕੁਤਰੇ ਹੋਏ ਪੱਠਿਆਂ ਦਾ ਵੱਡਾ ਢੇਰ ਲੱਗ ਗਿਆ, ਜੋ ਘੁੰਮ ਰਹੇ ਮਸ਼ੀਨ ਦੇ ਭਾਉਣ (ਚੱਕਰ) ਨਾਲ਼ ਲੱਗ ਕੇ ਦੂਰ ਤੱਕ ਖਿਲਰ ਰਹੇ ਸਨ। ਮੇਰਾ ਵੱਡਾ ਭਰਾ ਟੋਕਾ ਮਸ਼ੀਨ ਥੱਲਿਓਂ ਕੁਤਰੇ ਪੱਠੇ ਪਾਸੇ ਕਰਨ ਲੱਗ ਪਿਆ। ਪਿਤਾ ਜੀ ਧੌਣ ਦੀ ਪੀੜ ਨਾਲ਼ ਤੰਗ ਹੁੰਦੇ ਝੁਕ ਕੇ ਆਪ ਹੀ ਜਵੀਂ ਦੇ ਰੁੱਗ ਚੁੱਕ ਰਹੇ ਸਨ। ਮੈਂ ਭਰਾ ਦੀ ਥਾਂ ਪਿਤਾ ਨੂੰ ਆਪਣੇ ਵਿਤ ਅਨੁਸਾਰ ਨਿੱਕੇ-ਨਿੱਕੇ ਰੁੱਗ ਫੜਾਉਣ ਲੱਗ ਪਿਆ। ਅਚਾਨਕ ਪਿਤਾ ਜੀ ਹੱਥ ਵਿੱਚ ਰੁੱਗ ਲਏ ਹੀ ਮੇਰੇ ਵੱਡੇ ਭਰਾ ਨੂੰ ਪੱਠੇ ਹਟਾਉਂਦੇ ਨੂੰ ਵੇਖਣ ਲੱਗ ਪਏ ਅਤੇ ਏਨੀ ਦੇਰ ਵਿੱਚ ਹੀ ਮੈਂ ਇੱਕ ਹੋਰ ਜਵੀਂ ਦਾ ਰੁੱਗ ਚੁੱਕਿਆ ਅਤੇ ਸਿੱਧਾ ਹੀ ਮਸ਼ੀਨ ਵਿੱਚ ਲਾ ਦਿੱਤਾ ਅਤੇ ਮੇਰੇ ਪਿਤਾ ਜੀ ਨੇ ਬੇਧਿਆਨੇ ਹੀ ਮੇਰੇ ਰੁੱਗ ਉਪਰ ਆਪਣਾ ਰੁੱਗ ਰੱਖ ਦਿੱਤਾ ਅਤੇ ਮੇਰਾ ਹੱਥ ਦੋਹਾਂ ਰੁੱਗਾਂ ਦੇ ਵਿਚਕਾਰ ਦੀ ਮਸ਼ੀਨ ਦੀਆਂ ਗਰਾਰੀਆਂ ਤੱਕ ਚਲਾ ਗਿਆ। ਜਦੋਂ ਮੈਨੂੰ ਦਬਾ ਮਹਿਸੂਸ ਹੋਇਆਂ ਤਾਂ ਮੈਂ ਪਿਤਾ ਜੀ ਨੂੰ ਦੱਸਿਆ। ਉਹ ਸੁਣ ਕੇ ਹੰਬਲ ਗਏ ਅਤੇ ਘਬਰਾਹਟ ਵਿੱਚ ਉਹਨਾਂ ਨੂੰ ਕੁਝ ਸਮਝ ਨਾ ਆਇਆ ਕਿ ਕੀ ਕੀਤਾ ਜਾਵੇ। ਜਦੋਂ ਤੱਕ ਉਹਨਾਂ ਭੱਜ ਕੇ ਫੀਟਰ ਬੰਦ ਕੀਤਾ ਅਤੇ ਟੋਕਾ ਮਸ਼ੀਨ ਰੁਕੀ ਮੇਰਾ ਸੱਜਾ ਹੱਥ ਗੁੱਟ ਤੱਕ ਕੱਟਿਆ ਗਿਆ। ਕੁਝ ਦਿਨ ਇਲਾਜ ਤੋਂ ਬਾਅਦ ਮੈਂ ਘਰ ਆ ਗਿਆ। ਰਿਸ਼ਤੇਦਾਰ ਅਤੇ ਪਿੰਡ ਦੇ ਲੋਕ ਮੇਰਾ ਪਤਾ ਲੈਣ ਆਉਂਦੇ। ਦੇਖਣ ਨੂੰ ਤਾਂ ਇੰਝ ਹੀ ਲੱਗਦਾ ਕਿ ਜਵਾਕ ਏਨੀ ਛੋਟੀ ਉਮਰ ਵਿੱਚ ਟੋਕਾ ਮਸ਼ੀਨ ਨਾਲ਼ ਵਾਧੂ ਪੰਗੇ ਹੀ ਲੈਂਦਾ ਹੋਵੇਗਾ। ਪਰ ਉਸ ਉਮਰ ਵਿੱਚ ਹੀ ਪਿਤਾ ਨਾਲ਼ ਮੈਨੂੰ ਖੇਤੀ ਦੇ ਕੰਮ ਕਰਨ ਦਾ ਸ਼ੌਕ ਪੈ ਗਿਆ ਸੀ।

ਮੇਰਾ ਪਤਾ ਲੈਣ ਆਈਆਂ ਔਰਤਾਂ ਮੇਰੀ ਮਾਂ ਨਾਲ਼ ਮੇਰੇ ਭਵਿੱਖ ਨੂੰ ਲੈ ਕੇ ਗੱਲਾਂ ਕਰਦੀਆਂ। ਮੈਂ ਕੋਲ ਬੈਠਾ ਸੱਜੇ ਹੱਥ ਦੀ ਥਾਂ ਹੁਣ ਖੱਬੇ ਹੱਥ ਨਾਲ਼ ਲਿਖਣ ਦੀ ਕੋਸ਼ਿਸ਼ ਕਰਦਾ ਕਾਪੀ 'ਤੇ ਪੰਜਾਬੀ ਦੇ ਸਫੇ ਲਿਖੀ ਜਾਂਦਾ ਅਤੇ ਨਾਲ਼-ਨਾਲ਼ ਉਹਨਾਂ ਦੀਆਂ ਗੱਲਾਂ ਸੁਣੀ ਜਾਂਦਾ, ਕੀ ਸੋਹਣਾ ਜਵਾਕ ਸੀ ਰੱਬ ਨੇ ਬੱਜ ਪਾ ਕੇ ਕੰਮ ਤੋਂ ਆਹਰੀ ਕਰਤਾ, ਚੱਲ ਹੁਣ ਪੜ੍ਹ ਲਿਖ ਜਾਵੇ ਤਾਂ ਕਿਸੇ ਟੁੱਕੜੇ ਪੈ ਜਾਵੇ", ਕਈ ਵਾਰ ਮੇਰੀ ਮਾਂ ਚੁੰਨੀ ਦੇ ਪੱਲੇ ਨਾਲ਼ ਅੱਖਾਂ ਸਾਫ ਕਰਦਿਆਂ ਆਖਦੀ, ਹਾਂ ਅਸੀਂ ਤਾਂ ਆਪ ਇਹਨੂੰ ਆਖਦੇ ਹਾਂ ਭਾਈ ਪੜ੍ਹ ਲੈ ਹੁਣ ਤਾਂ ਪੜ੍ਹਾਈ ਹੀ ਕੰਮ ਆਉਣੀ ਆ ਤੇਰੇ।" ਉਸ ਸਮੇਂ ਕੋਈ ਮਾਂ-ਬਾਪ ਆਪਣੇ ਬੱਚਿਆਂ ਨੂੰ ਅੱਜ ਵਾਂਗ ਜੋਰ ਦੇ ਕੇ ਪੜ੍ਹਨ ਲਈ ਨਹੀਂ ਕਹਿੰਦਾ ਸੀ। ਸ਼ਾਇਦ ਕਿਸੇ ਨੂੰ ਵਿੱਦਿਆ ਦੀ ਸਹੀ ਅਹਿਮੀਅਤ ਹੀ ਨਹੀਂ ਪਤਾ ਸੀ। ਮੇਰੇ ਅਨਪੜ੍ਹ ਮਾਂ-ਬਾਪ ਨੇ ਵੀ ਭਾਵੇਂ ਕਦੇ ਜਿਆਦਾ ਤਵੱਜੋਂ ਦੇ ਕੇ ਸਾਨੂੰ ਪੜ੍ਹਨ ਲਈ ਨਹੀਂ ਕਿਹਾ ਪਰ ਮੈਂ ਇਹ ਸਮਝ ਗਿਆ ਸੀ ਕਿ ਮੇਰੀ ਸਰੀਰਕ ਕਮੀ ਕਰਕੇ ਉਹ ਮੇਰੇ ਭਵਿੱਖ ਨੂੰ ਲੈ ਕੇ ਚਿੰਤਾ ਜਰੂਰ ਕਰਦੇ ਹਨ। ਉਹਨਾਂ ਦੀ ਇਹ ਚਿੰਤਾ ਹੀ ਮੈਨੂੰ ਪੜ੍ਹਨ ਲਈ ਪ੍ਰੇਰਿਤ ਕਰਦੀ ਰਹੀ। ਜੇਕਰ ਅੱਜ ਮੇਰੇ ਦੋਵੇਂ ਹੱਥ ਹੁੰਦੇ ਤਾਂ ਸ਼ਾਇਦ ਮੈਂ ਅਧਿਆਪਕ ਵੀ ਨਾ ਹੁੰਦਾ ਸਗੋਂ ਆਪਣੇ ਸਾਰੇ ਹਾਣੀਆਂ

ਵਾਂਗ ਸਕੂਲੀ ਸਿੱਖਿਆ ਵਿੱਚ-ਵਿਚਾਲੇ ਛੱਡ ਖੇਤਾਂ ਵਿੱਚ ਮਿੱਟੀ ਨਾਲ਼ ਮਿੱਟੀ ਹੋ ਰਿਹਾ ਹੁੰਦਾ।

ਇੱਕ ਦਿਨ ਸਾਡੇ ਘਰ ਇੱਕ ਜੋਤਸ਼ੀ ਤੇ ਨਾਲ਼ ਉਸ ਦਾ ਚੇਲਾ ਆਏ ਜੋ ਹੱਥ ਦੀਆਂ ਲਕੀਰਾਂ ਦੇਖਕੇ ਕਿਸਮਤ ਵਿੱਚ ਆਉਣ ਵਾਲ਼ੇ ਦੁੱਖ-ਸੁੱਖ ਦੱਸਣ ਦਾ ਦਾਅਵਾ ਕਰਦੇ ਸਨ। ਉਸ ਸਮੇਂ ਮੈਂ ਆਪਣੀ ਗਰੈਜੂਏਸ਼ਨ ਅਜੇ ਸ਼ੁਰੂ ਹੀ ਕੀਤੀ ਸੀ। ਉਨ੍ਹਾਂ ਦੁਆਲੇ ਮੇਰੇ ਮਾਤਾ, ਭੂਆ, ਚਾਚੀ ਤੇ ਇੱਕ-ਦੋ ਆਂਢ-ਗੁਆਂਢ ਚੋਂ ਵੀ ਔਰਤਾਂ ਆ ਕੇ ਬੈਠ ਗਈਆਂ। ਚੇਲੇ ਦੇ ਦੱਸਣ ਅਨੁਸਾਰ ਜੋਤਸ਼ੀ ਨੂੰ ਉੱਚਾ (ਘੱਟ) ਸੁਣਦਾ ਸੀ, ਹੱਥ ਦਿਖਾਉਣ ਵਾਲ਼ੀਆਂ ਔਰਤਾਂ ਦਾ ਕੋਈ ਵੀ ਸਵਾਲ ਸੁਣ ਕੇ ਚੇਲਾ ਜੋਤਸ਼ੀ ਦੇ ਕੰਨ ਕੋਲ਼ ਉੱਚੀ ਅਵਾਜ ਵਿੱਚ ਪੁੱਛਦਾ ਸੀ ਤੇ ਫਿਰ ਜੋਤਸ਼ੀ ਉਸ ਦਾ ਜਵਾਬ ਦਿੰਦਾ ਸੀ। ਪਰ ਮੈਂ ਜਲਦ ਇਹ ਸਮਝ ਲਿਆ ਸੀ ਕਿ ਉਹ ਉੱਚਾ ਸੁਣਨ ਦਾ ਢੌਂਗ ਕਰ ਰਿਹਾ ਹੈ। ਇਹ ਉਸ ਦਾ ਭੋਲੇ-ਭਾਲੇ ਲੋਕਾਂ ਨੂੰ ਮੂਰਖ ਬਣਾ ਕੇ ਲੁੱਟਣ ਦਾ ਇੱਕ ਢੰਗ ਸੀ। ਇਕੱਠੀਆਂ ਹੋਈਆਂ ਔਰਤਾਂ ਜਦੋਂ ਸਵਾਲ ਕਰਨ ਲਈ ਇੱਕ ਦੂਜੇ ਨਾਲ਼ ਸਲਾਹ ਮਸ਼ਵਰਾ ਕਰਦੀਆਂ ਤਾਂ ਉੱਚਾ ਸੁਣਨ ਦਾ ਪਖੰਡ ਕਰ ਰਿਹਾ ਜੋਤਸ਼ੀ ਲਗਪਗ ਹਰ ਸਵਾਲ ਦਾ ਜਵਾਬ ਵੀ ਤਿਆਰ ਕਰ ਲੈਂਦਾ ਸੀ। ਉਦਾਹਰਨ ਵਜੋਂ ਜਦੋਂ ਮੇਰੀ ਭੂਆ ਨੇ ਆਪਣਾ ਹੱਥ ਜੋਤਸ਼ੀ ਨੂੰ ਦਿਖਾਇਆ ਤਾਂ ਉਸ ਨੇ ਕਿਹਾ, ਤੁਹਾਡੇ ਇੱਕ ਮੁੰਡਾ ਹੋ ਕੇ ਗੁਜ਼ਰ ਗਿਆ ਤੇ ਉਸ ਤੋਂ ਬਾਅਦ ਦੋ ਕੁੜੀਆਂ ਹੋਈਆਂ ਹਨ ਅਤੇ ਤੁਹਾਡੀ ਕਿਸਮਤ ਵਿੱਚ ਇੱਕ ਮੁੰਡਾ ਹੋਰ ਹੈ ਪਰ ਉਸ ਲਈ ਉਪਾਅ ਦੀ ਲੋੜ ਹੈ।" ਇਹ ਜਵਾਬ ਸੁਣਦਿਆਂ ਹੀ ਔਰਤਾਂ ਦੇ ਮੂੰਹੋਂ ਜੋਤਸ਼ੀ ਦੀ ਵਾਹ-ਵਾਹ ਹੋਣ ਲੱਗ ਪਈ। ਮੈਂ ਕੋਲ਼ ਖੜ੍ਹੇ ਨੇ ਸਮਝ ਲਿਆ ਕਿ ਜੋਤਸ਼ੀ ਨੇ ਜੋ ਦੱਸਿਆ ਉਹ ਤਾਂ ਭੋਲੀਆਂ ਔਰਤਾਂ ਜੋਤਸ਼ੀ ਨੂੰ ਘੱਟ ਸੁਣਦਾ ਸਮਝ ਹੌਲ਼ੀ ਅਵਾਜ ਵਿੱਚ ਇੱਕ ਦੂਜੇ ਨੂੰ ਪਹਿਲਾਂ ਹੀ ਦੱਸ ਰਹੀਆਂ ਸਨ। ਉਹੀ ਕੁਝ ਸੁਣ ਕੇ ਉਸ ਨੇ ਦੱਸਿਆ ਹੈ। ਉਸ ਸਮੇਂ ਮੈਨੂੰ ਕੁਝ ਅਧਿਆਪਕਾਂ ਅਤੇ ਕੁਝ ਕਿਤਾਬਾਂ ਤੋਂ ਸਿੱਖਿਆ ਅੱਲ੍ਹੜ ਜਿਹਾ ਇਹਨਾਂ ਕੁ ਗਿਆਨ ਜਰੂਰ ਸੀ ਕਿ ਕਿਸਮਤ ਹੱਥਾਂ ਦੀਆਂ ਲਕੀਰਾਂ ਵਿੱਚ ਨਹੀਂ ਹੁੰਦੀ। ਮੈਂ ਜੋਤਸ਼ੀ ਦੀ ਚਲਾਕੀ ਔਰਤਾਂ ਨੂੰ ਸਮਝਾਉਣ ਲਈ ਉਤਾਵਲਾ ਜਾ ਹੋਣ ਲੱਗਾ। ਜੋਤਸ਼ੀ ਵੀ ਸਮਝ ਗਿਆ ਕਿ ਮੈਂ ਉਸ ਦੀ ਖੇਡ ਖਰਾਬ ਕਰ ਸਕਦਾ ਹਾਂ। ਉਸ ਨੇ ਮੇਰੀ ਦਾੜੀ ਤੇ ਮੁੱਛ ਦੇ ਫੁੱਟ ਰਹੇ ਕੱਕੇ ਜੇ ਵਾਲ਼ ਵੇਖ ਕੇ ਮੇਰੀ ਜਵਾਨ ਉਮਰ ਦਾ ਅੰਦਾਜਾ ਲਾ ਕੇ ਮੈਨੂੰ ਰਾਹ ਦਾ ਰੋੜਾ ਬਣਨ ਤੋਂ ਰੋਕਣ ਲਈ ਆਪਣੇ ਤਜ਼ਰਬੇ ਤੋਂ ਅਗਲਾ ਤੀਰ ਮੇਰੇ ਵੱਲ ਛੱਡਦੇ ਹੋਏ ਕਿਹਾ, ਤੁਹਾਡਾ ਇਹ ਲੜਕਾ ਬਹੁਤ ਪੜ੍ਹ-ਲਿਖ ਕੇ ਅਫ਼ਸਰ ਬਣੇਗਾ ਅਤੇ ਬਹੁਤ ਸੋਹਣੀ ਪੈਂਟ ਵਾਲ਼ੀ ਕੰਨਿਆਂ ਨਾਲ਼ ਵਿਆਹ ਕਰਵਾਏਗਾ।" ਉਂਝ ਤਾਂ ਮੈਂ ਸ਼ਰੀਫ਼ ਤੇ ਸੰਗਾਲੂ ਕਿਸਮ ਦਾ ਸੀ ਪਰ ਮੇਰੀ ਉਭਰਦੀ ਜਵਾਨੀ ਦੀਆਂ ਭਾਵਨਾਵਾਂ ਨੂੰ ਅਜਿਹਾ ਉਛਾਲ ਮਿਲਿਆ ਕਿ ਮੈਂ ਪੈਂਟ ਵਾਲ਼ੀ ਕੰਨਿਆਂ ਦੇ ਸੁਪਨਿਆਂ ਵਿੱਚ ਵਹਿ ਗਿਆ। ਮੈਂ ਖੜ੍ਹਾ ਭਾਵੇਂ ਉੱਥੇ ਹੀ ਸੀ ਪਰ ਮੇਰੇ ਅੰਦਰ ਦੇ ਵਹਿਣ ਤਾਂ ਟੀ.ਵੀ 'ਤੇ ਦੇਖੀਆਂ ਫਿਲਮਾਂ ਵਿਚਲੀਆਂ ਹੀਰੋਇੰਨਾ ਦੇ ਚੇਹਰਿਆਂ ਚੋਂ ਆਪਣੇ ਲਈ ਸਭ ਤੋਂ ਸੁੰਦਰ ਚਿਹਰਾ ਲੱਭਣ ਵੱਲ ਦੌੜ ਪਏ। ਜਦੋਂ ਤੱਕ ਮੈਂ ਇਹਨਾਂ ਵਹਿਣਾ ਚੋਂ ਬਾਹਰ ਆਇਆ ਪਾਖੰਡੀ ਜੋਤਸ਼ੀ ਤੇ ਉਸ ਦਾ ਚੇਲਾ ਸਾਡੇ ਘਰੋਂ ਉਪਾਅ ਦੇ ਨਾਂ 'ਤੇ ਕੀਮਤੀ ਗਹਿਣਾ, ਨਕਦੀ ਤੇ ਲੀੜਾ-ਲੱਤਾ ਲੈ ਕੇ ਰਫੂ ਚੱਕਰ ਹੋ ਗਏ।

ਮੈਂ ਫਿਰ ਸੋਚਾਂ ਵਿੱਚ ਗੁਆਚਿਆ ਰਿਹਾ ਕੀ ਜੋਤਸ਼ੀ ਦਾ ਕਿਹਾ ਸੱਚ ਹੋ ਸਕਦਾ? ਨਹੀਂ.....ਕਿਸਮਤ ਹੱਥਾਂ ਦੀਆਂ ਲਕੀਰਾਂ ਵਿੱਚ ਤਾਂ ਨਹੀਂ ਹੋ ਸਕਦੀ। ਜੇਕਰ ਇੰਝ ਹੁੰਦਾ ਤਾਂ ਮੈਂ ਅੱਧੀ ਕਿਸਮਤ ਤਾਂ ਆਪਣੀ ਉਸ ਸਮੇਂ ਹੀ ਗਵਾ ਲਈ ਸੀ ਜਦੋਂ ਮੇਰਾ ਸੱਜਾ ਹੱਥ ਕੱਟਿਆ ਗਿਆ। ਪਰ ਅੱਜ ਮੈਨੂੰ ਆਪਣੀ ਕਿਸਮਤ ਵਿੱਚ ਕੋਈ ਕਮੀ ਨਜ਼ਰ ਨਹੀਂ ਆਈ। ਘਰ ਵਿੱਚ ਕੋਈ ਪੜ੍ਹਿਆ-ਲਿਖਿਆ ਨਾ ਹੋਣ ਕਾਰਨ ਇੱਕ ਯੋਗ ਅਗਵਾਈ ਦੀ ਜਰੂਰ ਕਮੀ ਰਹੀ ਆ। ਜੇਕਰ ਸਹੀ ਪ੍ਰੇਰਨਾ ਨਾਲ਼ ਯੋਗ ਅਗਵਾਈ ਵੀ ਮਿਲ ਜਾਂਦੀ ਤਾਂ ਮੇਰੀ ਉਡਾਰੀ ਹੋਰ ਲੰਬੀ ਹੋ ਸਕਦੀ ਸੀ। ਕਿਸਮਤ ਹੱਥਾਂ ਦੀਆਂ ਲਕੀਰਾਂ ਵਿੱਚ ਨਹੀਂ ਸਗੋਂ ਸਰੀਰ ਦੇ ਉਪਰਲੇ ਕਿਸੇ ਹਿੱਸੇ ਵਿੱਚ ਸਾਂਭੀ ਪਈ ਆ ਜਿਸ ਨੂੰ ਲੱਭਣਾ ਪੈਂਦਾ ਅਤੇ ਲੱਭਣ ਲਈ ਲੋੜ ਹੁੰਦੀ ਆ ਕਿਸੇ ਬਾਹਰੀ ਪ੍ਰੇਰਨਾ ਦੀ ਅਤੇ ਯੋਗ ਅਗਵਾਈ ਦੀ ਜੋ ਤੁਹਾਨੂੰ ਕਿਤੋਂ ਵੀ ਮਿਲ ਸਕਦੀ ਹੈ। ਤੁਹਾਡੇ ਆਲੇ ਦੁਆਲੇ, ਹਾਲਾਤ, ਲੋੜ ਜਾਂ ਫਿਰ ਕਿਸੇ ਮਜਬੂਰੀ ਵਿੱਚੋਂ। ਕਿਸੇ ਸੋਹਣੀ ਕਿਤਾਬ, ਫਿਲਮ ਜਾਂ ਨਾਟਕ ਵਿੱਚੋਂ। ਕਿਸੇ ਅਧਿਆਪਕ, ਕਲਾਕਾਰ ਜਾਂ ਫਿਰ ਆਮ ਇਨਸਾਨ ਕੋਲੋਂ ਜਾਂ ਫਿਰ ਮੇਰੇ ਵਾਂਗ ਸੱਟ ਖਾ ਕੇ ਭੋਲੇ ਮਾਂ-ਬਾਪ ਦੀਆਂ ਸੰਵੇਦਨਸ਼ੀਲ ਤੇ ਚਿੰਤਾਜਨਕ ਭਾਵਨਾਵਾਂ ਵਿੱਚੋਂ। ਪ੍ਰੇਰਨਾ ਦੇ ਖੰਭਾਂ ਨਾਲ਼ ਉਡਾਰੀ ਮਾਰ ਕੇ ਜੋ ਤੁਸੀਂ ਹਾਸਿਲ ਕਰ ਲਿਆ ਉਹੀ ਤੁਹਾਡੀ ਕਿਸਮਤ ਹੈ। ਬੱਚੇ ਨੂੰ ਸਹੀ ਪ੍ਰੇਰਨਾ ਤੇ ਯੋਗ ਅਗਵਾਈ ਮਿਲ ਜਾਵੇ ਤਾਂ ਆਪਣੇ ਸਰੀਰ ਦੇ ਅੰਦਰੂਨੀ ਤੇ ਬਾਹਰੀ ਅੰਗਾਂ ਦਾ ਸਾਰਥਕ ਉਪਯੋਗ ਕਰਕੇ ਉਹ ਆਪਣੀ ਕਿਸਮਤ ਆਪ ਲਿਖ ਸਕਦਾ।

**ਗੁਰਦੀਪ ਸਿੰਘ ਪੰਜਾਬੀ ਮਾਸਟਰ**
**ਸਸਸਸ ਕੋਟਲੀ ਅਬਲੂ, ਸ੍ਰੀ ਮੁਕਤਸਰ ਸਾਹਿਬ।**
**ਮੋਬਾਇਲ ਨੰ. 91937 00037**

**ਵਿਦਿਆਰਥੀ ਕੋਨਾ**

## ਜਦੋਂ ਚੀਜ਼ਾਂ ਭਾਰ-ਹੀਣ ਹੋ ਜਾਂਦੀਆਂ ਹਨ

ਕੁਦਰਤ ਦੇ ਨਿਯਮ ਅਨੁਸਾਰ ਬ੍ਰਹਿਮੰਡ ਦਾ ਹਰ ਕਣ ਇਕ ਦੂਜੇ ਨੂੰ ਆਪਣੇ ਵੱਲ ਖਿੱਚ ਰਿਹਾ ਹੈ। ਇਸ ਖਿੱਚ ਨੂੰ ਗੁਰੂਤਾ ਖਿੱਚ ਆਖਦੇ ਹਨ। ਬ੍ਰਹਿਮੰਡ ਵਿੱਚ ਮੌਜੂਦ ਸਾਰੇ ਵੱਡੇ ਛੋਟੇ ਤਾਰੇ, ਗ੍ਰਹਿ, ਉਪਗ੍ਰਹਿ, ਉਲਕਾ ਪਿੰਡ ਅਤੇ ਧੂੜਕਣ ਇਸ ਸਰਬ-ਵਿਆਪੀ ਨਿਯਮ ਅਧੀਨ ਇਕ ਦੂਜੇ ਨੂੰ ਖਿੱਚ ਰਹੇ ਹਨ। ਗੁਰੂਤਾ ਬਲ ਮਾਦੇ ਦੀ ਮਾਤਰਾ 'ਤੇ ਨਿਰਭਰ ਕਰਦਾ ਹੈ। ਜਿੰਨਾ ਜਿਆਦਾ ਪੁੰਜ (ਪਦਾਰਥ), ਓਨੀ ਜਿਆਦਾ ਖਿੱਚ। ਸਾਡੀ ਪ੍ਰਿਥਵੀ ਵੀ ਇਸ ਗੁਰੂਤਾ ਨਿਯਮ ਅਨੁਸਾਰ ਸਜੀਵ ਅਤੇ ਨਿਰਜੀਵ ਚੀਜ਼ਾਂ ਨੂੰ ਆਪਣੇ ਕੇਂਦਰ ਵੱਲ ਖਿੱਚ ਕੇ ਰੱਖਦੀ ਹੈ। ਇਸ ਗੁਰੂਤਾ ਖਿੱਚ ਕਾਰਨ ਹੀ ਵਸਤੂਆਂ ਦਾ ਭਾਰ ਹੁੰਦਾ ਹੈ।

ਹਰ ਘੁੰਮਦੀ ਚੀਜ਼ ਉੱਤੇ ਇੱਕੋ ਸਮੇਂ ਦੋ ਬਲ ਕੰਮ ਕਰਦੇ ਹਨ- ਇਕ ਹੈ ਵਸਤੂ ਦੇ ਕੇਂਦਰ ਵੱਲ ਕੰਮ ਕਰ ਰਿਹਾ ਗਰੂਤਾ ਬਲ (Gravitational force) ਤੇ ਦੂਜਾ ਘੁੰਮਦੀ ਚੀਜ਼ ਕੇਂਦਰ ਤੋਂ ਬਾਹਰ ਵੱਲ ਨੂੰ ਇੱਕ ਬਲ ਪੈਦਾ ਕਰਦੀ ਹੈ ਜਿਸ ਨੂੰ ਅਪਕੇਂਦਰੀ ਬਲ (Centrifugal force) ਕਿਹਾ ਜਾਂਦਾ ਹੈ। ਦੋਵੇਂ ਬਲ ਇੱਕ ਦੂਜੇ ਤੋਂ ਵਿਰੋਧੀ ਦਿਸ਼ਾ ਵਿੱਚ ਕੰਮ ਕਰਦੇ ਹਨ ਮਿਸਾਲ ਦੇ ਤੌਰ ਤੇ ਤੁਸੀਂ ਜਦੋਂ ਤੁਸੀਂ ਉਂਗਲ ਵਿੱਚ ਪਾ ਕੇ ਚਾਬੀ ਛੱਲਾ ਘੁਮਾਉਂਦੇ ਹੋ ਤਾਂ ਪਹਿਲੇ ਬਲ ਅਨੁਸਾਰ ਚਾਬੀ ਨੂੰ ਤੁਹਾਡੀ ਉਂਗਲ ਖਿੱਚ ਕੇ ਰੱਖਦੀ ਹੈ। ਜਦੋਂ ਛੱਲਾ ਉਂਗਲੀ ਚੋਂ ਨਿਕਲ ਜਾਵੇ ਤਾਂ ਦੂਜੇ ਅਪਕੇਂਦਰੀ ਬਲ ਕਾਰਨ ਚਾਬੀ ਦੂਰ ਜਾ ਡਿਗਦੀ ਹੈ। ਤੁਸੀਂ ਮੱਕੀ ਜਾਂ ਬਾਜਰੇ ਦੀ ਰਾਖੀ ਕਰ ਰਹੇ ਰਾਖੇ ਵੱਲੋਂ ਗੋਪੀਆ ਘਮਾਉਣ ਦੀ ਕਿਰਿਆ ਤੋਂ ਵੀ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹੋ। ਗੋਪੀਆ ਘੁਮਾ ਰਹੇ ਵਿਅਕਤੀ ਦਾ ਹੱਥ ਘੁੰਮ ਰਹੇ ਗੋਪੀਏ ਨੂੰ ਖਿੱਚ ਕੇ ਰੱਖਦਾ ਹੈ ਜੋ ਕੇਂਦਰ ਵੱਲ ਲੱਗ ਰਹੇ ਬਲ ਦਾ ਪ੍ਰਤੀਕ ਹੈ ਜਦੋਂ ਗੋਪੀਏ ਦੀ ਇੱਕ ਰੱਸੀ ਨੂੰ ਛੱਡਦਾ ਹੈ ਤਾਂ ਅਪਕੇਂਦਰੀ ਬਲ ਕਾਰਨ ਉਸ ਵਿੱਚ ਰੱਖੀ ਰੋੜੀ ਦੂਰ ਜਾ ਡਿੱਗਦੀ ਹੈ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਅਪਕੇਂਦਰੀ ਬਲ ਘੁੰਮ ਰਹੀ ਵਸਤੂ ਦੇ ਵੇਗ ਦੇ ਅਨੁਸਾਰੀ ਹੁੰਦਾ ਹੈ।

ਆਓ ਹੁਣ ਆਪਾਂ ਪ੍ਰਿਥਵੀ ਦੇ ਆਪਣੀ ਧੁਰੀ ਦੁਆਲੇ ਘੁੰਮਣ ਨਾਲ ਪੈਦਾ ਹੋਣ ਵਾਲੇ ਅਪਕੇਂਦਰੀ ਬਲ ਦੀ ਗੱਲ ਕਰੀਏ। ਪ੍ਰਿਥਵੀ ਆਪਣੇ ਭੂਮੱਧ ਰੇਖਾ ਖੇਤਰ ਵਿੱਚ ਉਭਰੀ ਹੋਈ ਸ਼ਕਲ ਵਾਲੀ ਹੈ ਅਤੇ ਇੱਥੇ ਇਸ ਦੀ ਰਫਤਾਰ ਭਾਵ ਘੁੰਮਣ ਗਤੀ ਤਕਰੀਬਨ 1667 ਕਿਲੋਮੀਟਰ ਪ੍ਰਤੀ ਘੰਟਾ ਹੈ। ਜਿਉਂ ਜਿਉਂ ਇਸ ਦੇ ਧਰੁਵਾਂ ਵੱਲ ਜਾਈਏ ਤਾਂ ਇਸ ਦਾ ਘੇਰਾ ਘਟਦਾ ਜਾਂਦਾ ਹੈ ਪਰ ਧਰਤੀ ਦੀ ਸਤ੍ਹਾ ਨੇ ਉਥੇ ਵੀ ਚੱਕਰ 24 ਘੰਟੇ ਵਿੱਚ ਹੀ ਪੂਰਾ ਕਰਨਾ ਹੁੰਦਾ ਹੈ। ਇਸ ਲਈ ਧਰੁਵਾਂ ਵੱਲ ਜਾਂਦੇ ਜਾਣ ਨਾਲ ਇਸ ਦੀ ਰਫਤਾਰ ਵੀ ਘਟਦੀ ਜਾਂਦੀ ਹੈ। ਇਸ ਦਾ ਅਰਥ ਇਹ ਬਣਦਾ ਹੈ ਕਿ ਪ੍ਰਿਥਵੀ ਭੂਮੱਧ ਦੇ ਖੇਤਰ ਵਿੱਚ ਜਿਆਦਾ ਅਪਕੇਂਦਰੀ ਬਾਲ ਪੈਦਾ ਕਰਦੀ ਹੈ। ਇਸ ਦੇ ਮੁਕਾਬਲੇ ਧਰੁਵਾਂ ਵਾਲਾ ਵੇਗ ਘਟਣ ਕਾਰਨ ਇਹ ਬਲ ਵੀ ਘੱਟ ਪੈਦਾ ਹੁੰਦਾ ਹੈ। ਇਹੀ ਕਾਰਨ ਹੈ ਕਿ ਧਰੁਵਾਂ ਉਪਰ ਪਈ ਕਿਸੇ ਵਸਤੂ ਦਾ ਭਾਰ ਭੂਮੱਧ ਰੇਖਾ ਖੇਤਰ ਵਿੱਚ 1/290 ਘੱਟ ਹੋ ਜਾਂਦਾ ਹੈ, ਭਾਵ ਧਰੁਵਾਂ ਉਪਰ 290 ਕਿਲੋ ਭਾਰੀ ਵਸਤੂ ਦਾ ਭੂਮੱਧ ਖੇਤਰ ਵਿੱਚ ਭਾਰ 289 ਕਿਲੋ ਰਹਿ ਜਾਂਦਾ ਹੈ।

ਹੁਣ ਇਹ ਦਿਲਚਸਪ ਸਵਾਲ ਪੈਦਾ ਹੁੰਦਾ ਹੈ ਕਿ ਕੀ ਪ੍ਰਿਥਵੀ ਦਾ ਧੁਰੀ ਦੁਆਲੇ ਵੇਗ ਵਧਣ ਨਾਲ ਇੱਥੇ ਪਈਆਂ ਵਸਤੂਆਂ ਭਾਰ ਗੁਆ ਸਕਦੀਆਂ ਹਨ। ਇਸ ਦਾ ਜਵਾਬ ਹੈ ਹਾਂ, ਅਜਿਹਾ ਹੋ ਸਕਦਾ ਹੈ; ਜੇਕਰ ਪ੍ਰਿਥਵੀ ਆਪਣੀ ਧੁਰੀ ਦੁਆਲੇ ਹੁਣ ਨਾਲੋਂ 17 ਗੁਣਾ ਵੱਧ ਤੇਜੀ ਨਾਲ ਘੁੰਮਣ ਲੱਗ ਪਵੇ ਤਾਂ ਇਸ ਦੀ ਗਤੀ ਕਾਰਨ ਪੈਦਾ ਹੋਇਆ ਅਪਕੇਂਦਰੀ ਬਲ ਧਰਤੀ ਦੀ ਗਰੂਤਾ ਖਿੱਚ ਦੇ ਬਰਾਬਰ ਹੋ ਜਾਵੇਗਾ। ਇਸ ਨਾਲ ਭੂਮੱਧ ਰੇਖਾ ਉਪਰ ਚੀਜ਼ਾਂ ਭਾਰਹੀਣ ਹੋ ਜਾਣਗੀਆਂ। ਇਹ ਵੀ ਜ਼ਿਕਰਯੋਗ ਹੈ ਕਿ ਜੇਕਰ ਪ੍ਰਿਥਵੀ ਦਾ ਵੇਗ 17 ਗੁਣਾਂ ਤੋਂ ਵੀ ਵੱਧ ਜਾਵੇ ਤਾਂ ਪ੍ਰਿਥਵੀ ਭੂਮੱਧ ਰੇਖਾ ਖੇਤਰ ਵਿੱਚ ਪਈਆਂ ਵਸਤੂਆਂ ਨੂੰ ਪੁਲਾੜ ਵਾਲਾ ਵਗਾਹ ਮਾਰੇਗੀ। ਚਿੰਤਾ ਕਰਨ ਦੀ ਲੋੜ ਨਹੀਂ ਕਿਉਂਕਿ ਪ੍ਰਿਥਵੀ ਦਾ ਵੇਗ ਸਚਮੁੱਚ ਵਧਣ ਨਹੀਂ ਲੱਗਾ।

## ਸਮੁੰਦਰ ਦੀ ਗਹਿਰਾਈ ਮਾਪਣ ਦਾ ਸੌਖਾ ਢੰਗ

ਸਮੁੰਦਰੀ ਜਹਾਜ਼ਰਾਨੀ ਦੀ ਇੱਕ ਵੱਡੀ ਸਮੱਸਿਆ ਪਾਣੀ ਵਿੱਚ ਲੁਕੀਆਂ ਚਟਾਨਾਂ ਦੀ ਹੁੰਦੀ ਹੈ ਜਿਨ੍ਹਾਂ ਨਾਲ ਟਕਰਾ ਕੇ ਜਹਾਜ ਤਬਾਹ ਹੋ ਜਾਂਦੇ ਹਨ। ਅਜਿਹਾ ਹੀ ਹਾਦਸਾ 1912 ਵਿੱਚ ਪ੍ਰਸਿੱਧ ਸਮੁੰਦਰੀ ਜਹਾਜ਼ ਟਾਈਟੈਨਿਕ ਨੂੰ ਦਰਪੇਸ਼ ਆਇਆ ਸੀ ਜਿਸ ਨਾਲ ਉਸ ਸਮੇਂ ਦਾ ਵਿਸ਼ਵ ਦਾ ਇਹ ਸਭ ਤੋਂ ਵੱਡਾ ਜਹਾਜ ਆਪਣੇ ਸਾਰੇ ਮੁਸਾਫਰਾਂ ਸਮੇਤ ਡੁੱਬ ਗਿਆ ਸੀ।

ਇਸ ਕਰਕੇ ਜਹਾਜੀਆਂ ਵਾਸਤੇ ਆਪਣੇ ਜਹਾਜ਼ ਦੇ ਰਸਤੇ ਵਿੱਚ ਆਉਂਦੇ ਸਮੁੰਦਰ ਦੀ ਗਹਿਰਾਈ ਦਾ ਪਤਾ ਕਰਨਾ ਬਹੁਤ ਜਰੂਰੀ ਹੁੰਦਾ ਹੈ। ਵੱਡੇ ਜਹਾਜ ਘੱਟ ਡੂੰਘੇ ਸਮੁੰਦਰ ਵਿੱਚ ਨਹੀ ਚੱਲ ਸਕਦੇ। ਪਹਿਲੇ ਜਮਾਨੇ ਵਿੱਚ ਸਮੁੰਦਰ ਦੀ ਡੂੰਘਾਈ ਜਾਚਣ ਵਾਸਤੇ ਲੋਹੇ ਦੀ ਮਜਬੂਤ ਤਾਰ ਨਾਲ ਜੁੜੇ ਧਾਤ ਦੇ ਗੋਲੇ ਨੂੰ ਸਮੁੰਦਰ ਦੇ ਤਲ ਵੱਲ ਉਤਾਰਿਆ ਜਾਂਦਾ ਸੀ। ਜਦੋਂ ਗੋਲਾ ਤਲ ਤੱਕ ਪਹੁੰਚ ਜਾਂਦਾ ਸੀ ਤਾਂ ਪਾਣੀ ਵਿੱਚ ਗਈ ਤਾਰ ਦੀ ਮਿਣਤੀ ਕਰਕੇ ਸਮੁੰਦਰ ਦੀ ਡੂੰਘਾਈ

ਦਾ ਪਤਾ ਲਾਇਆ ਜਾਂਦਾ ਸੀ। ਪਰ ਇਸ ਕੰਮ ਵਾਸਤੇ ਜਹਾਜ ਨੂੰ ਰੋਕਣਾ ਪੈਂਦਾ ਸੀ ਤੇ ਇਸ ਕੰਮ ਲਈ ਸਮਾਂ ਵੀ ਕਾਫੀ ਲੱਗਦਾ ਸੀ। ਟਾਈਟੈਨਿਕ ਜਹਾਜ ਹਾਦਸੇ ਤੋਂ ਬਾਅਦ ਸਮੁੰਦਰ ਦੀ ਗਹਿਰਾਈ ਅਤੇ ਪਾਣੀ ਵਿੱਚ ਲੁਕੀਆਂ ਉਭਰਵੀਆਂ ਚਟਾਨਾਂ ਦਾ ਪਤਾ ਕਰਨ ਲਈ ਹੋਰ ਢੰਗ ਤਰੀਕਿਆਂ ਦੀ ਖੋਜ ਹੋਣ ਲੱਗੀ। ਆਖਰ ਅਵਾਜ਼ ਦੀ ਧੁਨੀ ਅਤੇ ਪ੍ਰਤੀ-ਧੁਨੀ ਰਾਹੀਂ ਸਮੁੰਦਰੀ ਗਹਿਰਾਈ ਅਤੇ ਚਟਾਨੀ ਅੜਿੱਕਿਆਂ ਬਾਰੇ ਪਤਾ ਕਰਨ ਦਾ ਆਸਾਨ ਤਰੀਕਾ ਖੋਜ ਲਿਆ ਗਿਆ ਜਿਸ ਨਾਲ ਜਹਾਜ ਨੂੰ ਬਿਨਾਂ ਰੋਕੇ ਸਮੁੰਦਰੀ ਗਹਿਰਾਈ ਬਾਰੇ ਪਲ ਪਲ ਦੀ ਜਾਣਕਾਰੀ ਆਸਾਨੀ ਨਾਲ ਮਿਲਣ ਲੱਗ ਪਈ। ਇਸ ਵਿਧੀ ਅਨੁਸਾਰ ਜਹਾਜ ਦੇ ਥੱਲੇ ਤੋਂ ਧੁਨੀ ਹੇਠਾਂ ਸਮੁੰਦਰ ਵੱਲ ਦੇ ਤਲ ਵੱਲ ਜਾਂਦੀ ਹੈ ਅਤੇ ਉਥੋਂ ਟਕਰਾ ਕੇ ਵਾਪਸ ਆਉਂਦੀ ਹੈ। ਇਸ ਤਰ੍ਹਾਂ ਅਵਾਜ਼ ਦੇ ਸਮੁੰਦਰੀ ਤਲ ਨਾਲ ਟਕਰਾ ਕੇ ਵਾਪਸ ਆਉਣ ਵਿੱਚ ਲੱਗੇ ਸਮੇਂ ਦੀ ਗਿਣਤੀ ਕਰਕੇ ਸਮੁੰਦਰ ਦੀ ਡੂੰਘਾਈ ਦਾ ਪਤਾ ਲੱਗ ਜਾਂਦਾ ਹੈ। ਅਜਿਹਾ ਕਰਨ ਲਈ ਧੁਨੀ ਪੈਦਾ ਕਰਨ ਵਾਲੇ ਯੰਤਰ ਨੂੰ ਅਤੀ ਸ਼ੁੱਧ ਅਤੇ ਸਹੀ ਸਮਾਂ ਦੱਸਣ ਵਾਲੀ ਘੜੀ ਨਾਲ ਜੋੜਿਆ ਹੁੰਦਾ ਹੈ।

ਸਮੁੰਦਰੀ ਪਾਣੀ ਵਿੱਚ ਧੁਨੀ ਦੀ ਰਫਤਾਰ ਲਗਭਗ 1500 ਮੀਟਰ ਪ੍ਰਤੀ ਸੈਕਿੰਡ ਹੁੰਦੀ ਹੈ ਇਸ ਲਈ ਘੜੀ ਉੱਤੇ ਮਿਲਿਆ ਸਮਾਂ ਦੇਖ ਕੇ ਸਮੁੰਦਰ ਦੀ ਡੂੰਘਾਈ ਦਾ ਪਤਾ ਚੱਲਦਾ ਰਹਿੰਦਾ ਹੈ। ਮੰਨ ਲਓ ਕਿਸੇ ਸਥਾਨ ਤੋਂ ਲੰਘਣ ਸਮੇਂ ਜਹਾਜ ਦੇ ਧੁਨੀ ਯੰਤਰ ਵੱਲੋਂ ਛੱਡੀ ਗਈ ਧੁਨੀ ਦੇ ਸਮੁੰਦਰੀ ਤਲ ਨਾਲ ਟਕਰਾ ਕੇ ਵਾਪਸ ਆਉਣ ਤੱਕ 8 ਸੈਕਿੰਡ ਲੱਗਦੇ ਹਨ ਤਾਂ ਉੱਥੇ ਸਮੁੰਦਰ ਦੀ ਡੂੰਘਾਈ 6 ਕਿਲੋਮੀਟਰ ਹੋਵੇਗੀ।

---

**ਆਓ ਜਾਣੀਏ :**

**1. ਖੇਤਰਫਲ ਦੇ ਲਿਹਾਜ ਨਾਲ ਸੰਸਾਰ ਦਾ ਸਭ ਤੋਂ ਵੱਡਾ ਦੇਸ਼ ਕਿਹੜਾ ਹੈ ?**

Ø ਇਸ ਸਮੇਂ ਖੇਤਰਫਲ ਦੇ ਪੱਖੋਂ ਰੂਸ ਵਿਸ਼ਵ ਦਾ ਸਭ ਤੋਂ ਵੱਡਾ ਦੇਸ਼ ਹੈ ਜੋ ਦੋ ਮਹਾਂਦੀਪਾਂ ਏਸ਼ੀਆ ਅਤੇ ਯੂਰਪ ਦੇ ਇੱਕ ਕਰੋੜ 70 ਲੱਖ 98 ਹਜਾਰ 242 ਵਰਗ ਕਿਲੋਮੀਟਰ ਵਿੱਚ ਫੈਲਿਆ ਹੋਇਆ ਹੈ। ਇਸ ਨੇ ਪ੍ਰਿਥਵੀ ਦੇ ਸਥਲ ਭਾਗ ਦਾ 11 ਫੀਸਦੀ ਖੇਤਰ ਮੱਲਿਆ ਹੋਇਆ ਹੈ।

**2. ਸੰਸਾਰ ਦਾ ਸਭ ਤੋਂ ਛੋਟਾ ਦੇਸ਼ ਕਿਹੜਾ ਹੈ ?**

Ø ਇਟਲੀ ਵਿੱਚ ਸਥਿਤ ਵੈਟੀਕਨ ਸਿਟੀ ਦੁਨੀਆਂ ਦਾ ਸਭ ਤੋਂ ਛੋਟਾ ਦੇਸ਼ ਹੈ, ਜੋ ਇਸਾਈ ਭਾਈਚਾਰੇ ਦੇ ਧਾਰਮਿਕ ਮੁਖੀ ਪੋਪ ਦਾ ਨਿਵਾਸ ਸਥਾਨ ਹੈ ਅਤੇ ਇਸ ਨੂੰ ਆਜ਼ਾਦ ਦੇਸ਼ ਵਜੋਂ ਮਾਨਤਾ ਮਿਲੀ ਹੋਈ ਹੈ। ਇਸ ਦਾ ਖੇਤਰਫਲ ਕੇਵਲ 0.44 ਵਰਗ ਕਿਲੋਮੀਟਰ ਹੈ।

**3. ਪ੍ਰਿਥਵੀ ਦੇ ਕਿਸ ਜੰਗਲੀ ਖੇਤਰ ਨੂੰ ਧਰਤੀ ਦੇ ਫੇਫੜੇ ਕਿਹਾ ਜਾਂਦਾ ਹੈ ?**

Ø ਦੱਖਣੀ ਅਮਰੀਕਾ ਮਹਾਂਦੀਪ ਦੇ ਨੌਂ ਦੇਸ਼ਾਂ ਵਿੱਚ ਫੈਲੇ ਐਮੇਜਨ ਬੇਸਨ ਦੇ ਵਰਖਾ ਵਾਲੇ ਜੰਗਲ ਨੂੰ ਧਰਤੀ ਦੇ ਫੇਫੜੇ ਕਿਹਾ ਜਾਂਦਾ ਹੈ। ਭਾਰਤ ਦੇ ਕੁੱਲ ਖੇਤਰਫਲ ਤੋਂ ਲਗਭੱਗ ਦੁੱਗਣੇ, 67 ਲੱਖ ਵਰਗ ਕਿਲੋਮੀਟਰ ਵਿੱਚ ਫੈਲਿਆ ਇਹ ਅਤੀ ਸੰਘਣਾ ਜੰਗਲ ਪ੍ਰਿਥਵੀ ਦੀ 20 ਫੀਸਦੀ ਆਕਸੀਜਨ ਪੈਦਾ ਕਰਦਾ ਹੈ।

**4. ਪ੍ਰਿਥਵੀ ਉਪਰ ਸਭ ਤੋਂ ਵੱਡਾ ਮਹਾਂਸਾਗਰ ਕਿਹੜਾ ਹੈ ?**

Ø ਪ੍ਰਸ਼ਾਂਤ ਮਹਾਂਸਾਗਰ ਪ੍ਰਿਥਵੀ ਉੱਪਰ ਸਭ ਤੋਂ ਵੱਡਾ ਮਹਾਂਸਾਗਰ ਹੈ ਜੋ ਪ੍ਰਿਥਵੀ ਦੇ ਕੁਲ ਧਰਾਤਲ ਦੇ 30 ਫੀਸਦੀ ਰਕਬੇ ਉਪਰ 16 ਕਰੋੜ 52 ਲੱਖ ਵਰਗ ਕਿਲੋਮੀਟਰ ਵਿੱਚ ਫੈਲਿਆ ਹੋਇਆ ਹੈ।

**5. ਉਹ ਕਿਹੜਾ ਸਾਗਰ ਹੈ ਜਿਸ ਵਿੱਚ ਤੁਸੀਂ ਡੁੱਬ ਨਹੀਂ ਸਕਦੇ ?**

Ø ਜਾਰਡਨ ਅਤੇ ਇਸਰਾਇਲ ਦੇ ਬਾਰਡਰਾਂ ਤੇ ਜਮੀਨ ਨਾਲ ਘਿਰਿਆ ਹੋਇਆ ਮ੍ਰਿਤ ਸਾਗਰ (Dead Sea) ਅਜਿਹਾ ਸਾਗਰ ਹੈ ਜਿਸਦੇ ਪਾਣੀ ਵਿੱਚ ਲੂਣਾਂ ਦੀ ਮਾਤਰਾ 34 ਫੀਸਦੀ ਹੈ ਭਾਵ ਇਕ ਲੀਟਰ ਪਾਣੀ ਵਿੱਚ 340 ਗ੍ਰਾਮ ਲੂਣ ਹਨ। ਇਸ ਕਾਰਨ ਇਸ ਦੀ ਘਣਤਾ 1.24 ਗਰਾਮ ਪ੍ਰਤੀ ਘਣ ਸੈਂਟੀਮੀਟਰ ਹੈ। ਆਮ ਪਾਣੀ ਦੇ ਮੁਕਾਬਲੇ ਬਹੁਤ ਜਿਆਦਾ ਘਣਤਾ ਹੋਣ ਕਾਰਨ ਇਸ ਵਿੱਚ ਕੋਈ ਵਿਅਕਤੀ ਡੁੱਬ ਨਹੀਂ ਸਕਦਾ।

**6. ਸਭ ਤੋਂ ਡੂੰਘਾ ਸਮੁੰਦਰੀ ਟੋਆ ਕਿੱਥੇ ਹੈ ?**

Ø ਸੰਸਾਰ ਵਿੱਚ ਸਭ ਤੋਂ ਡੂੰਘਾ ਸਮੁੰਦਰੀ ਟੋਆ 'ਚੈਲੇਂਜਰ ਡੀਪ' (Challenger Deep) ਹੈ ਜੋ ਪ੍ਰਸ਼ਾਂਤ ਮਹਾਂਸਾਗਰ ਦੇ ਪੂਰਬੀ ਭਾਗ ਵਿੱਚ ਸਥਿਤ ਮੇਰੀਆਨਾ ਟਰੈਂਚ ਨਾਂ ਦੀ ਸਮੁੰਦਰੀ ਖਾਈ ਵਿਚ ਸਥਿਤ ਹੈ। ਚੈਲੇਂਜਰ ਡੀਪ ਦੀ ਗਹਿਰਾਈ 36037 ਫੁੱਟ ਹੈ ਜੋ ਸੰਸਾਰ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੈਸਟ ਤੋਂ ਵੀ 7035 ਫੁੱਟ ਵੱਧ ਹੈ।

**7. ਸੰਸਾਰ ਦਾ ਸਭ ਤੋਂ ਵੱਧ ਅਬਾਦੀ ਵਾਲਾ ਦੇਸ਼ ਕਿਹੜਾ ਹੈ ?**

Ø ਸੰਨ 2024 ਤੱਕ ਵਿਸ਼ਵ ਦੇ ਸਭ ਤੋਂ ਵੱਧ ਜਨਸੰਖਿਆ ਵਾਲੇ ਦੇਸ਼ ਦੀ ਗੁਰਜ ਚੀਨ ਕੋਲ ਸੀ ਜੋ ਹੁਣ ਭਾਰਤ ਨੇ ਖੋਹ ਲਈ ਹੈ। ਸੋ ਇਸ ਸਮੇਂ ਚੀਨ ਨੂੰ ਪਛਾੜ ਕੇ ਭਾਰਤ ਸਭ ਤੋਂ ਵੱਧ ਅਬਾਦੀ ਵਾਲਾ ਦੇਸ਼ ਬਣ ਗਿਆ ਹੈ। ਅੱਜ ਚੀਨ ਦੀ ਅਬਾਦੀ 140 ਕਰੋੜ ਅਤੇ ਭਾਰਤ ਦੀ 146 ਕਰੋੜ ਦੇ ਲਗਪੱਗ ਹੈ।

***ਰਣਧੀਰ ਗਿੱਲਪੱਤੀ***

# ਫਿਲਾਸਫੀ ਦਾ ਮਹੱਤਵ

**ਬਰਟਰੰਡ ਰਸਲ**

***ਦੋ ਕੁ ਸਦੀਆਂ ਪਹਿਲਾਂ, ਸਮਾਜ-ਵਿਗਿਆਨਾਂ ਨੂੰ ਫਿਲਾਸਫੀ ਦੇ ਅੰਗ ਵਜੋਂ ਲਿਆ ਜਾਂਦਾ ਸੀ। ਇਨ੍ਹਾਂ ਵਿਚਲੇ ਨਿਖੇੜੇ ਨਾਲ ਵੱਖ ਵੱਖ ਅਨੁਸ਼ਾਸ਼ਨਾਂ ਵਿਚਲੀ ਏਕਤਾ ਭੰਗ ਹੋ ਗਈ। ਜੀਵਨ ਦੇ ਇੱਕ ਅੰਸ਼ ਵਿੱਚ ਮੁਹਾਰਤ ਕਰਨ ਵਾਲੇ, ਵਿਸ਼ਾ ਮਾਹਿਰ, ਸਮੁੱਚ ਨਾਲੋਂ ਟੁਟ ਜਾਂਦੇ ਹਨ। ਇਹ ਇਕਹਿਰਾਪਣ ਉਨ੍ਹਾਂ ਦੀ ਸਮਾਜਿਕ ਸਰੋਕਾਰਾਂ ਪ੍ਰਤੀ ਉਦਾਸੀਨਤਾ ਵਿੱਚ ਸਾਫ ਦਿਖਾਈ ਦਿੰਦਾ ਹੈ। ਦੁਨੀਆਂ ਦਾ ਨਾਮਵਰ ਫਿਲਾਸਫਰ ਬਰਟਰੰਡ ਰਸਲ ਇਸ ਲੇਖ ਰਾਹੀਂ, ਉਦਾਸੀਨਤਾ ਦੀ ਥਾਂ, ਸੁਆਲ ਖੜ੍ਹੇ ਕਰਨ ਦੀ ਲੋੜ ਨੂੰ ਉਭਾਰਦਾ ਹੈ। - ਅਦਾਰਾ***

ਇਸ ਬਾਰੇ ਚਰਚਾ ਕਰਨੀ ਚੰਗੀ ਗੱਲ ਹੈ ਕਿ ਫਿਲਾਸਫੀ ਦਾ ਕੀ ਮਹੱਤਵ ਹੈ? ਅਤੇ ਇਸ ਦਾ ਅਧਿਐਨ ਕਿਉਂ ਕੀਤਾ ਜਾਣਾ ਚਾਹੀਦਾ ਹੈ? ਇਸ ਬਾਰੇ ਗੱਲ ਕਰਨੀ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਵਿਗਿਆਨ ਅਤੇ ਅਮਲੀ ਲੋੜਾਂ ਦੇ ਅਸਰ ਹੇਠ, ਬਹੁਤੇ ਲੋਕ ਇਸ ਬਾਰੇ ਸ਼ੱਕ ਕਰਦੇ ਹਨ ਕਿ ਫਿਲਾਸਫੀ ਐਂਵੇਂ ਵਾਧੂ ਜਿਹੀ, ਵਾਲ ਦੀ ਖੱਲ ਲਾਹੁਣ ਵਾਲੀ ਵਿਧਾ ਹੈ ਅਤੇ ਉਨ੍ਹਾਂ ਗੱਲਾਂ ਬਾਰੇ ਮਗਜ਼ਪੱਚੀ ਕਰਨਾ ਹੈ ਜਿਨ੍ਹਾਂ ਨੂੰ ਜਾਣਿਆ ਨਹੀਂ ਜਾ ਸਕਦਾ। ਫਿਲਾਸਫੀ ਬਾਰੇ ਇਹ ਰਾਇ, ਕੁਝ ਤਾਂ ਜ਼ਿੰਦਗੀ ਬਾਰੇ ਬਣੀਆਂ ਗਲਤ ਧਾਰਨਾਵਾਂ ਅਤੇ ਕੁਝ ਉਨ੍ਹਾਂ ਗੱਲਾਂ ਬਾਰੇ ਗਲਤ ਫਹਿਮੀਆਂ ਕਰਕੇ ਬਣੀ ਹੈ, ਜਿਨ੍ਹਾਂ ਦੀ ਪ੍ਰਾਪਤੀ ਲਈ ਫਿਲਾਸਫੀ ਯਤਨਸ਼ੀਲ ਹੈ।

ਭੌਤਿਕ-ਵਿਗਿਆਨ ਦੀਆਂ ਕਾਢਾਂ ਨੇ ਬੇਸ਼ੁਮਾਰ ਲੋਕਾਂ ਨੂੰ ਫਾਇਦਾ ਪਹੁੰਚਾਇਆ ਹੈ, ਜੋ ਇਸ ਬਾਰੇ ਜਾਣਦੇ ਵੀ ਨਹੀਂ। ਇਸ ਲਈ ਭੌਤਿਕ-ਵਿਗਿਆਨ ਦੀ ਪੜ੍ਹਾਈ ਉਪਰ ਜ਼ੋਰ ਦਿੱਤਾ ਜਾਂਦਾ ਹੈ, ਇਹ ਕੇਵਲ ਇਸ ਕਰਕੇ ਨਹੀਂ ਕਿ ਇਸ ਦਾ ਵਿਦਿਆਰਥੀਆਂ ਉਪਰ ਪ੍ਰਭਾਵ ਪੈਂਦਾ ਹੈ, ਸਗੋਂ ਇਸ ਕਰਕੇ ਵੀ ਹੈ, ਕਿ ਆਮ ਜਨਤਾ ਵੀ ਇਸ ਦੇ ਅਸਰ ਹੇਠ ਹੈ। ਇਸ ਤਰ੍ਹਾਂ ਦਾ ਫਾਇਦਾ ਫਿਲਾਸਫੀ ਨਾਲ ਨਹੀਂ ਹੁੰਦਾ। ਵਿਦਿਆਰਥੀਆਂ ਤੋਂ ਇਲਾਵਾ, ਜੇ ਫਿਲਾਸਫੀ ਦਾ ਫਾਇਦਾ ਹੋਰ ਕਿਸੇ ਨੂੰ ਹੁੰਦਾ ਹੋਵੇ ਤਾਂ ਵੀ ਇਹ ਦਿਸਦਾ ਨਹੀਂ ਹੈ। ਇਸਦਾ ਅਧਿਐਨ ਕਰਨ ਵਾਲਿਆਂ ਉਪਰ ਇਸ ਦਾ ਅਸਰ ਰੜਕਵਾਂ ਹੈ। ਜੇ ਦੇਖਣਾ ਹੋਵੇ ਤਾਂ ਮੁੱਖ ਤੌਰ ਤੇ ਇਸ ਦਾ ਮਹੱਤਵ ਇਸ ਦੇ ਅਸਰਾਂ ਵਿੱਚ ਖੋਜਣਾ ਚਾਹੀਦਾ ਹੈ।

ਜੇ ਅਸੀਂ ਇਸ ਦੇ ਮਹੱਤਵ ਨੂੰ ਸਮਝਣਾ ਚਾਹੁੰਦੇ ਹਾਂ ਤਾਂ ਸਾਨੂੰ ਉਨ੍ਹਾਂ ਪੱਖਪਾਤਾਂ ਤੋਂ ਆਪਣੇ ਮਨਾਂ ਨੂੰ ਸੁਰਖ਼ਰੂ ਕਰਨਾ ਪਊ, ਜਿਨ੍ਹਾਂ ਨਾਲ ਕਥਿਤ 'ਵਿਹਾਰੀ'(Practical) ਬੰਦੇ ਗ੍ਰਹਿਣੇ ਹੁੰਦੇ ਹਨ। ਜਿਵੇਂ ਕਿ ਸ਼ਬਦ, 'ਵਿਹਾਰੀ' ਦਾ ਭਾਵ, ਉਨ੍ਹਾਂ ਬੰਦਿਆਂ ਤੋਂ ਹੈ ਜੋ ਕੇਵਲ ਪਦਾਰਥਕ ਲੋੜਾਂ ਉਪਰ ਬਲ ਦਿੰਦੇ ਹਨ। ਉਨ੍ਹਾਂ ਨੂੰ ਲਗਦਾ ਹੈ ਕਿ ਬੰਦਿਆਂ ਦੇ ਜਿਉਣ ਲਈ ਖੁਰਾਕ ਦੀ ਲੋੜ ਹੈ, ਪਰ ਮਨ ਦੀ ਖੁਰਾਕ ਦੀ ਲੋੜ ਵਿੱਸਰ ਜਾਂਦੀ ਹੈ। ਜੇ ਸਾਰੇ ਬੰਦੇ ਸਰਦੇ ਪੁੱਜਦੇ ਹੋਣ, ਗਰੀਬੀ ਅਤੇ ਬੀਮਾਰੀਆਂ ਘੱਟੋ ਘੱਟ ਹੋਣ, ਇਸ ਦੇ ਬਾਵਜੂਦ ਵੀ, ਸਮਾਜ ਨੂੰ ਵਧੀਆ ਬਣਾਉਣ ਲਈ ਕਾਫੀ ਕੁਝ ਕਰਨ ਦੀ ਲੋੜ ਹੁੰਦੀ ਹੈ। ਮੌਜੂਦਾ ਸਮਾਜ ਵਿੱਚ, ਦੇਹ ਦੀਆਂ ਲੋੜ ਦੇ ਨਾਲ ਨਾਲ ਮਨ ਦੀਆਂ ਲੋੜਾਂ ਵੀ ਓਨੀਆਂ ਹੀ ਅਹਿਮ ਹਨ। ਖਾਸ ਤੌਰ ਤੇ, ਮਨ ਦੀਆਂ ਲੋੜਾਂ ਵਿੱਚ ਫਿਲਾਸਫੀ ਦਾ ਥਾਂ ਆਉਂਦਾ ਹੈ। ਸਿਰਫ ਉਨ੍ਹਾਂ ਲੋਕਾਂ ਨੂੰ ਹੀ ਪ੍ਰੇਰਿਤ ਕੀਤਾ ਜਾ ਸਕਦਾ ਹੈ, ਜੋ ਇਸ ਲੋੜ ਪ੍ਰਤੀ ਉਦਾਸੀਨ ਨਹੀਂ, ਕਿ ਭਾਈ ਫਿਲਾਸਫੀ ਦਾ ਅਧਿਐਨ, ਸਮੇਂ ਦੀ ਬਰਬਾਦੀ ਨਹੀਂ।

ਬਾਕੀ ਪੜ੍ਹਾਈਆਂ ਵਾਂਗ, ਫਿਲਾਸਫੀ ਵੀ ਗਿਆਨ ਉਪਰ ਕੇਂਦਰਿਤ ਹੈ। ਗਿਆਨ ਦੀ ਇਹ ਉਹ ਕਿਸਮ ਹੈ, ਜੋ ਵੱਖ ਵੱਖ ਵਿਗਿਆਨਾਂ ਦੇ ਗਿਆਨ ਨੂੰ ਲੜੀ ਵਿੱਚ ਪ੍ਰੋਂਦੀ ਹੈ। ਇਹ ਕਿਸਮ ਆਵਦੀਆਂ ਧਾਰਣਾਵਾਂ, ਪੱਖਪਾਤਾਂ ਅਤੇ ਵਿਸ਼ਵਾਸਾਂ ਦੇ ਆਲੋਚਨਾਤਮਕ ਵਿਸ਼ਲੇਸ਼ਣ ਨਾਲ ਮਿਲਦੀ ਹੈ। ਪਰ ਇਸ ਦਾ ਭਾਵ ਇਹ ਨਹੀਂ ਕਿ ਫਿਲਾਸਫੀ ਨੂੰ, ਆਪਣੇ ਸੁਆਲਾਂ ਦੇ ਨਿਸ਼ਚਿਤ ਜੁਆਬ ਪ੍ਰਾਪਤ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਬਹੁਤ ਵੱਡੀ ਸਫਲਤਾ ਮਿਲੀ ਹੈ। ਜੇ ਤੁਸੀ ਕਿਸੇ ਗਣਿਤ-ਸ਼ਾਸ਼ਤਰੀ, ਇਤਿਹਾਸਕਾਰ ਜਾਂ ਹੋਰ ਕਿਸੇ ਵਿਦਵਾਨ ਨੂੰ ਪੁੱਛਦੇ ਹੋ ਕਿ ਉਸ ਦੇ ਵਿਗਿਆਨ ਨੇ ਕਿਹੜੀਆਂ ਸੱਚਾਈਆਂ ਨੂੰ ਜਾਣਿਆ ਹੈ ਤਾਂ ਉਹ ਓਨਾਂ ਚਿਰ ਬੋਲੀ ਜਾਣਗੇ ਜਿੰਨਾਂ ਚਿਰ ਤੁਸੀਂ ਸੁਣਨ ਲਈ ਤਿਆਰ ਹੋ। ਪਰ ਜੇ ਤੁਸੀਂ ਇਹੀ ਸੁਆਲ ਕਿਸੇ ਫਿਲਾਸਫਰ ਨੂੰ ਪੁੱਛੋ, ਜੇ ਉਹ ਇਮਾਨਦਾਰ ਹੈ, ਤਾਂ ਉਸ ਦਾ ਜੁਆਬ ਇਹੀ ਹੋਵੇਗਾ ਕਿ ਬਈ ਉਸ ਦੇ ਅਧਿਐਨ ਨੇ ਅਜੇਹੇ ਸਾਕਾਰਤਾਮਕ ਸਿੱਟੇ ਪ੍ਰਾਪਤ ਨਹੀਂ ਕੀਤੇ, ਜੋ ਦੂਜੇ ਵਿਗਿਆਨਾਂ ਨੇ ਪ੍ਰਾਪਤ ਕੀਤੇ ਹਨ। ਇਹ ਗੱਲ ਅੰਸ਼ਕ ਤੌਰ 'ਤੇ ਸਹੀ ਹੈ ਕਿ ਜਿਉਂ ਹੀ ਕਿਸੇ ਵਿਸ਼ੇ

> ***ਮੌਜੂਦਾ ਸਮਾਜ ਵਿੱਚ, ਦੇਹ ਦੀਆਂ ਲੋੜ ਦੇ ਨਾਲ ਨਾਲ ਮਨ ਦੀਆਂ ਲੋੜਾਂ ਵੀ ਓਨੀਆਂ ਹੀ ਅਹਿਮ ਹਨ। ਖਾਸ ਤੌਰ ਤੇ, ਮਨ ਦੀਆਂ ਲੋੜਾਂ ਵਿੱਚ ਫਿਲਾਸਫੀ ਦਾ ਥਾਂ ਆਉਂਦਾ ਹੈ।***

ਦਾ ਨਿਸ਼ਚਿਤ ਗਿਆਨ ਪ੍ਰਾਪਤ ਕਰਨਾ ਸੰਭਵ ਹੋ ਜਾਂਦਾ ਹੈ, ਉਹ ਫਿਲਾਸਫੀ ਦੀ ਕੋਟੀ ਤੋਂ ਬਾਹਰ ਚਲਾ ਜਾਂਦਾ ਹੈ ਅਤੇ ਵੱਖਰਾ ਅਨੁਸ਼ਾਸਨ ਬਣ ਜਾਦਾ ਹੈ। ਅਸਮਾਨਾਂ ਦੀ ਪੜ੍ਹਾਈ, ਜੋ ਹੁਣ ਤਾਰਾ-ਵਿਗਿਆਨ ਨਾਲ ਜੋੜੀ ਜਾਂਦੀ ਹੈ, ਕਦੇ ਫਿਲਾਸਫੀ ਦਾ ਹਿੱਸਾ ਸੀ। ਨਿਊਟਨ ਦੇ ਮਹਾਨ ਕਾਰਜ ਨੂੰ 'ਕੁਦਰਤੀ ਫਿਲਾਸਫੀ ਦੇ ਗਣਿਤਕ ਨਿਯਮਾਂ' ਵਜੋਂ ਜਾਣਿਆ ਜਾਂਦਾ ਹੈ। ਇਸੇ ਤਰ੍ਹਾਂ, ਮਨੁੱਖੀ ਮਨ ਦਾ ਅਧਿਐਨ, ਜੋ ਹਾਲ ਹੀ ਵਿੱਚ, ਫਿਲਾਸਫੀ ਦਾ ਹਿੱਸਾ ਸੀ, ਹੁਣ ਵੱਖ ਹੋ ਗਿਆ ਹੈ ਅਤੇ ਮਨੋਵਿਗਿਆਨ ਦਾ ਵਿਸ਼ਾ ਬਣ ਗਿਆ ਹੈ। ਇਸ ਤਰ੍ਹਾਂ, ਉਹ ਸੁਆਲ ਜਿਨ੍ਹਾਂ ਦੇ ਜੁਆਬ ਨਿਸ਼ਚਿਤ ਹਨ, ਉਨ੍ਹਾਂ ਨੂੰ ਵਿਗਿਆਨਾਂ ਲਈ ਰੱਖ ਲਿਆ ਹੈ, ਬਚੇ ਖੁਚਿਆਂ ਨੂੰ ਫਿਲਾਸਫੀ ਦੇ ਖਾਤੇ ਪਾ ਦਿੱਤਾ ਜਾਂਦਾ ਹੈ।

ਹਾਲਾਂ ਕਿ, ਇਹ ਫਿਲਾਸਫੀ ਦੀ ਅਨਿਸ਼ਚਿਤਤਾ ਸਬੰਧੀ ਸੱਚਾਈ ਦਾ ਇੱਕ ਪੱਖ ਹੈ। ਸਾਡੇ ਮਾਨਸਿਕ ਜੀਵਨ ਸਬੰਧੀ ਸਭ ਤੋ ਡੂੰਘੀ ਦਿਲਚਸਪੀ ਵਾਲੇ ਬਹੁਤ ਸਾਰੇ ਸੁਆਲ ਹਨ, ਜਿਥੋਂ ਤੱਕ ਅਸੀਂ ਸੋਚ ਸਕਦੇ ਹਾਂ, ਉਹ ਮਨੁੱਖੀ ਅਕਲ ਲਈ ਅਬੁੱਝ ਰਹਿਣਗੇ, ਜਿੰਨਾਂ ਚਿਰ ਹੁਣ ਨਾਲੋਂ ਵੱਖਰੀ, ਮਨੁੱਖੀ ਅਕਲ ਦੀ ਕਾਇਆ ਕਲਪ ਨਹੀਂ ਹੋ ਜਾਂਦੀ।

***ਫਲਸਫ਼ਾ, ਇਨ੍ਹਾਂ ਦੁਆਰਾ ਖੜ੍ਹੇ ਕੀਤੇ ਖ਼ਦਸ਼ਿਆਂ ਦੇ ਸਹੀ ਜੁਆਬ ਪੂਰੀ ਨਿਸ਼ਚਿਤਤਾ ਨਾਲ ਦੇਣ ਦੀ ਥਾਂ, ਸਾਨੂੰ ਕਈ ਸੰਭਾਵਨਾਵਾਂ ਸੁਝਾਉਂਦਾ ਹੈ, ਜੋ ਸਾਡੇ ਗਿਆਨ ਨੂੰ ਮੋਕਲਾ ਕਰਦਾ ਹੈ ਅਤੇ ਰਵਾਇਤ ਦੀ ਧੱਕੇਸ਼ਾਹੀ ਤੋਂ ਮੁਕਤ ਕਰਦਾ ਹੈ।***

ਕੀ ਬ੍ਰਹਿਮੰਡ ਵਿੱਚ ਕਿਸੇ ਯੋਜਨਾ ਜਾਂ ਉਦੇਸ਼ ਦੀ ਏਕਤਾ ਹੈ, ਜਾਂ ਇਹ ਪ੍ਰਮਾਣੂਆਂ ਦਾ ਸਬੱਬੀ ਇਕੱਠ ਹੈ ?

ਕੀ ਚੇਤਨਾ, ਬ੍ਰਹਿਮੰਡ ਦਾ ਸਥਾਈ ਅੰਗ ਹੈ ਜੋ ਬੁੱਧੀ ਵਿੱਚ ਅਨਿਸ਼ਚਿਤ ਵਿਕਾਸ ਦੀ ਆਸ ਬੰਨ੍ਹਾਉਂਦੀ ਹੈ ਜਾਂ ਛੋਟੇ ਜਿਹੇ ਗ੍ਰਹਿ ਉਪਰਲਾ ਵਕਤੀ ਵਰਤਾਰਾ ਹੈ ਜੋ ਛੇਕੜ ਨੂੰ ਖਿੰਡ ਜਾਣਾ ਹੈ।

ਕੀ ਚੰਗਿਆਈ ਅਤੇ ਬੁਰਾਈ ਦੀ ਬ੍ਰਹਿਮੰਡ ਲਈ ਕੋਈ ਅਹਿਮੀਅਤ ਹੈ, ਜਾਂ ਇਹ ਸਿਰਫ ਮਨੁੱਖ ਦਾ ਸਰੋਕਾਰ ਹੈ।

ਐਸੇ ਸੁਆਲ, ਜੋ ਫਿਲਾਸਫੀ ਖੜ੍ਹੇ ਕਰਦੀ ਹੈ, ਦੇ ਵੱਖ ਵੱਖ ਫਿਲਾਸਫਰਾਂ ਨੇ ਵੱਖ ਵੱਖ ਜਵਾਬ ਦਿੱਤੇ ਹਨ। ਪਰ ਲਗਦਾ ਇਹ ਹੈ, ਕਿ ਜਵਾਬ ਲੱਭਣਯੋਗ ਹੋਣ ਜਾਂ ਨਾ, ਫਿਲਾਸਫੀ ਦੁਆਰਾ ਸੁਝਾਏ ਗਏ ਜਵਾਬ ਜਾਹਰਾ ਤੌਰ ਤੇ ਸਹੀ ਨਹੀਂ ਹਨ। ਫਿਰ ਵੀ ਜਵਾਬ ਲੱਭਣ ਦੀ ਉਮੀਦ ਕਿੰਨੀ ਵੀ ਨਿਗੂਣੀ ਕਿਉਂ ਨਾ ਹੋਵੇ, ਇਹ ਫਿਲਾਸਫੀ ਦਾ ਹਿੱਸਾ ਹੈ ਕਿ ਅਜੇਹੇ ਸੁਆਲਾਂ ਉਪਰ ਚਰਚਾ ਨੂੰ ਜਾਰੀ ਰੱਖਿਆ ਜਾਵੇ, ਉਨ੍ਹਾਂ ਦੀ ਅਹਿਮੀਅਤ ਨੂੰ ਜਾਣਿਆ ਜਾਵੇ, ਉਨ੍ਹਾਂ ਪ੍ਰਤੀ ਅਪਣਾਈ ਹਰ ਪਹੁੰਚ ਨੂੰ ਪਰਖਿਆ ਜਾਵੇ ਅਤੇ ਬ੍ਰਹਿਮੰਡ ਪ੍ਰਤੀ ਚਿੰਤਨਸ਼ੀਲ ਦਿਲਚਸਪੀ ਨੂੰ ਜਿਉਂਦੀ ਰੱਖਿਆ ਜਾਵੇ, ਜਿਹੜੀ ਨਿਸਚਿਤ, ਪਰਖਣਯੋਗ ਗਿਆਨ ਨਾਲ ਬੱਝੇ ਰਹਿਣ ਕਰਕੇ ਮਾਰੀ ਜਾਂਦੀ ਹੈ।

ਅਸਲ ਵਿੱਚ, ਫਲਸਫੇ ਦਾ ਮਹੱਤਵ, ਮੁੱਖ ਤੌਰ ਤੇ ਇਸ ਦੀ ਅਨਿਸ਼ਚਿਤਤਾ ਵਿੱਚ ਭਾਲਿਆ ਜਾਣਾ ਚਾਹੀਦਾ ਹੈ। ਫਲਸਫੀ ਰੁਚੀ ਤੋਂ ਸੱਖਣਾ ਬੰਦਾ, ਆਪਣੇ ਸਮੇ ਜਾਂ ਕੌਮ ਦੇ ਰਵਾਇਤੀ ਵਿਸ਼ਵਾਸਾਂ, ਮਨ ਵਿੱਚ ਪਾਲੀਆਂ ਹੋਈਆਂ ਚਿੰਤਨ-ਵਿਹੂਣੀਆਂ ਧਾਰਣਾਵਾਂ ਅਤੇ ਆਮ-ਸੂਝ (Common Sense) ਦੁਆਰਾ ਗ੍ਰਹਿਣ ਕੀਤੇ ਪੱਖਪਾਤਾਂ ਦੀ ਜੇਲ੍ਹ ਭੋਗਦਾ ਗੁਜ਼ਰ ਜਾਂਦਾ ਹੈ। ਅਜੇਹੇ ਬੰਦੇ ਲਈ, ਦੁਨੀਆਂ ਨਿਸ਼ਚਿਤ, ਸੀਮਤ ਅਤੇ ਸਪੱਸ਼ਟ ਹੁੰਦੀ ਹੈ, ਆਮ ਚੀਜ਼ਾਂ ਕੋਈ ਸੁਆਲ ਖੜ੍ਹਾ ਨਹੀਂ ਕਰਦੀਆਂ ਅਤੇ ਸਬੱਬੀ ਸੰਭਾਵਨਾਵਾਂ ਨੂੰ ਹਿਕਾਰਤ ਨਾਲ ਰੱਦ ਕੀਤਾ ਜਾਂਦਾ ਹੈ। ਇਸ ਦੇ ਉਲਟ, ਜਿਵੇਂ ਅਸੀਂ ਗੱਲ ਕੀਤੀ ਹੈ, ਜਿਉਂ ਹੀ ਅਸੀਂ ਦਿਮਾਗ ਲੜਾਉਣਾ ਸ਼ੁਰੂ ਕਰਦੇ ਹਾਂ, ਤਾਂ ਰੋਜ਼ ਮਰ੍ਹਾ ਦੀਆਂ ਆਮ ਜਿਹੀਆਂ ਗੱਲਾਂ ਰੱਟੇ ਖੜ੍ਹੇ ਕਰਦੀਆਂ ਹਨ, ਜਿਨ੍ਹਾਂ ਦੇ ਅਧੂਰੇ ਜਵਾਬ ਹੀ ਦਿੱਤੇ ਜਾ ਸਕਦੇ ਹਨ। ਫਲਸਫ਼ਾ, ਇਨ੍ਹਾਂ ਦੁਆਰਾ ਖੜ੍ਹੇ ਕੀਤੇ ਖ਼ਦਸ਼ਿਆਂ ਦੇ ਸਹੀ ਜੁਆਬ ਪੂਰੀ ਨਿਸ਼ਚਿਤਤਾ ਨਾਲ ਦੇਣ ਦੀ ਥਾਂ, ਸਾਨੂੰ ਕਈ ਸੰਭਾਵਨਾਵਾਂ ਸੁਝਾਉਂਦਾ ਹੈ, ਜੋ ਸਾਡੇ ਗਿਆਨ ਨੂੰ ਮੋਕਲਾ ਕਰਦਾ ਹੈ ਅਤੇ ਰਵਾਇਤ ਦੀ ਧੱਕੇਸ਼ਾਹੀ ਤੋਂ ਮੁਕਤ ਕਰਦਾ ਹੈ। ਇਸ ਤਰ੍ਹਾਂ, ਕਿ ਚੀਜ਼ਾਂ ਕੀ ਹਨ ਇਸ ਬਾਰੇ ਸਾਡੀ ਨਿਸ਼ਚਿਤਤਾ ਦੀ ਭਾਵਨਾ ਨੂੰ ਘਟਾਉਂਦਿਆਂ, ਇਹ ਵੱਡੇ ਪੱਧਰ 'ਤੇ ਸਾਡੇ ਗਿਆਨ ਨੂੰ ਵਧਾਉਂਦਿਆਂ ਦਸਦਾ ਹੈ ਕਿ ਉਹ ਕੀ ਹੋ ਸਕਦੀਆਂ ਹਨ, ਇਹ ਉਨ੍ਹਾਂ ਲੋਕਾਂ ਦੀ ਹੰਕਾਰੀ ਕੱਟੜਤਾ ਨੂੰ ਖਤਮ ਕਰਦਾ ਹੈ ਜੋ ਸੰਦੇਹ ਦੇ ਮੁਕਤ ਕਰਨ ਵਾਲੇ ਖੇਤਰ ਦੀ ਯਾਤਰਾ ਨਹੀਂ ਕਰਦੇ। ਇਹ ਆਮ ਚੀਜ਼ਾਂ ਦੇ ਖਾਸ ਪਹਿਲੂ ਦਿਖਾ ਕੇ ਸਾਡੀ ਹੈਰਾਨੀ ਦੀ ਭਾਵਨਾ ਨੂੰ ਜਿੰਦਾ ਰੱਖਦਾ ਹੈ।

ਅਣਕਿਆਸੀਆਂ ਸੰਭਾਵਨਾਵਾਂ ਦਿਖਾਉਣ ਦੀ ਉਪਯੋਗਤਾ ਤੋਂ ਇਲਾਵਾ, ਸ਼ਾਇਦ ਫਲਸਫੇ ਦਾ ਸ਼੍ਰੋਮਣੀ ਮੁੱਲ, ਉਨ੍ਹਾਂ ਚੀਜ਼ਾਂ ਦੀ ਮਹਾਨਤਾ ਕਰਕੇ ਹੈ, ਜਿਨ੍ਹਾਂ ਬਾਰੇ ਇਹ ਚਿੰਤਨ ਕਰਦਾ ਹੈ ਅਤੇ ਇਸ ਚਿੰਤਨ ਨਾਲ ਸੌੜੇ ਅਤੇ ਨਿੱਜੀ ਮਨੋਰਥਾਂ ਤੋਂ ਮਿਲਣ ਵਾਲੀ ਆਜਾਦੀ ਕਰਕੇ ਹੈ। ਆਪਣੀਆਂ ਮੂਲ ਪ੍ਰਵਿਰਤੀਆਂ ਅਨੁਸਾਰ ਚੱਲਣ ਵਾਲੇ ਸਹਿਜ ਮਨੁੱਖ (Intuitive man) ਦੀ ਜ਼ਿੰਦਗੀ, ਉਸ ਦੇ ਨਿੱਜੀ ਹਿੱਤਾਂ ਦੇ ਘੇਰੇ ਵਿੱਚ ਘਿਰੀ ਹੁੰਦੀ ਹੈ, ਇਸ ਵਿੱਚ ਪਰਿਵਾਰ, ਦੋਸਤ ਵੀ

ਸ਼ਾਮਿਲ ਕੀਤੇ ਜਾ ਸਕਦੇ ਹਨ। ਬਾਹਰਲੀ ਦੁਨੀਆਂ ਇਸ ਵਿੱਚ ਸ਼ਾਮਲ ਨਹੀਂ ਹੁੰਦੀ, ਬਸ਼ਰਤੇ ਉਹ ਸਹਿਜ-ਇਛਾਵਾਂ ਦੇ ਘੇਰੇ ਵਿੱਚ ਹਾਂਦਰੂ ਜਾਂ ਨਾਂਹਪੱਖੀ ਦਖ਼ਲ ਦੇ ਰਹੀ ਹੋਵੇ। ਅਜੇਹੀ ਜ਼ਿੰਦਗੀ ਬੇਚੈਨ ਅਤੇ ਖ਼ੂਹ ਦੇ ਡੱਡੂ ਵਾਲੀ ਹੁੰਦੀ ਹੈ। ਜਿਸ ਦੇ ਉਲਟ ਫਲਸਫਾਨਾ ਜ਼ਿੰਦਗੀ ਸ਼ਾਂਤ ਅਤੇ ਆਜ਼ਾਦਾਨਾ ਹੁੰਦੀ ਹੈ। ਵਿਸ਼ਾਲ ਅਤੇ ਸ਼ਕਤੀਵਰ ਦੁਨੀਆਂ ਵਿੱਚ, ਆਪਣੇ ਹਿੱਤਾਂ ਦੀ ਨਿੱਜੀ ਦੁਨੀਆਂ ਟਾਪੂ ਵਾਂਗ ਹੈ, ਜਿਸ ਨੂੰ ਇਸ ਨੇ ਦੇਰ ਸਵੇਰ ਤਬਾਹ ਕਰ ਦੇਣਾ ਹੈ। ਜਦੋਂ ਤੱਕ ਅਸੀਂ ਨਿੱਜੀ ਹਿੱਤਾਂ ਨੂੰ ਏਨਾ ਵਿਸ਼ਾਲ ਨਹੀਂ ਕਰਦੇ, ਜਿਸ ਵਿੱਚ ਸਾਰੀ ਦੁਨੀਆ ਸਮਾ ਜਾਵੇ, ਤਾਂ ਸਾਡਾ ਹਾਲ, ਘਿਰੇ ਹੋਏ ਕਿਲ੍ਹੇ ਵਿਚਲੀ ਸੈਨਕ-ਟੁਕੜੀ ਵਾਲਾ ਹੁੰਦਾ ਹੈ, ਜਿਸ ਨੂੰ ਪਤੈ ਕਿ ਦੁਸ਼ਮਣ ਨੇ ਬਾਹਰ ਨਿਕਲਣ ਦੇ ਰਸਤੇ ਬੰਦ ਕੀਤੇ ਹੋਏ ਹਨ ਅਤੇ ਆਤਮ ਸਮੱਰਪਣ ਅਟੱਲ ਹੈ। ਅਜੇਹੀ ਜ਼ਿੰਦਗੀ ਵਿੱਚ ਕਦੇ ਸ਼ਾਂਤੀ ਨਹੀਂ ਹੁੰਦੀ ਅਤੇ ਇੱਛਾਵਾਂ ਦੀ ਜ਼ਿੱਦ ਅਤੇ ਨਿਸੱਤੇ ਮਨੋਬਲ ਵਿੱਚ ਲਗਾਤਾਰ ਤਣਾਓ ਬਣਿਆ ਰਹਿੰਦਾ ਹੈ। ਕਿਸੇ ਨਾ ਕਿਸੇ ਤਰੀਕੇ ਨਾਲ, ਜੇਕਰ ਅਸੀਂ ਜੀਵਨ ਨੂੰ ਮਹਾਨ ਅਤੇ ਆਜ਼ਾਦ ਕਰਨਾ ਹੈ, ਸਾਨੂੰ ਇਸ ਜੇਲ੍ਹ ਅਤੇ ਪੀੜਾ ਤੋਂ ਮੁਕਤ ਹੋਣ ਦੀ ਲੋੜ ਹੈ। ਜਿਸ ਦਾ ਇੱਕ ਰਾਹ, ਫਲਸਫਾਨਾ ਚਿੰਤਨ ਹੈ। ਗਿਆਨ ਦੀ ਸਾਰੀ ਪ੍ਰਾਪਤੀ ਸਵੈ (self) ਦਾ ਵਿਸਥਾਰ ਹੈ। ਇਹ ਉਦੋਂ ਪ੍ਰਾਪਤ ਹੁੰਦਾ ਹੈ, ਜਦੋਂ ਗਿਆਨ ਪ੍ਰਾਪਤੀ ਆਪਣੇ ਆਪ ਵਿੱਚ ਮਨੋਰਥ ਹੋਵੇ ਨਾ ਕਿ ਜ਼ਰੀਆ। ਇਹ ਇੱਕ ਅਜਿਹਾ ਅਧਿਐਨ ਹੈ ਜੋ ਪਹਿਲਾਂ ਹੀ ਤਹਿ ਨਹੀਂ ਕਰਦਾ ਕਿ ਕਿਸੇ ਵਸਤੂ ਦਾ ਇਹ ਜਾਂ ਉਹ ਸੁਭਾਅ ਹੋਵੇ, ਸਗੋਂ ਖ਼ੁਦ ਨੂੰ ਉਸ ਵਿਚੋਂ ਮਿਲੀਆਂ ਲੱਭਤਾਂ ਮੁਜ਼ਬ ਢਾਲਦਾ ਹੈ।

ਸਵੈ (self) ਨੂੰ ਸਥਿਰ ਹੋਂਦ ਵਜੋਂ ਸਵੀਕਾਰ ਕਰਨ ਨਾਲ, ਸਵੈ ਦਾ ਵਿਸਥਾਰ ਨਹੀਂ ਹੁੰਦਾ। ਫਲਸਫੀ ਸ਼ਬਦਾਂ ਵਿੱਚ, ਅਜਿਹਾ ਬੰਦਾ, ਦੁਨੀਆਂ ਨੂੰ ਆਪਣੇ ਮਨੋਰਥਾਂ ਦੀ ਸਿੱਧੀ ਲਈ ਇੱਕ ਸਾਧਨ ਵਜੋਂ ਲੈਂਦਾ ਹੈ ਅਤੇ ਖ਼ੁਦ ਦੇ ਮੁਕਾਬਲੇ ਦੁਨੀਆਂ ਨੂੰ ਛੁਟਿਆਕੇ ਦੇਖਦਾ ਹੈ। ਇਸ ਦੇ ਉਲਟ ਚਿੰਤਨ ਵਿੱਚ, ਸ਼ੁਰੂਆਤ ਹੀ ਇੱਥੋਂ ਹੁੰਦੀ ਹੈ ਕਿ ਮੈਨੂੰ ਪਤਾ ਨਹੀਂ। ਇਸ ਪਹੁੰਚ ਰਾਹੀਂ, ਸਵੈ ਦੇ ਦਿਸਹੱਦੇ ਚੌਰੇੜੇ ਹੁੰਦੇ ਹਨ, ਬ੍ਰਹਿਮੰਡ ਦੀ ਅਨੰਤਤਾ ਬਾਰੇ ਸੋਚਦਿਆਂ, ਮਨ ਇਸ ਅਨੰਤਤਾ ਦਾ ਅੰਗ ਬਣਦਾ ਹੈ।

ਇੱਥੇ ਬਹੁਤ ਸਾਰੇ ਫਲਸਫੀ ਰੁਝਾਣ ਪ੍ਰਚਲਿਤ ਹਨ, ਜੋ ਇਹ ਦਾਅਵਾ ਕਰਦੇ ਹਨ ਕਿ ਸਭ ਵਰਤਾਰਿਆਂ ਦਾ ਆਧਾਰ, ਮਨੁੱਖ ਹੈ, ਸਾਰੇ ਸੱਚ ਮਨੁੱਖੀ ਰਚਨਾ ਹਨ, ਸਪੇਸ ਅਤੇ ਸਮਾਂ ਅਤੇ ਯੂਨੀਵਰਸ ਦੀ ਦੁਨੀਆਂ, ਮਨ ਦੀਆਂ ਘਾੜਤਾਂ ਹਨ ਅਤੇ ਜੋ ਵੀ ਰਚਨਾ ਮਨ ਦੀ ਨਹੀਂ, ਉਹ ਜਾਣੀ ਨਹੀਂ ਜਾ ਸਕਦੀ ਅਤੇ ਸਾਡੇ ਲਈ ਉਹਦਾ ਕੋਈ ਮਹੱਤਵ ਨਹੀਂ। ਜੇ ਸਾਡੀ ਪਹਿਲੀ ਵਿਚਾਰ ਚਰਚਾ ਸਹੀ ਹੈ ਤਾਂ ਇਹ ਧਾਰਣਾ ਗਲਤ ਹੈ, ਇਹ ਵਰਤਾਰਿਆਂ ਬਾਰੇ ਫਲਸਫੀ ਚਿੰਤਨ ਨੂੰ ਛੁਟਿਆਉਂਦੀ ਹੈ ਅਤੇ ਚਿੰਤਨ ਨੂੰ ਸਿਰਫ ਸਵੈ ਤੱਕ ਸੀਮਤ ਕਰ ਦਿੰਦੀ ਹੈ। ਇਹਦੇ ਲਈ ਗਿਆਨ ਦਾ ਭਾਵ, ਬਾਹਰੀ ਸੰਸਾਰ ਨਾਲ ਏਕਤਾ ਨਹੀਂ ਸਗੋਂ ਪੱਖਪਾਤਾਂ, ਆਦਤਾਂ ਅਤੇ ਇਛਾਵਾਂ ਦਾ ਸੰਗ੍ਰਹਿ ਹੈ, ਜੋ ਸਾਡੇ ਅਤੇ ਬਾਹਰੀ ਦੁਨੀਆਂ ਦਰਮਿਆਨ ਇੱਕ ਅਲੰਘ ਪਰਦਾ ਖੜ੍ਹਾ ਕਰ ਦਿੰਦਾ ਹੈ। ਜਿਹੜਾ ਬੰਦਾ, ਇਸ ਤਰ੍ਹਾਂ ਦੇ ਗਿਆਨ-ਸਿਧਾਂਤ ਵਿੱਚ ਸੁਆਦ ਲੈਂਦਾ ਹੈ, ਉਸ ਬੰਦੇ ਵਰਗਾ ਹੁੰਦਾ ਹੈ ਜੋ ਇਸ ਡਰੋਂ ਘਰੋਂ ਨਹੀਂ ਨਿਕਲਦਾ ਕਿ ਉਹਦਾ ਕਿਹਾ ਕਾਨੂੰਨ ਨਹੀਂ ਬਣਨਾ।

ਜਿਹੜਾ ਮਨ, ਫਲਸਫੀ ਚਿੰਤਨ ਦੀ ਆਜਾਦੀ ਅਤੇ ਨਿਰਪੱਖਤਾ ਦਾ ਆਦੀ ਹੋ ਜਾਂਦਾ ਹੈ, ਉਹ ਆਪਣੇ ਅਮਲ ਅਤੇ ਭਾਵਨਾਵਾਂ ਦੇ ਪ੍ਰਗਟਾਅ ਵਿੱਚ ਵੀ ਇਸੇ ਆਜਾਦੀ ਅਤੇ ਨਿਰਪੱਖਤਾ ਨਾਲ ਪੇਸ਼ ਆਵੇਗਾ। ਨਿਰਪੱਖਤਾ, ਮਨ ਦਾ ਉਹ ਗੁਣ ਹੈ ਜੋ ਮਨੁੱਖੀ ਵਿਹਾਰ ਦੇ ਹਰ ਇਜ਼ਹਾਰ ਵਿੱਚ ਪ੍ਰਗਟ ਹੁੰਦਾ ਦਿਖਾਈ ਦਿੰਦਾ ਹੈ; ਜਿਵੇਂ ਭਾਵਨਾ ਵਿੱਚ ਉਹ ਵਿਸ਼ਵ ਵਿਆਪੀ ਪਿਆਰ ਹੈ ਜੋ ਸਾਰਿਆਂ ਨੂੰ ਦਿੱਤਾ ਜਾ ਸਕਦਾ ਹੈ ਅਤੇ ਸਿਰਫ ਉਨ੍ਹਾਂ ਲਈ ਨਹੀਂ ਹੁੰਦਾ; ਜਿਨ੍ਹਾਂ ਤੱਕ ਕੋਈ ਗਰਜ਼ ਹੋਵੇ ਜਾਂ ਜਿਹੜੇ ਮੋਹਤਬਰ ਹੁੰਦੇ ਹਨ। ਕਿਲਿਆਂ ਵਿੱਚ ਰਹਿਣ ਵਾਲੇ ਅਤੇ ਇੱਕ ਦੂਜੇ ਦੀ ਜਾਨ ਦਾ ਖੌਅ ਬਣਨ ਵਾਲੇ ਸਮੂਹ ਦੀ ਥਾਂ ਇਹ ਸਾਨੂੰ ਵਿਸ਼ਵ ਨਾਗਰਿਕ ਬਣਾਉਂਦਾ ਹੈ। ਮਨੁੱਖ ਦੀ ਅਸਲੀ ਆਜਾਦੀ, ਸੌੜੀਆਂ ਉਮੀਦਾਂ ਅਤੇ ਡਰਾਂ ਤੋਂ ਮੁਕਤੀ ਦਾ ਰਾਜ਼, ਵਿਸ਼ਵ-ਨਾਗਰਿਕਤਾ ਵਿੱਚ ਲੁਕਿਆ ਹੋਇਆ ਹੈ।

ਸਾਰੀ ਚਰਚਾ ਦਾ ਸਾਰ ਇਹ ਹੈ ਕਿ ਫਿਲਾਸਫੀ ਦਾ ਅਧਿਐਨ ਕਰਨਾ ਚਾਹੀਦਾ ਹੈ, ਸਿਰਫ ਇਸ ਨਾਲ ਜੁੜੇ ਸੁਆਲਾਂ ਦੇ ਨਿਸ਼ਚਿਤ ਜਵਾਬ ਲੱਭਣ ਲਈ ਹੀ ਨਹੀਂ, ਬਲਕਿ ਸੁਆਲ ਖੜੇ ਕਰਨ ਦੀ ਖਾਤਰ। ਕਿਉਂਕਿ ਇਹ ਸੁਆਲ ਹੀ ਹਨ ਜੋ ਸੰਭਾਵਨਾਵਾਂ ਨੂੰ ਮੋਕਲਾ ਕਰਨਗੇ, ਸਾਡੀ ਬੌਧਿਕ ਕਲਪਨਾ ਨੂੰ ਅਮੀਰ ਬਣਾਉਣਗੇ ਅਤੇ ਵਿਸ਼ਵਾਸਾਂ ਵਿਚਲੀ ਕੱਟੜਤਾ ਨੂੰ ਘਟਾਉਣਗੇ, ਕੱਟੜਤਾ ਜੋ ਮਨ ਨੂੰ ਅੰਨ੍ਹੀ ਗਲੀ ਵਿੱਚ ਲਿਆ ਖੜਾ ਕਰਦੀ ਹੈ। ਇਸ ਤੋਂ ਵੀ ਜਿਆਦਾ, ਫਿਲਾਸਫੀ ਰਾਹੀਂ ਬ੍ਰਹਿਮੰਡ ਦੀ ਮਹਾਨਤਾ ਦਾ ਕੀਤਾ ਜਾਂਦਾ ਚਿੰਤਨ, ਮਨ ਨੂੰ ਵਿਸ਼ਾਲ ਕਰਦਿਆਂ, ਉਸ ਨਾਲ ਇਕਮਿੱਕ ਹੋਣ ਦੇ ਯੋਗ ਬਣਾਉਂਦਾ ਹੈ।

*ਅਨੁਵਾਦ ਅਤੇ ਸੰਖੇਪ: ਅਵਤਾਰ ਗੋਂਦਾਰਾ*
*+1(559) 375 2589*

# ਬ੍ਰਹਿਮੰਡ ਦੇ ਰਹੱਸਾਂ ਦੀ ਯਾਤਰਾ

**ਲੇਖਕ : ਡਾ. ਅਵਤਾਰ ਸਿੰਘ ਢੀਂਡਸਾ**

ਅਸਮਾਨ ਵਿੱਚ ਚਮਕਦੇ ਤਾਰਿਆਂ, ਗ੍ਰਹਿਆਂ, ਉਪਗ੍ਰਹਿਆਂ ਅਤੇ ਹੋਰ ਆਕਾਸ਼ੀ ਪਿੰਡਾਂ ਦਾ ਅਦਭੁੱਤ ਦ੍ਰਿਸ਼ ਮੁੱਢ ਕਦੀਮ ਤੋਂ ਮਨੁੱਖ ਦੀ ਦਿਲਚਸਪੀ ਦਾ ਵਿਸ਼ਾ ਰਿਹਾ ਹੈ। ਇਸ ਕੁਦਰਤੀ ਅਲੌਕਿਕ ਨਜ਼ਾਰੇ ਬਾਰੇ ਪੁਖਤਾ ਜਾਣਕਾਰੀ ਦੀ ਘਾਟ ਕਾਰਨ ਆਮ ਲੋਕ ਬਾਬਿਆਂ, ਜੋਤਸ਼ੀਆਂ ਤੇ ਨਜ਼ੂਮੀਆਂ ਵੱਲੋਂ ਪ੍ਰਚਾਰੀਆਂ ਗਈਆਂ ਮਿੱਥਾਂ ਉੱਤੇ ਹੀ ਨਿਰਭਰ ਰਹੇ ਹਨ। ਇਨ੍ਹਾਂ ਨੇ ਮਨੁੱਖ ਦੇ ਮਨ ਵਿੱਚ ਤਾਰਿਆਂ ਤੇ ਗ੍ਰਹਿਆਂ ਬਾਰੇ ਝੂਠੀਆਂ ਕਹਾਣੀਆਂ ਘੜ ਕੇ ਡਰ ਦਾ ਸੰਚਾਰ ਹੀ ਕੀਤਾ ਹੈ। ਬ੍ਰਹਿਮੰਡ ਬਾਰੇ ਪੁਖਤਾ ਜਾਣਕਾਰੀ ਦੀ ਘਾਟ ਕਾਰਨ ਮਨੁੱਖੀ ਮਨ ਵਿੱਚ ਇਹ ਭੈਅ ਪੀੜ੍ਹੀ ਦਰ ਪੀੜ੍ਹੀ ਚਲਦੇ ਆ ਰਹੇ ਹਨ।

ਵਿਗਿਆਨ ਦੇ ਖੇਤਰ ਸਬੰਧੀ ਪੰਜਾਬੀ ਭਾਸ਼ਾ ਵਿੱਚ ਰਚੀਆਂ ਪੁਸਤਕਾਂ ਦੀ ਰੜਕਵੀ ਘਾਟ ਹੈ। ਤਾਰਾ ਵਿਗਿਆਨ ਦੇ ਖੇਤਰ ਵਿੱਚ ਇਹ ਘਾਟ ਹੋਰ ਵੀ ਜਿਆਦਾ ਦੇਖੀ ਜਾ ਸਕਦੀ ਹੈ। ਖੈਰ ਇਹ ਚੰਗਾ ਹੈ ਕਿ ਡਾ. ਅਵਤਾਰ ਸਿੰਘ ਢੀਂਡਸਾ ਨੇ ਹਾਲ ਹੀ ਵਿੱਚ ਆਪਣੀ ਪੁਸਤਕ 'ਬ੍ਰਹਿਮੰਡ ਦੇ ਰਹੱਸਾਂ ਦੀ ਯਾਤਰਾ' ਪੰਜਾਬੀ ਪਾਠਕਾਂ ਦੇ ਰੂਬਰੂ ਕੀਤੀ ਹੈ ਜੋ ਬ੍ਰਹਿਮੰਡ ਦੇ ਨਜ਼ਾਰਿਆਂ ਤੇ ਵਰਤਾਰਿਆਂ ਵਿੱਚ ਦਿਲਚਸਪੀ ਰੱਖਣ ਵਾਲੇ ਜਗਿਆਸੂਆਂ ਦੀ ਕੁਦਰਤ ਨੂੰ ਜਾਨਣ ਤੇ ਸਮਝਣ ਦੀ ਭੁੱਖ ਨੂੰ ਤ੍ਰਿਪਤ ਕਰਨ ਦਾ ਸਾਧਨ ਹੋ ਸਕਦੀ ਹੈ।

ਡਾ. ਢੀਂਡਸਾ ਨੇ ਪੁਸਤਕ ਵਿੱਚ ਖੁਸ਼ਕ ਜਾਣਕਾਰੀ ਦੇਣ ਦੀ ਥਾਂ ਬ੍ਰਹਿਮੰਡ ਦੀ ਕਲਪਿਤ ਯਾਤਰਾ ਵਿਧੀ ਰਾਹੀਂ ਪਾਠਕਾਂ ਨੂੰ ਉਂਗਲੀ ਫੜ ਕੇ ਨਾਲ ਤੋਰਨ ਦਾ ਯਤਨ ਕੀਤਾ ਹੈ। ਆਪਣੇ ਸੁਪਨਮਈ ਸਪੇਸ ਸ਼ਟਲ ਰਾਹੀਂ ਲੇਖਕ ਪਾਠਕਾਂ ਨੂੰ ਪ੍ਰਿਥਵੀ ਤੋਂ ਬਾਹਰ ਚੰਦਰਮਾ, ਸ਼ੁਕਰ ਤੇ ਬੁੱਧ ਗ੍ਰਹਿ ਤੋਂ ਬਾਅਦ ਸੂਰਜ ਦੇ ਬਾਹਰੀ ਹਿੱਸੇ ਤੱਕ ਦੀ ਯਾਤਰਾ ਕਰਵਾਉਂਦਾ ਹੈ। ਇਸ ਵਿੱਚ ਇਹਨਾਂ ਆਕਾਸ਼ੀ ਪਿੰਡਾਂ ਦੇ ਆਕਾਰ, ਤਾਪਮਾਨ, ਵਾਯੂਮੰਡਲ, ਗਰੂਤਾ ਖਿੱਚ ਦੀ ਤੀਬਰਤਾ ਆਦਿ ਦੀ ਜਰੂਰੀ ਜਾਣਕਾਰੀ ਮੁਹਈਆ ਕਰਵਾਈ ਗਈ ਹੈ। ਇਸ ਤੋਂ ਬਾਅਦ ਇਹ 'ਸਪੇਸ ਸ਼ਟਲ' ਸੂਰਜ ਤੋਂ ਬਾਹਰ ਵੱਲ ਮੰਗਲ, ਉਲਕਾ ਪੱਟੀ, ਬ੍ਰਹਸਪਤੀ, ਸ਼ਨੀ, ਯੂਰੇਨਸ, ਨੈਪਚੂਨ, ਪਲੂਟੋ ਅਤੇ ਇਹਨਾਂ ਦੇ ਕੁਦਰਤੀ ਚੰਨਾਂ ਬਾਰੇ ਗਿਆਨ ਦੇਣ ਤੋਂ ਬਾਅਦ ਕੁਇਪਰ ਪੱਟੀ ਤੇ ਊਰਟ ਬੱਦਲ ਵਿੱਚੋਂ ਗੁਜ਼ਰਦਾ ਹੋਇਆ ਪੂਰੇ ਸੂਰਜ ਮੰਡਲ ਦੇ ਦਰਸ਼ਨ ਕਰਵਾਉਂਦਾ ਹੈ।

ਪੁਸਤਕ ਵਿੱਚ ਸਾਡੀ ਆਕਾਸ਼ ਗੰਗਾ ਮਿਲਕੀ ਵੇ ਦੀ ਵਿਸ਼ਾਲਤਾ, ਆਕਾਸ਼ ਗੰਗਾਵਾਂ ਦੇ ਗਰੁੱਪਾਂ, ਕਲਸਟਰਾਂ ਤੇ ਸੁਪਰ ਕਲਸਟਰਾਂ ਅਤੇ ਇਹਨਾਂ ਦੀਆਂ ਅਸਚਰਜ ਜਨਕ ਗਤੀਆਂ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ ਹੈ। ਇਸ ਤੋਂ ਬਿਨਾਂ ਕਰੋੜਾਂ ਤਾਰਿਆਂ ਸਿਤਾਰਿਆਂ ਨੂੰ ਨਿਗਲ ਰਹੀ ਬਲੈਕ ਹੋਲ ਵਿੱਚ ਬੇਹਦ ਪੀਚੇ ਗਏ ਮਾਦੇ ਅਤੇ ਇਸ ਦੇ ਚਮਚੇ ਭਰ ਵਿੱਚ ਕਰੋੜਾਂ ਟਨ ਭਾਰ ਹੋਣ ਦਾ ਦਿਲਚਸਪ ਵਰਣਨ ਵੀ ਕੀਤਾ ਗਿਆ ਹੈ। ਅਨੰਤ ਬ੍ਰਹਿਮੰਡ ਵਿੱਚ ਅਜੇ ਹੋਰ ਅਨੇਕਾਂ ਬਲੈਕ ਹੋਲ ਹੋ ਸਕਦੇ ਹਨ ਜੋ ਆਪਣੀ ਓੜਕ ਦੀ ਗੁਰੂਤਾ ਖਿੱਚ ਕਾਰਨ ਅਦਿੱਖ ਬਣੇ ਹੋਏ ਹਨ। ਲੇਖਕ ਨੇ ਤਾਰਿਆਂ ਦੇ ਮਰਨ, ਖਿੰਡਣ ਤੇ ਖਿਲਰੇ ਮਾਦੇ ਤੋਂ ਮੁੜ ਨਵੇਂ ਤਾਰਿਆਂ ਦੇ ਜਨਮ ਲੈਣ ਦੀ ਦਿਲਚਸਪ ਕਹਾਣੀ ਬਿਆਨ ਕੀਤੀ ਹੈ।

ਪੁਸਤਕ ਵਿੱਚ ਹੈਰਾਨਕੁਨ ਗਤੀ ਨਾਲ ਫੈਲ ਰਹੇ ਬ੍ਰਹਿਮੰਡ, ਤੇਜੀ ਨਾਲ ਇੱਕ ਦੂਜੀ ਤੋਂ ਦੂਰ ਹਟ ਰਹੀਆਂ ਗਲੈਕਸੀਆਂ, ਇਹਨਾਂ ਵਿੱਚ ਹੋ ਰਹੀਆਂ ਟੱਕਰਾਂ, ਤਾਰਿਆਂ ਵਿਚਕਾਰ ਹੋ ਰਹੇ ਘਮਸਾਨ ਦਾ ਜਿਕਰ ਕਰਦੇ ਹੋਏ ਇਸ ਤੱਥ ਨੂੰ ਸਥਾਪਤ ਕਰਨ ਦਾ ਯਤਨ ਕੀਤਾ ਹੈ ਕਿ ਬ੍ਰਹਿਮੰਡ ਵਿੱਚ ਕੁਝ ਵੀ ਸਥਿਰ ਨਹੀਂ ਹੈ ਤੇ ਇਹ ਹਰ ਪਲ ਬਦਲ ਰਿਹਾ ਹੈ। ਭਾਵ ਤਬਦੀਲੀ ਕੁਦਰਤ ਦਾ ਨਿਯਮ ਹੈ ਅਤੇ ਇਹ ਮਾਦੇ ਦੀ ਹਰ ਵੰਨਗੀ ਉੱਤੇ ਲਾਗੂ ਹੁੰਦਾ ਹੈ।

ਪੁਸਤਕ ਦੀ ਵਿਸ਼ੇਸ਼ ਗੱਲ ਇਹ ਹੈ ਕਿ ਇਸ ਵਿੱਚ ਆਮ ਜ਼ਿੰਦਗੀ ਵਿੱਚੋਂ ਸਰਲ ਮਿਸਾਲਾਂ ਦੇ ਕੇ ਤਾਂਤਰਿਕਾਂ ਅਤੇ ਜੋਤਿਸ਼ੀਆਂ ਵੱਲੋਂ ਲੋਕਾਂ ਨੂੰ ਗੁਮਰਾਹ ਕਰਨ ਲਈ ਰਚੇ ਜਾਂਦੇ ਅਡੰਬਰਾਂ ਦਾ ਜੋਰਦਾਰ ਖੰਡਨ ਕੀਤਾ ਹੈ। ਪੁਸਤਕ ਦੇ ਅਖੀਰ ਵਿੱਚ ਪਰਮਾਣੂ ਦੀ ਵਿਸਥਾਰ ਵਿੱਚ ਵਿਆਖਿਆ ਕਰਦੇ ਹੋਏ ਇਹ ਦਰਸਾਇਆ ਗਿਆ ਹੈ ਕਿ ਪੂਰੇ ਬ੍ਰਹਿਮੰਡ ਵਿੱਚ ਨਿਰਜੀਵ ਮਾਦੇ ਦੇ ਵੱਖ-ਵੱਖ ਤੱਤਾਂ ਤੋਂ ਵਿਕਸਿਤ ਹੋਏ ਯੋਗਿਕਾਂ ਵਿੱਚ ਵਿਸ਼ੇਸ਼ ਹਾਲਤਾਂ ਵਿੱਚ ਸਜੀਵ ਧੜਕਣ ਪੈਦਾ ਹੋਈ ਜਿਸ ਤੋਂ ਸਜੀਵ ਜਗਤ ਵਿਕਸਿਤ ਹੋਇਆ ਹੈ ਅਤੇ ਇਹ ਸ੍ਰਿਸ਼ਟੀ ਵਿੱਚ ਕਿਸੇ ਪ੍ਰਾਭੌਤਿਕ ਸ਼ਕਤੀ ਦਾ ਕਾਰਨਾਮਾ ਨਹੀਂ ਹੈ।

ਆਖਿਰ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਪੁਸਤਕ ਬ੍ਰਹਿਮੰਡ ਬਾਰੇ ਜਾਣਕਾਰੀ ਹਾਸਲ ਕਰਨ ਦੇ ਚਾਹਵਾਨ ਜਗਿਆਸੂਆਂ ਲਈ ਪੜ੍ਹਨਯੋਗ ਹੈ ਤੇ ਪੁਸਤਕ ਭੰਡਾਰ ਵਿੱਚ ਸਾਂਭਣਯੋਗ ਹੈ। ਲੇਖਕ ਪ੍ਰਕਾਸ਼ਕ ਲਈ ਸੁਝਾਅ ਹੈ ਕਿ ਪੁਸਤਕ ਦਾ ਪੇਪਰ ਬੈਕ ਐਡੀਸ਼ਨ ਵੀ ਪ੍ਰਕਾਸ਼ਤਿ ਕੀਤਾ ਜਾਵੇ ਤਾਂ ਜੋ ਇਹ ਵਾਜਬ ਕੀਮਤ ਤੇ ਜਿਆਦਾ ਹੱਥਾਂ ਵਿੱਚ ਪਹੁੰਚ ਸਕੇ।

***ਰਣਧੀਰ ਗਿੱਲਪੱਤੀ***



**ਡਾਕਟਰ ਬਲਜਿੰਦਰ ਸੇਖੋਂ ਨੂੰ ਭਾਵ ਭਿੰਨੀ ਸ਼ਰਧਾਂਜਲੀ**

ਤਰਕਸ਼ੀਲ ਸੋਸਾਇਟੀ ਕੈਨੇਡਾ ਦੇ ਸਰਗਰਮ ਆਗੂ ਰਹੇ ਡਾ ਬਲਜਿੰਦਰ ਸੇਖੋਂ, ਜੋ 30 ਜੂਨ ਨੂੰ ਬਠਿੰਡਾ ਵਿਖੇ ਸਦੀਵੀ ਵਿਛੋੜਾ ਦੇ ਗਏ ਸਨ, ਉਨ੍ਹਾਂ ਨੂੰ ਯਾਦ ਕਰਦਿਆਂ ਐਤਵਾਰ 27 ਜੁਲਾਈ ਨੂੰ ਬਰੈਂਪਟਨ (ਕੈਨੇਡਾ) ਵਿਖੇ ਸ਼ੋਕ ਸਮਾਗਮ ਕੀਤਾ ਗਿਆ ਜਿਸ ਵਿੱਚ ਬਰੈਂਪਟਨ ਦੀਆਂ ਸਾਹਿਤਕ, ਸਮਾਜਿਕ, ਸੱਭਿਆਚਾਰਕ ਅਤੇ ਹੋਰ ਕਈ ਜਥੇਬੰਦੀਆਂ ਵੱਲੋਂ ਭਾਵਪੂਰਤ ਸ਼ਰਧਾਂਜਲੀ ਭੇਂਟ ਕੀਤੀ ਗਈ। ਬਹੁਪੱਖੀ ਸ਼ਖਸੀਅਤ ਦੇ ਮਾਲਕ ਡਾ ਸੇਖੋਂ ਕਿੱਤੇ ਵਜੋਂ ਕੀਟ ਵਿਗਿਆਨੀ, ਸੋਚ ਪੱਖੋਂ ਤਰਕਸ਼ੀਲ ਅਤੇ ਸ਼ੌਂਕ ਵਜੋਂ ਲੇਖਕ ਅਤੇ ਪੱਤਰਕਾਰ ਸਨ।

ਬੁਲਾਰਿਆਂ ਵਿੱਚ ਮੁੱਖ ਤੌਰ ਤੇ ਤਰਕਸ਼ੀਲ ਸੋਸਾਇਟੀ ਕੈਨੇਡਾ ਦੇ ਕੌਮੀ ਪ੍ਰਧਾਨ ਬਲਦੇਵ ਰਹਿਪਾ, ਮੀਤ ਪ੍ਰਧਾਨ ਬਲਵਿੰਦਰ ਬਰਨਾਲਾ, ਅਮਰਦੀਪ, ਸੋਹਨ ਢੀਂਡਸਾ, 'ਕਲਮਾਂ ਦਾ ਕਾਫਲਾ' ਤੋਂ ਕੁਲਵਿੰਦਰ ਖਹਿਰਾ, 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟਰਾਂਟੋ' ਤੋਂ ਮਲੂਕ ਸਿੰਘ ਕਾਹਲੋਂ, 'ਸਰੋਕਾਰਾਂ ਦੀ ਆਵਾਜ਼' ਤੋਂ ਹਰਬੰਸ ਸਿੰਘ, 'ਕੈਨੇਡੀਅਨ ਪੰਜਾਬੀ ਕਲਚਰਲ ਸੋਸਾਇਟੀ ਓਂਟਾਰੀਓ' ਤੋਂ ਡਾਕਟਰ ਹਰਦੀਪ ਸਿੰਘ ਅਟਵਾਲ, 'ਪੰਜਾਬੀ ਸੱਭਿਆਚਾਰ ਮੰਚ' ਤੋਂ ਬਲਦੇਵ ਸਹਿਦੇਵ, 'ਪੰਜਾਬੀ ਯੂਨੀਵਰਸਿਟੀ ਅਲੂਮਿਨੀ ਐਸੋਸੀਏਸ਼ਨ' ਤੋਂ ਪਰਮਜੀਤ ਸਿੰਘ ਗਿੱਲ, ਉਘੇ ਖੇਡ ਲੇਖਕ ਪ੍ਰਿੰਸੀਪਲ ਸਰਵਣ ਸਿੰਘ, 'ਰੇਡੀਓ ਸਰਗਮ' ਦੇ ਸੰਚਾਲਕ ਡਾ. ਬਲਵਿੰਦਰ ਧਾਲੀਵਾਲ, ਕੁਲਦੀਪ ਸਿੰਘ ਰੰਧਾਵਾ, ਪ੍ਰੋਫੈਸਰ ਜਗੀਰ ਸਿੰਘ ਕਾਹਲੋਂ, ਇੰਦਰਜੀਤ ਸਿੰਘ ਬੱਲ ਅਤੇ ਕਈ ਹੋਰ ਸ਼ਖਸ਼ੀਅਤਾਂ ਸ਼ਾਮਿਲ ਸਨ।

ਸ਼ੋਕ ਸਮਾਗਮ ਵਿੱਚ ਸ਼ਾਮਲ ਹੋਏ ਡਾ. ਸੇਖੋਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਉਨ੍ਹਾਂ ਦੀ ਨੂੰਹ ਕਮਲ ਸੇਖੋਂ ਨੇ ਸਮਾਗਮ ਵਿੱਚ ਪਹੁੰਚੇ ਸਭਨਾਂ ਸਨੇਹੀਆਂ ਦਾ ਧੰਨਵਾਦ ਕਰਦੇ ਹੋਏ ਉਨ੍ਹਾਂ ਦੀ ਸੋਚ ਅਤੇ ਮਿਸ਼ਨ ਨੂੰ ਜਾਰੀ ਰੱਖਣ ਦੀ ਅਪੀਲ ਕੀਤੀ।

## ਕੈਲਗਰੀ (ਕੈਨੇਡਾ) ਵਿੱਚ ਤਰਕਸ਼ੀਲ ਮੇਲਾ

16 ਅਗਸਤ ਦਿਨ ਸ਼ਨੀਵਾਰ ਨੂੰ ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਇਕਾਈ ਕੈਲਗਰੀ ਵੱਲੋਂ ਚੈਸਟਰਮੀਅਰ ਦੇ ਕਮਿਊਨਿਟੀ ਹਾਲ ਵਿੱਚ ਤਰਕਸ਼ੀਲ ਮੇਲਾ ਕਰਵਾਇਆ ਗਿਆ। ਜਿਸ ਵਿੱਚ ਡਾ: ਸੁਰਿੰਦਰ ਸ਼ਰਮਾ ਵੱਲੋਂ ਨਿਰਦੇਸ਼ਤ ਕੀਤਾ ਗਿਆ ਨਾਟਕ "ਛਿਪਣ ਤੋਂ ਪਹਿਲਾਂ" ਕੈਲਗਰੀ ਦੇ ਸਥਾਨਕ ਕਲਾਕਾਰਾਂ ਵੱਲੋਂ ਖੇਡਿਆ ਗਿਆ। ਖਚਾਖਚ ਭਰੇ ਹਾਲ ਵਿੱਚ ਹਰ ਅੱਖ ਵਿੱਚੋਂ ਹੰਝੂ ਕਿਰੇ। ਸੁਰਿੰਦਰ ਸ਼ਰਮਾ ਨੇ ਕਮਾਲ ਦੀ ਪੇਸ਼ਕਾਰੀ ਕਰਕੇ ਦਰਸ਼ਕਾਂ ਨੂੰ ਭਾਵੁਕ ਕਰ ਦਿੱਤਾ। ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਕੈਨੇਡਾ ਦੇ ਪ੍ਰਧਾਨ ਬਲਦੇਵ ਰਹਿਪਾ ਜੀ ਬਰੈਂਪਟਨ ਤੋਂ ਮੁੱਖ ਮਹਿਮਾਨ ਦੇ ਤੌਰ ਤੇ ਹਾਜ਼ਿਰ ਹੋਏ ਅਤੇ ਆਪਣੇ ਵਿਚਾਰ ਪੇਸ਼ ਕੀਤੇ। ਤਰਕਸ਼ੀਲ ਸੁਸਾਇਟੀ ਐਬਟਸਫੋਰਡ ਦੀ ਟੀਮ ਵੀ ਇਸ ਮੇਲੇ ਦਾ ਹਿੱਸਾ ਬਣੀ। ਬੀਰਬਲ ਭਦੌੜ, ਗੁਰਪ੍ਰੀਤ ਭਦੌੜ, ਬਲਦੇਵ ਭਦੌੜ ਦੁਆਰਾ ਕੀਤੇ ਜਾਦੂ ਦੇ ਟਰਿੱਕ ਵੀ ਖਿੱਚ ਦਾ ਕੇਂਦਰ ਰਹੇ। ਗੁਰਪ੍ਰੀਤ ਨੇ ਟਰਿੱਕਾਂ ਦੇ ਨਾਲ-ਨਾਲ ਦਰਸ਼ਕਾਂ ਨੂੰ ਹਸਾ ਹਸਾ ਕੇ ਢਿੱਡੀ ਪੀੜਾਂ ਪਾ ਦਿੱਤੀਆਂ।

ਇਸ ਮੌਕੇ ਚੈਸਟਰਮੀਅਰ ਦੀ ਕੌਂਸਲਰ ਕਿਰਨ ਰੰਧਾਵਾ ਨੇ ਵੀ ਆਪਣੇ ਵਿਚਾਰ ਰੱਖੇ। ਮੇਲੇ ਵਿੱਚ ਸੰਤ ਰਾਮ ਉਦਾਸੀ ਦੇ ਗੀਤਾਂ ਨੂੰ ਸਿਮਰਿਤਾ ਦੀ ਪੇਸ਼ਕਾਰੀ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਪ੍ਰੋਗਰਾਮ ਦੇ ਅਖੀਰ ਵਿੱਚ ਪ੍ਰਧਾਨ ਦਰਸ਼ਨ ਔਜਲਾ ਨੇ ਆਏ ਮਹਿਮਾਨਾਂ, ਦਰਸ਼ਕਾਂ ਦਾ ਧੰਨਵਾਦ ਕੀਤਾ। ਪ੍ਰੋਗਰਾਮ ਦਾ ਸਟੇਜ ਸੰਚਾਲਨ ਬੀਰਬਲ ਭਦੌੜ, ਜਨਰਲ ਸੱਕਤਰ ਤਰਕਸ਼ੀਲ (ਰੈਸ਼ਨਲਿਸਟ) ਸੁਸਾਇਟੀ ਕਨੇਡਾ ਨੇ ਬਾਖੂਬੀ ਨਿਭਾਇਆ।

ਇਹ ਮੇਲਾ ਡਾ: ਬਲਜਿੰਦਰ ਸੇਖੋਂ, ਮੀਡੀਆ ਸਕੱਤਰ ਤਰਕਸ਼ੀਲ ਸੁਸਾਇਟੀ ਕੈਨੇਡਾ ਦੀ ਯਾਦ ਨੂੰ ਸਮਰਪਿਤ ਸੀ।

***ਬੀਰਬਲ ਭਦੌੜ***

ਡਾਕਟਰ ਬਲਜਿੰਦਰ ਸੇਖੋਂ ਸ਼ੁਰੂ ਤੋਂ ਹੀ ਤਰਕਸ਼ੀਲ ਮੈਗਜ਼ੀਨ ਨਾਲ ਜੁੜੇ ਰਹੇ ਸਨ। ਉਨ੍ਹਾਂ ਕੋਲ ਗਿਆਨ ਦਾ ਵਿਸ਼ਾਲ ਭੰਡਾਰ ਸੀ। ਤਰਕਸ਼ੀਲ ਵਿੱਚ ਚਲਦੇ ਰਹੇ ਸ਼ੰਕਾ ਨਵਿਰਤੀ ਕਾਲਮ ਲਈ ਪਾਠਕਾਂ ਵੱਲੋਂ ਪੁੱਛੇ ਜਾਂਦੇ ਬਹੁਤ ਸਾਰੇ ਸਵਾਲਾਂ ਦਾ ਉੱਤਰ ਲੈਣ ਲਈ ਅਸੀਂ ਉਨ੍ਹਾਂ ਨਾਲ ਸੰਪਰਕ ਕਰਦੇ ਅਤੇ ਉਨ੍ਹਾਂ ਤੋਂ ਸੰਤੁਸ਼ਟੀਜਨਕ ਜਾਣਕਾਰੀ ਹਾਸਲ ਕਰਦੇ। ਉਹ ਵਿਗਿਆਨਕ ਸੋਚ ਨਾਲ ਪੂਰੀ ਤਰ੍ਹਾਂ ਪ੍ਰਤੀਬੱਧ ਸਨ ਅਤੇ ਰੱਬ ਦੀ ਹੋਂਦ ਵਰਗੇ ਸਵਾਲਾਂ ਉੱਤੇ ਵੀ ਕਦੇ ਗੋਲਮੋਲ ਗੱਲਾਂ ਨਹੀਂ ਕਰਦੇ ਸਨ। ਉਨ੍ਹਾਂ ਦਾ ਸਦੀਵੀ ਵਿਛੋੜਾ ਅਦਾਰਾ ਤਰਕਸ਼ੀਲ ਲਈ ਵੀ ਵੱਡਾ ਘਾਟਾ ਹੈ। ਅਦਾਰਾ ਡੂੰਘੇ ਦੁੱਖ ਦਾ ਇਜ਼ਹਾਰ ਕਰਦਾ ਹੈ।

# ਇੰਗਲੈਂਡ ਦੇ ਤਰਕਸ਼ੀਲ ਸਾਥੀਆਂ ਨਾਲ ਮਿਲਣੀ

ਏਸ਼ੀਅਨ ਰੈਸ਼ਨਲਿਸਟ ਸੁਸਾਇਟੀ ਬ੍ਰਿਟੇਨ ਵੱਲੋਂ ਤਰਕਸ਼ੀਲ ਦੇ ਸਾਬਕਾ ਸੰਪਾਦਕ ਪ੍ਰੋ. ਰਾਜਿੰਦਰ ਪਾਲ ਸਿੰਘ ਨਾਲ 29 ਜੁਲਾਈ 2025 ਨੂੰ ਬਰਮਿੰਘਮ ਦੇ ਨਵੇਂ ਬਣੇ ਤਰਕਸ਼ੀਲ ਭਵਨ ਵਿੱਚ ਤਰਕਸ਼ੀਲ ਲਹਿਰ ਦੇ ਇਤਿਹਾਸ, ਦੇਣ, ਪ੍ਰਸੰਗਕਤਾ, ਚੁਣੌਤੀਆਂ ਅਤੇ ਮੌਕਿਆਂ ਬਾਰੇ ਮਿਲਣੀ ਕਰਵਾਈ ਗਈ। ਰਾਜਿੰਦਰ ਪਾਲ ਹੋਰਾਂ ਨੇ ਦੱਸਿਆ ਕਿ ਜਿਸ ਸਮੇਂ ਤਰਕਸ਼ੀਲ ਲਹਿਰ ਚੱਲੀ ਉਸ ਸਮੇਂ ਪੰਜਾਬ ਵਿੱਚ ਧਾਰਮਿਕ ਫਿਰਕਾਪ੍ਰਸਤੀ ਜੋਰਾਂ ਉਪਰ ਸੀ, ਇਸ ਦੇ ਬਾਵਜੂਦ ਇਸ ਵਿਚਾਰਧਾਰਾ ਨੇ ਆਪਣੀਆਂ ਜੜ੍ਹਾਂ ਲਗਾਈਆਂ। ਅਬਰਾਹਮ ਟੀ. ਕਾਵੂਰ ਦੀ ਪੁਸਤਕ ਦੇ ਅਨੁਵਾਦ ਦਾ ਜ਼ਿਕਰ ਕਰਦਿਆਂ ਉਸਦੀ ਮਹੱਤਤਾ ਉੱਤੇ ਵੀ ਚਾਨਣਾ ਪਾਇਆ। ਉਨ੍ਹਾਂ ਇਹ ਗੱਲ ਆਖੀ ਕਿ ਦਵੰਦਾਤਮਕ ਪਦਾਰਥਵਾਦ ਦੇ ਧਾਰਨੀ ਮਾਰਕਸਵਾਦੀ ਲੋਕ ਪਹਿਲਾਂ ਵੀ ਕਿਸੇ ਗ਼ੈਬੀ ਸ਼ਕਤੀ ਨੂੰ ਨਹੀਂ ਮੰਨਦੇ ਸਨ ਪਰ ਉਨ੍ਹਾਂ ਕੋਲ ਅਜੀਬ ਜਾਪਦੀਆਂ ਕੱਪੜੇ ਕੱਟਣ ਜਾਂ ਅੱਗ ਲੱਗ ਜਾਣ ਵਰਗੀਆਂ ਘਟਨਾਵਾਂ ਦੀ ਕੋਈ ਵਿਗਿਆਨਕ ਵਿਆਖਿਆ ਨਹੀਂ ਸੀ ਜੋ ਕਿ ਤਰਕਸ਼ੀਲ ਸੁਸਾਇਟੀ ਨੇ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਅੱਜ ਦੀਆਂ ਚੁਣੌਤੀਆਂ ਦੀ ਗੱਲ ਕਰਦਿਆਂ ਕਿਹਾ ਕਿ ਅੱਜ ਇੱਕ ਪਾਸੇ ਤਾਂ ਭਾਰਤ ਵਿੱਚ ਸੱਜ ਪਿਛਾਖੜੀ ਲੋਕ ਧਾਰਮਿਕ ਅੰਧਵਿਸ਼ਵਾਸ ਨੂੰ ਵਧਾਵਾ ਦੇ ਰਹੇ ਹਨ ਇਸ ਦੇ ਨਾਲ ਹੀ ਆਰਟੀਫਿਸ਼ੀਅਲ ਇੰਟੈਲੀਜੈਂਸ ਵਰਗੀਆਂ ਵਿਗਿਆਨਕ ਕਾਢਾਂ ਦੀ ਵਰਤੋਂ ਸਰਮਾਏਦਾਰੀ ਆਪਣੇ ਹਿੱਤ ਲਈ ਕਰ ਰਹੀ ਹੈ। ਸਿੱਟੇ ਵਜੋਂ ਆਉਣ ਵਾਲੇ ਸਮੇਂ ਵਿੱਚ ਮਨੁੱਖ ਬੇਰੁਜ਼ਗਾਰ ਹੀ ਨਹੀਂ, ਸਗੋਂ ਗੈਰ-ਪ੍ਰਸੰਗਕ ਵੀ ਹੋ ਜਾਵੇਗਾ ਜਿਸ ਨਾਲ ਮਾਨਸਿਕ ਬਿਮਾਰੀਆਂ ਹੋਰ ਵਧਣਗੀਆਂ। ਵਿਅਕਤੀਆਂ ਨੂੰ ਵਿਹਲੇ ਕਰਕੇ ਕੁਝ ਮੁਢਲੀਆਂ ਜਰੂਰਤਾਂ ਤੱਕ ਸੀਮਤ ਕੀਤਾ ਜਾਵੇਗਾ। ਉਨ੍ਹਾਂ ਨੂੰ ਅਜਿਹੇ ਮਨੋਰੰਜਨੀ ਸੰਸਾਰ ਵਿੱਚ ਧੱਕਿਆ ਜਾਵੇਗਾ ਜਿੱਥੇ ਉਨ੍ਹਾਂ ਦੀ ਸੋਚ ਨੂੰ ਖੁੰਢਾ ਕੀਤਾ ਜਾਵੇਗਾ ਇਸੇ ਵਿੱਚੋਂ ਖ਼ੁਦਕੁਸ਼ੀ ਅਤੇ ਹੋਰ ਅਪਰਾਧਕ ਹਿੰਸਾ ਕਰਨ ਦੀ ਭਾਵਨਾ ਉਪਜਦੀ ਹੈ। ਜ਼ਿੰਦਗੀ ਪ੍ਰਤੀ ਮੋਹ ਘਟਦਾ ਹੈ ਅਤੇ ਬੇਗਾਨਗੀ ਪੈਦਾ ਹੁੰਦੀ ਹੈ।

ਫ਼ਿਕਰ ਦੀ ਗੱਲ ਹੈ ਕਿ ਆਮ ਮਨੁੱਖ ਦੀ ਸੰਵੇਦਨਸ਼ੀਲਤਾ ਮਰ ਰਹੀ ਹੈ। ਇਸਦੀ ਤਾਜਾ ਉਦਾਹਰਣ ਹੈ ਕਿ ਜੋ ਕੁਝ ਗਾਜ਼ਾ ਵਿੱਚ ਹੋ ਰਿਹਾ ਉਸ ਦਾ ਜਿਸ ਕਿਸਮ ਨਾਲ ਵਿਰੋਧ ਹੋਣਾ ਚਾਹੀਦਾ ਹੈ, ਉਸ ਤਰ੍ਹਾਂ ਨਹੀਂ ਹੋ ਰਿਹਾ। ਦੂਸਰਾ ਫਿਕਰ ਇਹ ਹੈ ਕਿ ਭਾਰਤ ਦੀ ਕੇਂਦਰ ਵਿੱਚ ਰਾਜ ਕਰ ਰਹੀ ਪਾਰਟੀ ਨੇ ਧਰੁਵੀਕਰਨ ਚਲਾਇਆ ਹੋਇਆ ਹੈ। ਇਸ ਨਾਲ ਵਿਗਿਆਨਕ ਸੋਚ ਵਾਲੇ ਲੋਕਾਂ ਨੂੰ ਜਿਵੇਂ ਮਾਰਿਆ ਗਿਆ ਹੈ, ਜੇਲ੍ਹਾਂ ਵਿੱਚ ਸੁੱਟਿਆ ਜਾ ਰਿਹਾ ਹੈ ਉਸ ਸਥਿਤੀ ਵਿੱਚ ਤਰਕਸ਼ੀਲ ਵਿਗਿਆਨਕ ਸੋਚ ਅੱਗੇ ਵੱਡੀਆਂ ਚੁਣੌਤੀਆਂ ਹਨ। ਇਸਦਾ ਹੱਲ ਇਹੀ ਬਣਦਾ ਹੈ ਕਿ ਸਹੀ ਵਿਗਿਆਨਕ ਸੋਚ ਵਾਲੀਆਂ ਖੱਬੇ ਪੱਖੀ ਜਥੇਬੰਦੀਆਂ ਨੂੰ ਆਪਣੀਆਂ ਛੋਟੀਆਂ ਨਿੱਜੀ ਵਿਰੋਧਤਾਈਆਂ ਨੂੰ ਪਾਸੇ ਰੱਖ ਕੇ ਲਹੂ ਚੂਸ ਗੈਰ-ਵਿਗਿਆਨਕ ਸੋਚ ਨਾਲ ਵੱਡੀ ਵਿਰੋਧਤਾਈ ਨੂੰ ਮੁੱਖ ਰੱਖਦਿਆਂ ਲੜਾਈ ਲੜਨੀ ਚਾਹੀਦੀ ਹੈ। ਸੋਸ਼ਲ ਮੀਡੀਆ ਦੇ ਪ੍ਰਯੋਗ ਵਿੱਚ ਵੀ ਅਸੀਂ ਪਿੱਛੇ ਹਾਂ। ਸ਼ਾਇਦ ਉਸ ਦਾ ਕਾਰਨ ਇਹ ਹੈ ਕਿ ਵਧੇਰੇ ਨੌਜਵਾਨ ਤਬਕਾ ਸਾਡੇ ਤੋਂ ਦੂਰ ਹੈ, ਉਨ੍ਹਾਂ ਨੂੰ ਲਿਆਉਣਾ ਸਾਡੀ ਪਹਿਲ ਹੋਣੀ ਚਾਹੀਦੀ ਹੈ। ਉਨ੍ਹਾਂ ਇੰਗਲੈਂਡ ਦੇ ਸਾਥੀਆਂ ਦੀ ਸ਼ਲਾਘਾ ਕੀਤੀ ਕਿ ਜਿਨ੍ਹਾਂ ਨੇ ਸਮੇਂ ਸਮੇਂ ਸਿਰ ਭਾਰਤ ਦੀ ਤਰਕਸ਼ੀਲ ਲਹਿਰ ਦੀ ਵਿਤੀ ਸਹਾਇਤਾ ਕੀਤੀ।

ਇਸ ਸਮੇਂ ਤਰਕਸ਼ੀਲ ਲਹਿਰ ਦੀ ਪੁਰਾਣੀ ਆਗੂ ਚਰਨਜੀਤ ਕੌਰ ਨੇ ਆਪਣੇ ਸੰਬੋਧਨ ਵਿੱਚ ਆਪਣੇ ਤਰਕਸ਼ੀਲ ਲਹਿਰ ਨਾਲ ਤਜਰਬੇ ਵੀ ਸਾਂਝੇ ਕੀਤੇ ਅਤੇ ਇਸ ਗੱਲ ਤੇ ਵੀ ਜ਼ੋਰ ਦਿੱਤਾ ਕਿ ਸਾਨੂੰ ਕੱਟੜਤਾ ਤਿਆਗਣੀ ਚਾਹੀਦੀ ਹੈ ਅਤੇ ਨਾਲ ਦੀ ਨਾਲ ਹੀ ਔਰਤਾਂ ਨੂੰ ਵੀ ਸਰਗਰਮ ਕਰਨਾ ਚਾਹੀਦਾ ਹੈ। ਇਸ ਮੌਕੇ ਤੇ ਭਗਵੰਤ ਸਿੰਘ, ਸਚਦੇਵ ਵਿਰਦੀ, ਨਵਦੀਪ ਸਿੰਘ, ਅਵਤਾਰ ਤਾਰੀ, ਹਰੀਸ਼ ਮਲਹੋਤਰਾ, ਜਸਵਿੰਦਰ ਰੱਤੀਆਂ, ਪਰਮਜੀਤ ਆਦਿ ਤੋਂ ਇਲਾਵਾ ਲੈਸਟਰ ਅਤੇ ਬਰਮਿੰਘਮ ਦੇ ਹੋਰ ਵਿਚਾਰਵਾਨ ਵੀ ਸ਼ਾਮਿਲ ਸਨ ਅਤੇ ਉਨ੍ਹਾਂ ਵਿਚਾਰ ਵਟਾਂਦਰੇ ਵਿੱਚ ਹਿੱਸਾ ਵੀ ਲਿਆ।

## ਸਹਾਇਤਾ

**ਜ਼ੋਨ ਚੰਡੀਗੜ੍ਹ ਨੂੰ**

1. ਅਸ਼ੋਕ ਕੁਮਾਰ ਸੰਘੋਲ ਵੱਲੋਂ ਆਪਣੀ ਪੋਤੀ ਦੇ ਜਨਮ ਦੀ ਖੁਸ਼ੀ ਵਿੱਚ 1000 ਰੁਪਏ

**ਇਕਾਈ ਰੋਪੜ ਨੂੰ**

1. ਸੇਵਾਮੁਕਤ ਪ੍ਰਿੰਸੀਪਲ ਰਾਮਪਾਲ ਕਟਾਰੀਆ 1000 ਰੁਪਏ

**ਇਕਾਈ ਬਸੀ ਪਠਾਣਾਂ ਨੂੰ**

1. ਕੰਵਲਜੀਤ ਸਿੰਘ ਐਡਵੋਕੇਟ ਵੱਲੋਂ ਆਪਣੀ ਮਾਤਾ ਜੀ ਦੀ ਯਾਦ ਵਿੱਚ 5000 ਰੁਪਏ
2. ਕੁਲਵੰਤ ਸਿੰਘ ਵੱਲੋਂ ਸਫਰੀ ਭੱਤਾ ਮਿਲਣ 'ਤੇ 1000 ਰੁਪਏ
3. ਸੰਦੀਪ ਸਿੰਘ ਵੱਲੋਂ ਚੀਫ ਫਾਰਮਾਸਿਸਟ ਵਜੋਂ ਪ੍ਰਮੋਸ਼ਨ ਹੋਣ 'ਤੇ 1000 ਰੁਪਏ

ਕਹਾਣੀ

# ਚੇਤਨਾ ਪਰਖ ਪ੍ਰੀਖਿਆ

"ਭਾਪਾ ਜੀ,ਅੱਜ ਸਾਡੇ ਸਕੂਲ ਵਿੱਚ ਤਰਕਸ਼ੀਲ ਮੈਂਬਰ ਆਏ ਸੀ, ਉਹ ਬੱਚਿਆਂ ਨੂੰ ਚੇਤਨਾ ਪਰਖ ਪ੍ਰੀਖਿਆ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰ ਰਹੇ ਸਨ। ਉਹ ਬੱਚਿਆਂ ਨੂੰ ਵਹਿਮਾਂ, ਭਰਮਾਂ ਅਤੇ ਹੋਰ ਅੰਧਵਿਸ਼ਵਾਸਾਂ ਵਿੱਚੋਂ ਕੱਢ ਕੇ ਵਿਗਿਆਨਕ ਅਤੇ ਇਨਕਲਾਬੀ ਸੋਚ ਨਾਲ ਜੋੜਨ ਦਾ ਉਪਰਾਲਾ ਕਰ ਰਹੇ ਹਨ। ਸਾਡੇ ਸਕੂਲ ਦੇ 120 ਬੱਚੇ ਇਸ ਮੁਕਾਬਲੇ ਵਿੱਚ ਭਾਗ ਲੈ ਰਹੇ ਹਨ। ਮੈਂ ਵੀ ਇਸ ਮੁਕਾਬਲੇ ਵਿੱਚ ਭਾਗ ਲੈਣ ਲਈ ਆਪਣਾ ਨਾਮ ਲਿਖਵਾ ਦਿੱਤਾ ਹੈ। ਤਰਕਸ਼ੀਲਾਂ ਨੇ ਸਾਰੇ ਬੱਚਿਆਂ ਨੂੰ ਪੜ੍ਹਨ ਲਈ ਆਪਣੀਆਂ ਕਿਤਾਬਾਂ ਦਿੱਤੀਆਂ ਸਨ। ਕਿਤਾਬ ਦੀ ਕੀਮਤ ਵੀ ਬਹੁਤੀ ਨਹੀਂ। ਇਸ ਕਰਕੇ ਤੁਸੀਂ ਮੈਨੂੰ ਚਾਲੀ ਰੁਪਏ ਦੇ ਦਿਉ। ਨੌਵੀਂ ਵਿੱਚ ਪੜ੍ਹਦੀ ਕੁੜੀ ਸਰਬਜੀਤ ਕੌਰ (ਸੱਭੀ) ਨੇ ਆਪਣੇ ਬਾਪ ਨੂੰ ਸਮਝਾਉਂਦਿਆਂ ਕਿਤਾਬ ਲਈ ਪੈਸੇ ਮੰਗੇ।

"ਵੇਖ ਧੀ ਰਾਣੀ ਸੱਭੀਏ, ਤੂੰ ਪਿਛਲੇ ਸਾਲ ਵੀ ਇਕ ਧਾਰਮਿਕ ਮੁਕਾਬਲੇ ਵਿੱਚ ਭਾਗ ਲਿਆ ਸੀ। ਤੇਰੀ ਮੰਮੀ ਨੇ ਤੈਨੂੰ ਸੌ ਰੁਪਏ ਦਾ ਇਕ ਰਜਿਸਟਰ ਖਰੀਦ ਕੇ ਦਿੱਤਾ ਸੀ। ਤੂੰ ਇਕ ਧਾਰਮਿਕ ਸ਼ਬਦ ਲਿਖ-ਲਿਖ ਕੇ, ਰਾਤ-ਦਿਨ ਇਕ ਕਰਕੇ ਸਾਰਾ ਰਜਿਸਟਰ ਕਾਲਾ ਕਰ ਦਿੱਤਾ ਸੀ। ਤਿੰਨ ਲੱਖ ਤੋ ਵੱਧ ਵਾਰ ਇਕ ਧਾਰਮਿਕ ਸ਼ਬਦ ਲਿਖ ਕੇ ਤੂੰ ਸਕੂਲ ਵਿੱਚੋਂ ਤੀਸਰੇ ਨੰਬਰ ਤੇ ਆਈ ਸੀ। ਨਾ ਤੈਨੂੰ ਕੋਈ ਇਨਾਮ ਮਿਲਿਆ ਸੀ ਨਾ ਕੋਈ ਪ੍ਰਸੰਸਾ ਪੱਤਰ ਮਿਲਿਆ ਸੀ। ਤੂੰ ਰਾਤ ਦਿਨ ਇਕ ਕਰਕੇ ਉਹ ਰਜਿਸਟਰ ਭਰਿਆ ਸੀ।"

"ਤੂੰ ਪਿਛਲੀਆਂ ਕਲਾਸਾਂ ਵਿੱਚ ਆਪਣੀ ਜਮਾਤ ਵਿੱਚੋਂ ਫਸਟ ਆਉਂਦੀ ਰਹੀ ਸੀ। ਧਾਰਮਿਕ ਮੁਕਾਬਲੇ ਵਿੱਚ ਭਾਗ ਲੈਣ ਕਰਕੇ ਤੂੰ ਮਸਾਂ ਪਾਸ ਹੋਈ ਸੀ। ਰੱਬ ਦਾ ਵਾਸਤਾ ਇਹੋ ਜਿਹੇ ਫਾਲਤੂ ਮੁਕਾਬਲਿਆਂ ਵਿੱਚ ਭਾਗ ਲੈਣ ਦਾ ਖਹਿੜਾ ਛੱਡ। ਆਪਣੇ ਸਕੂਲ ਦੇ ਸਿਲੇਬਸ ਵਲ ਪੂਰਾ ਧਿਆਨ ਦੇ। ਮੈਂ ਤੇਰੇ ਤੋਂ ਆਸ ਕਰਦਾ ਹਾਂ, ਤੂੰ ਹਰ ਕਲਾਸ ਵਿੱਚੋਂ ਫਸਟ ਆਵੇਂ। ਬਾਪ ਨਛੱਤਰ ਸਿੰਘ ਨੇ ਕੁੜੀ ਨੂੰ ਮੁਕਾਬਲੇ ਵਿੱਚ ਭਾਗ ਲੈਣ ਤੋਂ ਰੋਕਣ ਲਈ ਪੂਰੀ ਵਾਹ ਲਾਉਂਦਿਆਂ ਆਖਿਆ।

ਭਾਪਾ ਜੀ, ਪਿਛਲੇ ਸਾਲ ਧਾਰਮਿਕ ਮੁਕਾਬਲੇ ਵਿੱਚ ਭਾਗ ਲੈਣ ਦਾ ਮੈਨੂੰ ਖੁਦ ਨੂੰ ਪਛਤਾਵਾ ਹੈ। ਪਰੰਤੂ ਤਰਕਸ਼ੀਲਾਂ ਵਲੋਂ ਦਿੱਤੀ ਕਿਤਾਬ ਜੀਵਨ ਜਾਚ ਵੀ ਸਿਖਾਉਂਦੀ ਅਤੇ ਵਿਗਿਆਨਕ ਸੋਚ ਨਾਲ ਵੀ ਜੋੜਦੀ ਹੈ। ਇਹ ਕਿਤਾਬ ਪੜ੍ਹਨ ਦਾ ਇਕ ਫਿਲਮ ਵੇਖਣ ਦੀ ਤਰ੍ਹਾਂ ਨਜ਼ਾਰਾ ਆਉਂਦਾ ਹੈ। ਇਹ ਕਿਤਾਬ ਸਿਹਤ ਸਬੰਧੀ ਅਤੇ ਗਰੀਬੀ ਦੇ ਕਾਰਨਾਂ ਸਬੰਧੀ ਵੀ ਜਾਗਰੂਕ ਕਰਦੀ ਹੈ। ਰਹੀ ਗੱਲ ਸਕੂਲੀ ਪੜ੍ਹਾਈ ਦਾ ਹਰਜਾ ਹੋਣ ਦੀ। ਇਹ ਕਿਤਾਬ ਦੋ ਦਿਨ ਵਿੱਚ ਅਰਾਮ ਨਾਲ ਪੜ੍ਹੀ ਜਾ ਸਕਦੀ ਹੈ। ਇਨ੍ਹਾਂ ਦੀ ਕਿਤਾਬ ਜ਼ਿੰਦਗੀ ਦੇ ਮੁਸ਼ਕਿਲ ਤੋਂ ਮੁਸ਼ਕਿਲ ਮੋੜਾਂ 'ਤੇ, ਅਰਦਾਸਾਂ, ਅਰਜੋਈਆਂ, ਪ੍ਰਾਰਥਨਾਵਾਂ ਕਰਨ ਤੋਂ ਬਗੈਰ, ਸਹੀ ਫੈਸਲਾ ਲੈ ਕੇ ਆਪਣੇ ਬਲਬੂਤੇ ਅੱਗੇ ਵਧਣ ਦਾ ਰਸਤਾ ਦਸਦੀ ਹੈ। ਬੱਚਿਆਂ ਨੂੰ ਜ਼ਿੰਮੇਵਾਰ ਨਾਗਰਿਕ ਬਣਾ ਕੇ ਵਧੀਆ ਸਮਾਜ ਸਿਰਜਣ ਦਾ ਕੰਮ ਕਰਦੀ ਹੈ। ਇਸ ਤੋਂ ਇਲਾਵਾ ਜੋਤਸ਼ੀਆਂ, ਭੂਤ-ਪ੍ਰੇਤਾਂ, ਚੁੜੇਲਾਂ, ਸਲੇਡਿਆਂ ਆਦਿ ਦੀ ਹੋਂਦ ਨੂੰ ਨਕਾਰ ਕੇ ਮਾਨਸਿਕ ਰੋਗੀਆਂ ਤੱਕ ਵੀ ਠੀਕ ਕਰਦੀ ਹੈ। ਮੁੱਕਦੀ ਗਲ ਮੈਂ ਇਸ ਚੇਤਨਾ ਪਰਖ ਪ੍ਰੀਖਿਆ ਵਿੱਚ ਜਰੂਰ ਭਾਗ ਲੈਣਾ ਹੈ" ਕੁੜੀ ਸੱਭੀ ਨੇ ਆਪਣੇ ਝੋਲੇ ਵਿੱਚੋਂ ਤਰਕਸ਼ੀਲ ਕਿਤਾਬ ਆਪਣੇ ਬਾਪ ਨੂੰ ਫੜਾਉਂਦਿਆਂ ਜੱਜ ਵਾਂਗ ਹੁਕਮ ਦਿੱਤਾ ।

ਬਾਪ ਧੀ ਦੇ ਦ੍ਰਿੜ ਇਰਾਦੇ ਅਤੇ ਪੱਕੇ ਫੈਸਲੇ ਅੱਗੇ ਇਸ ਤਰ੍ਹਾਂ ਨਿਰਉੱਤਰ ਹੋ ਗਿਆ ਜਿਵੇਂ ਜਖਮੀ ਪੋਰਸ ਅੱਗੇ ਮਹਾਨ ਸਿਕੰਦਰ ਨਿਰਉੱਤਰ ਹੋ ਗਿਆ ਸੀ। "ਧੀਏ! ਮੈਂ ਤਰਕਸ਼ੀਲਾਂ ਬਾਰੇ ਪਹਿਲਾਂ ਵੀ ਸੁਣਿਆ ਹੈ। ਇਹ ਕਿਸੇ ਦੇ ਘਰੇ ਇੱਟਾਂ-ਰੋੜੇ ਵੱਜਦੇ ਹੋਣ, ਕਿਸੇ ਦੇ ਘਰੇ ਖੂਨ ਦੇ ਛਿੱਟੇ ਵੱਜਦੇ ਹੋਣ, ਕਿਸੇ ਦੇ ਘਰੇ ਪੇਟੀ ਵਿੱਚ ਬੰਦ ਪਏ ਕੱਪੜੇ ਕੱਟੇ ਜਾਂਦੇ ਹੋਣ, ਕਿਸੇ ਨੂੰ ਬਾਬੇ ਪਹਾੜਾਂ ਵਾਲੇ ਦੀ ਖੇਡ ਆਉਂਦੀ ਹੋਵੇ। ਇਹੋ ਜਿਹੇ ਹਜਾਰਾਂ ਕੇਸ ਇਨ੍ਹਾਂ ਨੇ ਹੱਲ ਕੀਤੇ ਹਨ। ਇਹ ਤਰਕਸ਼ੀਲ ਪਤਾ ਨਹੀਂ ਕਿਹੜੀ ਮਿੱਟੀ ਦੇ ਬਣੇ ਹਨ, ਆਪਣੇ ਕੋਲੋਂ ਪੈਸੇ ਖਰਚ ਕੇ, ਆਪਣੇ ਕੀਮਤੀ ਟਾਈਮ ਦੀ ਪਰਵਾਹ ਕੀਤੇ ਬਗੈਰ ਅੰਧਵਿਸ਼ਵਾਸ ਦੇ ਪਹਾੜਾਂ ਨਾਲ ਟੱਕਰ ਲੈ ਰਹੇ ਹਨ।

"ਮੇਰੀਏ ਲਾਡਲੀਏ ਧੀਏ, ਜੇਕਰ ਕਿਸੇ ਗਰੀਬ ਬੱਚੇ ਕੋਲੋਂ ਕਿਤਾਬ ਖਰੀਦਣ ਲਈ ਪੈਸੇ ਨਾ ਹੋਏ, ਉਸ ਨੂੰ ਵੀ ਤੂੰ ਪੈਸੇ ਦੇ ਦੇਵੀਂ। ਮੈ ਹੁਣ ਦਾਰੂ ਨਹੀਂ ਪੀਵਾਂਗਾ। ਇਹ ਪੈਸੇ ਮੈਂ ਗਰੀਬ ਬੱਚਿਆਂ ਨੂੰ ਕਿਤਾਬ ਲੈਣ ਲਈ ਚੰਗੇ ਕੰਮ ਤੇ ਲਾਵਾਂਗਾ।" ਬਾਪ ਨਛੱਤਰ ਸਿੰਘ ਨੇ ਪ੍ਰੀਖਿਆ ਦੀ ਕਿਤਾਬ ਨੂੰ ਛੇਤੀ-ਛੇਤੀ ਫਰੋਲਦਿਆਂ, ਆਪਣੀ ਕੁੜੀ ਸੱਭੀ ਨੂੰ ਪੰਜ ਸੌ ਦਾ ਨੋਟ ਫੜਾਉਂਦਿਆਂ ਆਖਿਆ।

**ਸੁਖਵਿੰਦਰ ਸਿੰਘ ਖਾਰੇ ਵਾਲੇ ਦੀ ਕਲਮ ਤੋਂ,**
**95305 79175**

# ਸਰਗਰਮੀਆਂ

**ਜੁਲਾਈ ਅਤੇ ਅਗਸਤ ਮਹੀਨੇ ਦੌਰਾਨ ਤਰਕਸ਼ੀਲ ਸੁਸਾਇਟੀ ਦੀਆਂ ਸਭਨਾਂ ਇਕਾਈਆਂ ਦੇ ਕਾਰਕੁੰਨਾਂ ਵੱਲੋਂ ਸੱਤਵੀਂ ਚੇਤਨਾ ਪਰਖ ਪ੍ਰੀਖਿਆ ਲਈ ਸਕੂਲਾਂ ਵਿੱਚ ਜਾ ਕੇ ਵਿਦਿਆਰਥੀਆਂ ਨੂੰ ਇਸ ਪ੍ਰੀਖਿਆ ਲਈ ਪ੍ਰੇਰਿਤ ਕਰਨ, ਕਿਤਾਬਾਂ ਦੇਣ, ਰਜਿਸਟਰੇਸ਼ਨ ਕਰਨ, ਪ੍ਰੀਖਿਆ ਦੇ ਪ੍ਰਬੰਧ ਕਰਨ ਅਤੇ ਪ੍ਰੀਖਿਆ ਲੈਣ ਵਿੱਚ ਬਹੁਤ ਮਿਹਨਤ ਕੀਤੀ ਗਈ। ਇਸ ਵੱਡੀ ਮੁਹਿੰਮ ਵਿੱਚ ਰੁੱਝੇ ਹੋਣ ਦੇ ਬਾਵਜੂਦ ਵੱਖ ਵੱਖ ਜ਼ੋਨਾਂ ਅਤੇ ਇਕਾਈਆਂ ਵੱਲੋਂ ਹੋਰ ਸਰਗਰਮੀਆਂ ਵੀ ਜਾਰੀ ਰਹੀਆਂ, ਜਿਨ੍ਹਾਂ ਦਾ ਵੇਰਵਾ ਹੇਠ ਦਿੱਤਾ ਜਾ ਰਿਹਾ ਹੈ।**

## ਤਰਕਸ਼ੀਲ ਮੈਂਬਰਾਂ ਦੀ ਸਿੱਖਿਆ ਅਤੇ ਬੌਧਿਕ ਵਿਕਾਸ ਸਬੰਧੀ ਸਰਗਰਮੀਆਂ

### ਚੰਡੀਗੜ੍ਹ ਜ਼ੋਨ ਦੀ ਵਰਕਸ਼ਾਪ

29 ਜੂਨ ਨੂੰ ਚੰਡੀਗੜ੍ਹ ਜ਼ੋਨ ਵੱਲੋਂ ਖਰੜ ਵਿਖੇ ਵਰਕਸ਼ਾਪ ਕਰਵਾਈ ਗਈ ਜਿਸ ਵਿੱਚ ਤਰਕਸ਼ੀਲ ਮੈਗਜੀਨ ਦੇ ਮੁੱਖ ਸੰਪਾਦਕ ਰਾਜਪਾਲ ਬਠਿੰਡਾ ਮੁੱਖ ਬੁਲਾਰੇ ਵਜੋਂ ਸ਼ਾਮਿਲ ਹੋਏ। ਉਨ੍ਹਾਂ ਨੇ ਸੋਸ਼ਲ ਮੀਡੀਆ ਉੱਤੇ ਆ ਰਹੀ ਸੂਚਨਾਵਾਂ ਦੀ ਹਨੇਰੀ ਵਿੱਚੋਂ ਸਹੀ ਅਤੇ ਗਲਤ ਸੂਚਨਾ ਦੀ ਪਹਿਚਾਣ ਕਰਨ ਲਈ ਤਰਕਸ਼ੀਲ ਵਿਧੀ ਅਪਨਾਉਣ ਬਾਰੇ ਅਤੇ ਵਿਰੋਧੀ ਵਿਚਾਰਾਂ ਵਾਲੇ ਵਿਅਕਤੀਆਂ ਵਿੱਚ ਗੱਲ ਕਰਦੇ ਹੋਏ ਬਹਿਸ ਬਾਜ਼ੀ ਕਰਨ ਦੀ ਬਜਾਏ ਵਿਚਾਰ-ਚਰਚਾ ਕਰਨ ਦੀ ਮਹੱਤਤਾ ਬਾਰੇ ਵਿਆਖਿਆ ਕੀਤੀ।

ਜ਼ੋਨ ਜਥੇਬੰਦਕ ਮੁਖੀ ਅਜੀਤ ਪ੍ਰਦੇਸੀ ਜੀ ਦੀ ਅਗਵਾਈ ਵਿੱਚ ਕਰਵਾਈ ਇਸ ਵਰਕਸ਼ਾਪ ਵਿੱਚ ਅੱਠ ਇਕਾਈਆਂ ਦੇ 50 ਤੋਂ ਵੱਧ ਮੈਂਬਰ ਸ਼ਾਮਿਲ ਹੋਏ। ਇਸ ਵਿਚਾਰ ਚਰਚਾ ਨੂੰ ਅੱਗੇ ਵਧਾਉਂਦਿਆਂ ਜ਼ੋਨ ਆਗੂ ਗੁਰਮੀਤ ਖਰੜ, ਜੋਗਾ ਸਿੰਘ, ਸੰਦੀਪ ਬਸੀ ਪਠਾਣਾ ਅਤੇ ਸ਼ੈਲਿੰਦਰ ਸੋਹਾਲੀ ਨੇ ਕਿਹਾ ਕਿ ਸਮਾਜ ਵਿੱਚੋਂ ਅੰਧ ਵਿਸ਼ਵਾਸ ਦੂਰ ਕਰਨ ਲਈ ਸਾਨੂੰ ਹੇਠਲੇ ਵਰਗ ਵਿੱਚ ਵੱਧ ਧਿਆਨ ਦੇਣ ਦੀ ਲੋੜ ਹੈ। ਇਕਾਈ ਖਰੜ ਤੋਂ ਜਥੇਬੰਦਕ ਮੁਖੀ ਕੁਲਵਿੰਦਰ ਨਗਾਰੀ, ਪੀ.ਪੀ. ਸਿੰਘ, ਕਰਮਜੀਤ ਸਕਰੁਲਾਂਪੁਰੀ, ਇਕਾਈ ਨੰਗਲ ਤੋਂ ਹਰਨੇਕ ਸਿੰਘ, ਰੋਪੜ ਤੋਂ ਅਸ਼ੋਕ ਕੁਮਾਰ ਅਤੇ ਹਰਨੇਕ ਚੱਕ ਕਰਮਾ, ਬਸੀ ਤੋਂ ਮੈਨੇਜਰ ਹਰਨੇਕ ਸਿੰਘ, ਸਰਹਿੰਦ ਤੋਂ ਮਾਸਟਰ ਹਰਜੀਤ ਸਿੰਘ ਅਤੇ ਬਲਦੇਵ ਜਲਾਲ, ਮੋਹਾਲੀ ਤੋਂ ਸੁਰਜੀਤ ਮੋਹਾਲੀ ਅਤੇ ਡਾ. ਮਜੀਦ ਆਜ਼ਾਦ, ਚੰਡੀਗੜ੍ਹ ਤੋਂ ਕ੍ਰਿਸ਼ਨ ਰਾਹੀ ਅਤੇ ਗੁਰਦਾਸ ਅਟਵਾਲ, ਮੰਡੀ ਗੋਬਿੰਦਗੜ੍ਹ ਤੋਂ ਸ਼ਮਸ਼ੇਰ ਮਲਿਕ ਨੇ ਆਪਣੀਆਂ ਇਕਾਈਆਂ ਦੀਆਂ ਸਰਗਰਮੀਆਂ ਬਾਰੇ ਦੱਸਦੇ ਹੋਏ ਕਿਹਾ ਕਿ ਅੱਜ ਦੇ ਨੌਜਵਾਨ ਨੂੰ ਖਪਤ ਸੱਭਿਆਚਾਰ ਤੋਂ ਬਚਾਉਣ ਦੀ ਬਹੁਤ ਜਰੂਰਤ ਹੈ। ਇਸ ਵਰਕਸ਼ਾਪ ਵਿੱਚ ਪ੍ਰੇਮ ਸਿੰਘ, ਗੁਰਤੇਜ ਸਿੰਘ, ਇਕਬਾਲ ਸਿੰਘ, ਭੁਪਿੰਦਰ ਮਦਨਹੇੜੀ, ਵਿਕਰਮਜੀਤ ਸੋਨੀ, ਸੁਜਾਨ ਬਡਾਲਾ, ਗੁਰਮੀਤ ਸਹੌੜਾਂ, ਅਮਰ ਨਾਥ, ਕਰਨੈਲ ਸਿੰਘ, ਮੇਹਰ ਸਿੰਘ ਨੇ ਵੀ ਵਿਚਾਰ ਵਟਾਂਦਰੇ ਵਿੱਚ ਭਾਗ ਲਿਆ। *ਪ੍ਰਿੰ. ਗੁਰਮੀਤ ਖਰੜ*

### ਮਾਝਾ ਜ਼ੋਨ ਦੀ ਵਰਕਸ਼ਾਪ

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਆਪਣੇ ਕਾਡਰ ਨੂੰ ਸਿੱਖਿਅਤ ਕਰਨ ਅਤੇ ਵਿਗਿਆਨਕ ਚੇਤਨਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਉਲੀਕੇ ਪ੍ਰੋਗਰਾਮ ਤਹਿਤ ਮਾਝਾ ਜੋਨ ਵੱਲੋਂ 17 ਅਗਸਤ ਨੂੰ ਪਿੰਡ ਗੋਪਾਲਪੁਰ - ਮੱਝਵਿੰਡ ਵਿਖੇ ਇਕ ਸਿਖਲਾਈ ਵਰਕਸ਼ਾਪ ਲਗਾਈ ਗਈ ਜਿਸ ਵਿੱਚ ਜੋਨ ਦੀਆਂ ਸਾਰੀਆਂ ਇਕਾਈਆਂ ਦੇ 70 ਮੈਂਬਰਾਂ ਨੇ ਭਾਗ ਲਿਆ। ਇਹ ਵਰਕਸ਼ਾਪ ਉੱਘੇ ਤਰਕਸ਼ੀਲ ਵਿਦਵਾਨ ਅਤੇ ਤਰਕਸ਼ੀਲ ਸੰਸਥਾ ਮਹਾਂਰਾਸ਼ਟਰ ਅੰਧ ਸ਼ਰਧਾ ਨਿਰਮੂਲਨ ਸੰਮਤੀ ਦੇ ਸੰਸਥਾਪਕ ਡਾ. ਨਰਿੰਦਰ ਦਾਭੋਲਕਰ ਨੂੰ ਸਮਰਪਿਤ ਕੀਤੀ ਗਈ ਜਿਨ੍ਹਾਂ ਨੂੰ ਫਿਰਕੂ ਫਾਸ਼ੀਵਾਦੀ ਤਾਕਤਾਂ ਵੱਲੋਂ 20 ਅਗਸਤ 2013 ਨੂੰ ਸ਼ਹੀਦ ਕਰ ਦਿੱਤਾ ਗਿਆ ਸੀ।

ਸ਼ੁਰੂਆਤ ਕਰਦਿਆਂ ਤਰਕਸ਼ੀਲ ਮੈਗਜ਼ੀਨ ਦੇ ਮੁੱਖ ਸੰਪਾਦਕ ਰਾਜਪਾਲ ਬਠਿੰਡਾ ਨੇ ਕਿਹਾ ਕਿ ਕਿਸੇ ਜੱਥੇਬੰਦਕ ਵਰਕਸ਼ਾਪ ਦਾ ਮਤਲਬ ਹੀ ਬੌਧਿਕ ਸਿਖਲਾਈ ਦੇਣਾ ਹੁੰਦਾ ਹੈ ਅਤੇ ਅਜਿਹੀ ਲੋੜ ਸਮੇਂ ਦੀਆਂ ਵੱਖ ਵੱਖ ਚੁਣੌਤੀਆਂ ਵਿੱਚੋਂ ਪੈਦਾ ਹੁੰਦੀ ਹੈ। ਅਜਿਹੀ ਸਿਖਲਾਈ ਹੀ ਜੱਥੇਬੰਦੀ ਦੇ ਕਾਡਰ ਵਿੱਚ ਇੱਕ ਨਵੀਂ ਊਰਜਾ ਅਤੇ ਸਮਰਪਿਤ ਭਾਵਨਾ ਵਿਕਸਤ ਕਰਨ ਅਤੇ ਚੁਣੌਤੀਆਂ ਦਾ ਡਟਵਾਂ ਮੁਕਾਬਲਾ ਕਰਨ ਦਾ ਬੁਨਿਆਦੀ ਆਧਾਰ ਬਣਦੀ ਹੈ।

ਇਸ ਵਰਕਸ਼ਾਪ ਦੇ ਪਹਿਲੇ ਸੈਸ਼ਨ ਦੇ ਵਿਸ਼ੇ 'ਸੋਸ਼ਲ ਮੀਡੀਆ ਦੀ ਢੁੱਕਵੀਂ ਵਰਤੋਂ ਕਿਵੇਂ ਕਰੀਏ ?' ਸੰਬੰਧੀ ਬੋਲਦਿਆਂ ਸੋਸ਼ਲ ਮੀਡੀਆ ਵਿਭਾਗ ਦੇ ਸੂਬਾਈ ਮੁਖੀ ਸੁਰਜੀਤ ਟਿੱਬਾ ਨੇ ਕਿਹਾ ਕਿ ਮੌਜੂਦਾ ਸਮਿਆਂ ਵਿੱਚ ਸੋਸ਼ਲ ਮੀਡੀਆ ਇਕ ਤਾਕਤਵਰ ਸਾਧਨ ਬਣ ਕੇ ਉਭਰਿਆ ਹੈ ਅਤੇ ਸਾਨੂੰ ਵਿਗਿਆਨਕ ਵਿਚਾਰਧਾਰਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਅਤੇ ਵਿਰੋਧੀ ਵਿਚਾਰਧਾਰਾ ਦਾ ਟਾਕਰਾ ਕਰਨ ਲਈ ਇਸ ਸਾਧਨ ਦੀ ਲਗਾਤਾਰ ਢੁੱਕਵੀਂ ਵਰਤੋਂ ਕਰਨੀ ਚਾਹੀਦੀ ਹੈ। ਸਾਨੂੰ ਕਿਸੇ ਵੀ ਵਿਵਾਦਤ ਪੋਸਟ ਜਾਂ ਵੀਡੀਓ ਨੂੰ ਅੱਗੇ ਕਿਸੇ ਨੂੰ ਭੇਜਣ ਤੋਂ ਪਹਿਲਾਂ ਉਸਦੀ ਜਾਂਚ ਪੜਤਾਲ ਕਰ ਲੈਣੀ ਚਾਹੀਦੀ

ਹੈ ਅਤੇ ਗੈਰ ਵਿਗਿਆਨਕ ਪ੍ਰਚਾਰ ਬਾਰੇ ਪੂਰੀ ਤਰਕਸ਼ੀਲਤਾ ਅਤੇ ਸਹਿਣਸ਼ੀਲਤਾ ਨਾਲ ਅਧਿਐਨ ਕਰਨ ਤੋਂ ਬਾਅਦ ਹੀ ਇਸਦਾ ਜਵਾਬ ਦੇਣਾ ਚਾਹੀਦਾ ਹੈ।

ਦੂਜੇ ਸੈਸ਼ਨ ਵਿੱਚ 'ਲੋਕਾਂ ਨਾਲ ਸਾਂਝ ਕਿਵੇਂ ਵਧਾਈਏ ?' ਵਿਸ਼ੇ ਬਾਰੇ ਵਿਚਾਰ ਪ੍ਰਗਟ ਕਰਦਿਆਂ ਸੂਬਾਈ ਜੱਥੇਬੰਦਕ ਮੁਖੀ ਮਾਸਟਰ ਰਾਜਿੰਦਰ ਭਦੌੜ ਨੇ ਕਿਹਾ ਕਿ ਸਾਨੂੰ ਸਮਾਜ ਦੇ ਕਿਰਤੀ ਵਰਗਾਂ, ਔਰਤਾਂ, ਕਿਸਾਨਾਂ, ਮਜ਼ਦੂਰਾਂ, ਸਨਅਤੀ ਕਾਮਿਆਂ, ਆਂਗਣਵਾੜੀ ਵਰਕਰਾਂ, ਮਗਨਰੇਗਾ ਕਾਮਿਆਂ, ਦੁਕਾਨਦਾਰਾਂ ਅਤੇ ਪਿਛੜੇ ਵਰਗਾਂ ਦੇ ਲੋਕਾਂ ਵਿੱਚ ਵਿਗਿਆਨਕ ਵਿਚਾਰਧਾਰਾ ਅਤੇ ਲੋਕ ਪੱਖੀ ਰਾਜਸੀ ਚੇਤਨਾ ਵਿਕਸਤ ਕਰਨ ਲਈ ਉਨ੍ਹਾਂ ਵਿੱਚ ਪ੍ਰਚਾਰ ਲਈ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦੇ ਮਸਲਿਆਂ ਅਤੇ ਸੰਘਰਸ਼ਾਂ ਦਾ ਸਾਥੀ ਬਣ ਕੇ ਸਮਰੱਥਾ ਅਨੁਸਾਰ ਆਪਣਾ ਜੱਥੇਬੰਦਕ ਸਹਿਯੋਗ ਦੇਣਾ ਚਾਹੀਦਾ ਹੈ। ਤੀਜੇ ਅਤੇ ਆਖਰੀ ਸੈਸ਼ਨ ਵਿੱਚ ਸਮੇਂ ਦੀ ਘਾਟ ਕਾਰਨ ਰਾਜਪਾਲ ਬਠਿੰਡਾ ਨੇ ਵਿਦਿਆਰਥੀਆਂ ਨੂੰ ਤਰਕਸ਼ੀਲ ਸੁਸਾਇਟੀ ਨਾਲ ਜੋੜਨ ਦੇ ਕਈ ਮਹੱਤਵਪੂਰਨ ਨੁਕਤੇ ਸੰਖੇਪ ਵਿੱਚ ਸਾਂਝੇ ਕੀਤੇ।

ਦੋਵਾਂ ਸੈਸ਼ਨ ਦੌਰਾਨ ਹੋਈ ਗੰਭੀਰ ਵਿਚਾਰ ਚਰਚਾ ਵਿੱਚ ਜੋਨ ਆਗੂਆਂ ਮੁਖਤਿਆਰ ਗੋਪਾਲਪੁਰ, ਸੰਦੀਪ ਧਾਰੀਵਾਲ ਭੋਜਾ, ਰਾਜਵੰਤ ਬਾਗੜੀਆਂ, ਮੈਡਮ ਰਣਜੀਤ ਗੱਗੋਮਾਹਲ, ਸੂਬਾਈ ਆਗੂ ਸੁਮੀਤ ਅੰਮ੍ਰਿਤਸਰ ਅਤੇ ਮੋਹਨ ਬਡਲਾ, ਸੁਖਦੀਪ ਮੱਝਵਿੰਡ, ਮਾ. ਤਸਵੀਰ ਸਿੰਘ, ਸਿਮਰਜੀਤ ਕੌਰ ਗੋਪਾਲਪੁਰ, ਮਾਸਟਰ ਬਲਦੇਵ ਰਾਜ ਵੇਰਕਾ, ਮਾਸਟਰ ਕੁਲਜੀਤ ਵੇਰਕਾ, ਕਰਮਦੀਪ ਸਿੰਘ, ਅਮਨ ਗੱਗੋਮਾਹਲ, ਡਾ. ਸਤਨਾਮ ਫੇਰੋਚੀਚੀ, ਕੈਪਟਨ ਮਾਨਾਂਵਾਲਾ, ਪ੍ਰਿਤਪਾਲ ਟਿੱਬਾ, ਪ੍ਰਿੰ. ਮੇਲਾ ਰਾਮ, ਦਮਨਜੀਤ ਕੌਰ ਆਦਿ ਨੇ ਭਾਗ ਲਿਆ। ਦੋਵੇਂ ਸੈਸ਼ਨਾਂ ਦੀ ਸ਼ੁਰੂਆਤ ਮੌਕੇ ਤਰਕਸ਼ੀਲ ਕਾਰਕੁਨਾਂ ਜਸਪਾਲ ਬਾਸਰਕੇ, ਸੁਖਵਿੰਦਰ ਖਾਰਾ, ਲਖਵਿੰਦਰ ਗੋਪਾਲਪੁਰ, ਡਾ.ਦੀਵਾਨ ਸਿੰਘ, ਪਲਕਦੀਪ ਕੌਰ ਅਤੇ ਹਰਪ੍ਰੀਤ ਸਿੰਘ ਵੱਲੋਂ ਕਵਿਤਾਵਾਂ ਅਤੇ ਇਨਕਲਾਬੀ ਗੀਤ ਪੇਸ਼ ਕੀਤੇ ਗਏ। ਇਸਤੋਂ ਪਹਿਲਾਂ ਜੋਨ ਦੇ ਜੱਥੇਬੰਦਕ ਮੁਖੀ ਸੰਦੀਪ ਧਾਰੀਵਾਲ ਭੋਜਾ ਨੇ ਸੂਬਾ ਕਮੇਟੀ ਆਗੂਆਂ ਅਤੇ ਵੱਖ ਵੱਖ ਇਕਾਈਆਂ ਦੇ ਸਾਥੀਆਂ ਨੂੰ ਜੀ ਆਇਆਂ ਕਿਹਾ ਅਤੇ ਦੋਵੇਂ ਸੈਸ਼ਨਾਂ ਦਾ ਮੰਚ ਸੰਚਾਲਨ ਵੀ ਕੀਤਾ। ਗੋਪਾਲਪੁਰ-ਮੱਝਵਿੰਡ ਇਕਾਈ ਨੇ ਸਮੁੱਚੇ ਪ੍ਰਬੰਧ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ ਜਦਕਿ ਜੋਨ ਵਿੱਤ ਮੁਖੀ ਮੁਖਤਿਆਰ ਗੋਪਾਲਪੁਰ ਨੇ ਸਭ ਦਾ ਧੰਨਵਾਦ ਕੀਤਾ।

*ਸੁਮੀਤ ਅੰਮ੍ਰਿਤਸਰ*

**ਪੁਸਤਕ ਉੱਤੇ ਚਰਚਾ**

ਚੰਡੀਗੜ ਜ਼ੋਨ ਦੀ ਮੀਟਿੰਗ ਵਿੱਚ ਮੈਂਬਰਾਂ ਦੇ ਬੌਧਿਕ ਵਿਕਾਸ ਲਈ ਰਾਜਪਾਲ ਦੀ ਪੁਸਤਕ 'ਮਿੱਟੀ ਤੋਂ ਮਨੁਖ ਤੱਕ' ਬਾਰੇ ਲੈਕਚਰਾਰ ਮੇਹਰ ਸਿੰਘ ਬਸੀ ਨੇ ਪੇਪਰ ਪੜ੍ਹਿਆ। ਉਨ੍ਹਾਂ ਨੇ ਵਿਸਥਾਰ ਪੂਰਵਕ ਦੱਸਿਆ ਕਿ ਇਸ ਧਰਤੀ ਤੇ ਜੀਵ ਕਿਵੇਂ ਹੋਂਦ ਵਿੱਚ ਆਇਆ ਅਤੇ ਮਨੁੱਖੀ ਵਿਕਾਸ ਦੇ ਵੱਖ ਵੱਖ ਪੜਾਵਾਂ ਦਾ ਸਫਰ ਕਿਵੇਂ ਅੱਗੇ ਵਧਦਾ ਗਿਆ। ਇਸ ਚਰਚਾ ਨੂੰ ਅਗੇ ਤੋਰਦੇ ਹੋਏ ਮਨਦੀਪ ਮਾਜਰੀ, ਚਰਨ ਸਿੰਘ ਸੇਖੋਂ, ਐਡਵੋਕੇਟ ਕਮਲਜੀਤ ਮੱਟੂ, ਮਾ. ਜਰਨੈਲ ਸਿੰਘ ਭਟਨਾਗਰ, ਪਰਮਿੰਦਰ ਤਰਖਾਣ ਮਾਜਰਾ ਨੇ ਕਿਹਾ ਕਿ ਇਹ ਪੁਸਤਕ ਮਨੁੱਖੀ ਵਿਕਾਸ ਨਾਲ ਸਬੰਧਤ ਬਹੁਤ ਸਾਰੇ ਭਰਮ ਭੁਲੇਖੇ ਦੂਰ ਕਰਦੀ ਹੈ।

*ਬਲਦੇਵ ਜਲਾਲ*

**ਇਕਾਈ ਰੋਪੜ ਵੱਲੋਂ ਸੈਮੀਨਾਰ**

ਇਕਾਈ ਵੱਲੋਂ 24 ਮਈ ਨੂੰ 'ਰਸਮੋ ਰਿਵਾਜਾਂ ਪ੍ਰਤੀ ਤਰਕਸ਼ੀਲ ਨਜ਼ਰੀਏ' ਬਾਰੇ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਅੰਮ੍ਰਿਤਸਰ ਜ਼ੋਨ ਦੇ ਮੁਖੀ ਸੰਦੀਪ ਧਾਰੀਵਾਲ ਭੋਜਾਂ ਨੇ ਇਸ ਵਿਸ਼ੇ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਹੋਈ ਵਿਚਾਰ ਚਰਚਾ ਤੋਂ ਇਲਾਵਾ ਜਸਪਾਲ ਮਾਜਰੀ ਵੱਲੋਂ ਇਨਕਲਾਬੀ ਗੀਤ ਅਤੇ ਕਾਮਰੇਡ ਪਵਨ ਕੁਮਾਰ ਚੱਕ ਕਰਮਾਂ ਦੀ ਟੀਮ ਵੱਲੋਂ ਕੋਰੀਓਗ੍ਰਾਫੀ ਪੇਸ਼ ਕੀਤੀ ਗਈ। ਹਰਨੇਕ ਚੱਕ ਕਰਮਾਂ ਨੇ ਇਸ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਦੀ ਭੂਮਿਕਾ ਨਿਭਾਈ।

**ਪੁਸਤਕ ਪ੍ਰਦਰਸ਼ਨੀਆਂ**

1. ਇਕਾਈ ਬੰਗਾ ਦੇ ਮਾਨਸਿਕ ਸਿਹਤ ਮਸ਼ਵਰਾ ਵਿਭਾਗ ਮੁਖੀ ਸੁਖਵਿੰਦਰ ਲੰਗੇਰੀ ਵੱਲੋਂ ਰੋਜ਼ਾ ਸ਼ਰੀਫ ਮੰਢਾਲੀ ਮੇਲੇ 'ਤੇ ਪੰਜ ਦਿਨਾਂ ਲਈ ਕਿਤਾਬਾਂ ਦਾ ਸਟਾਲ ਲਗਾਇਆ ਗਿਆ। ਇਸ ਮੌਕੇ ਬੱਚਿਆਂ ਨੂੰ ਜਾਦੂ ਬਾਰੇ ਜਾਣਕਾਰੀ ਦਿੰਦੇ ਹੋਏ ਜਾਦੂ ਦੇ ਟ੍ਰਿੱਕ ਦਿਖਾ ਕੇ ਇਹ ਵੀ ਸਮਝਾਇਆ ਗਿਆ ਕਿ ਜਾਦੂ ਸਿਰਫ ਹੱਥ ਦੀ ਸਫਾਈ ਹੈ।

2. ਇਕਾਈ ਰੋਪੜ ਵੱਲੋਂ ਜੂਨ ਮਹੀਨੇ ਵਿੱਚ ਵੇਰਕਾ ਚੌਂਕ ਹੈੱਡ ਵਰਕਸ ਰੋਪੜ ਵਿਖੇ ਵਾਤਾਵਰਣ ਨੂੰ ਬਚਾਉਣ ਪ੍ਰਤੀ ਲੋਕਾਂ ਨੂੰ ਚੇਤਨ ਕਰਨ ਲਈ ਕਿਤਾਬਾਂ ਦੀ ਸਟਾਲ ਲਗਾਈ ਗਈ ਅਤੇ ਲੋਕਾਂ ਨੂੰ ਜਨਮ ਦਿਨ ਵਰਗੇ ਮੌਕਿਆਂ ਉੱਤੇ ਕੇਕ ਕੱਟਣ ਦੀ ਬਜਾਏ ਬੂਟੇ ਲਗਾਉਣ ਦੀ ਪ੍ਰੇਰਨਾ ਦਿੱਤੀ ਗਈ। ਇਸ ਮੌਕੇ ਹਰਨੇਕ ਚੱਕ ਕਰਮਾ, ਅਮਰ ਨਾਥ, ਪਵਨ ਰੱਤੋਂ, ਅਜੇ ਕੁਮਾਰ ਅਤੇ ਸੁਜਾਤਾ ਹਾਜਰ ਰਹੇ।

ਇਕਾਈ ਰੋਪੜ ਵੱਲੋਂ ਹੀ 31 ਜੁਲਾਈ ਨੂੰ ਸ਼ਹੀਦ ਊਧਮ ਸਿੰਘ ਸੁਨਾਮ ਦੇ ਸ਼ਹੀਦੀ ਦਿਵਸ ਮੌਕੇ ਤਰਕਸ਼ੀਲ ਸਾਹਿਤ

ਦੀ ਪ੍ਰਦਰਸ਼ਨੀ ਲਗਾਈ ਗਈ, ਸ਼ਹੀਦ ਦੇ ਜੀਵਨ ਅਤੇ ਸੰਘਰਸ਼ ਬਾਰੇ ਰੌਸ਼ਨੀ ਪਾਉਂਦਾ ਲੀਫਲੈੱਟ ਵੰਡਿਆ ਗਿਆ ਅਤੇ ਇਕਾਈ ਮੁਖੀ ਅਸ਼ੋਕ ਕੁਮਾਰ ਨੇ ਸ਼ਹੀਦ ਊਧਮ ਸਿੰਘ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਇਸ ਮੌਕੇ ਜ਼ੋਨ ਮੁਖੀ ਅਜੀਤ ਪ੍ਰਦੇਸੀ, ਹਰਨੇਕ ਚੱਕ ਕਰਮਾ, ਪਵਨ ਰੱਤੋਂ ਤੇ ਮੈਡਮ ਮੀਨਾਕਸ਼ੀ ਵੀ ਹਾਜਰ ਹੋਏ।

3. ਇਕਾਈ ਬਠਿੰਡਾ ਵੱਲੋਂ 27 ਜੁਲਾਈ ਨੂੰ ਟੀਚਰਜ਼ ਹੋਮ ਬਠਿੰਡਾ ਵਿਖੇ ਸੀ.ਪੀ.ਆਈ. ਵੱਲੋਂ ਪੰਜਾਬ ਦੇ ਬੁਨਿਆਦੀ ਮਸਲਿਆਂ ਬਾਰੇ ਕਰਵਾਏ ਸੈਮੀਨਾਰ ਮੌਕੇ ਮਾਸਟਰ ਗਿਆਨ ਸਿੰਘ ਦੀ ਅਗਵਾਈ ਵਿੱਚ ਤਰਕਸ਼ੀਲ ਸਾਹਿਤ ਦੀ ਸਟਾਲ ਲਗਾਈ ਗਈ ਜਿਸ ਵਿੱਚ 2200 ਰੁਪਏ ਦਾ ਚੰਗਾ ਸਾਹਿਤ ਲੋਕਾਂ ਤੀਕ ਪੁੱਜਾ। ਇਸ ਉਪਰਾਲੇ ਵਿੱਚ ਕੁਲਵੰਤ ਸਿੰਘ ਅਤੇ ਇਕਾਈ ਮੁਖੀ ਹਾਕਮ ਸਿੰਘ ਨੇ ਸਹਿਯੋਗ ਕੀਤਾ।

## ਪਰਿਵਾਰਕ ਮਿਲਣੀ

**ਇਕਾਈ ਬੰਗਾ** ਵਲੋਂ ਜਥੇਬੰਦਕ ਮੁਖੀ ਹਰਜਿੰਦਰ ਸੂੰਨੀ ਦੀ ਪ੍ਰਧਾਨਗੀ ਹੇਠ ਤਰਕਸ਼ੀਲ ਪਰਿਵਾਰਕ ਮਿਲਣੀ ਕੀਤੀ ਗਈ। ਇਹ ਮਿਲਣੀ ਜ਼ੋਨ ਨਵਾਂਸ਼ਹਿਰ ਦੇ ਜਥੇਬੰਦਕ ਮੁਖੀ ਮਾ. ਜਗਦੀਸ਼ ਰਾਏਪੁਰ ਡੱਬਾ ਦੀ ਅਗਵਾਈ ਵਿੱਚ ਅਤੇ ਜ਼ੋਨ ਦੇ ਵਿੱਤ ਮੁਖੀ ਸੁਖਵਿੰਦਰ ਗੋਗਾ ਦੇ ਪਰਿਵਾਰ ਦੇ ਪੂਰਨ ਸਹਿਯੋਗ ਨਾਲ ਉਹਨਾਂ ਦੇ ਘਰ ਕੀਤੀ ਗਈ।

ਮਾ. ਜਗਦੀਸ਼ ਨੇ ਦੱਸਿਆ ਕਿ ਪਰਿਵਾਰਾਂ ਵਿੱਚ ਤਾਲਮੇਲ ਵਧਾਉਣਾ, ਰੂੜ੍ਹੀਵਾਦੀ ਰਸਮਾਂ ਰਿਵਾਜਾਂ ਨੂੰ ਤਿਲਾਂਜਲੀ ਦੇਣਾ, ਖੁਸ਼ੀ ਗਮੀ ਦੇ ਮੌਕੇ ਵਿਗਿਆਨਕ ਸੋਚ ਵਾਲੇ ਪ੍ਰੋਗਰਾਮ ਕਰਨੇ, ਪਰਿਵਾਰਕ ਮੈਂਬਰਾਂ ਨੂੰ ਸੁਸਾਇਟੀ ਦੇ ਕੰਮ ਕਾਰਾਂ ਅਤੇ ਸਮਝ ਬਾਰੇ ਜਾਣੂ ਕਰਾਉਣਾ ਇਸ ਮਿਲਣੀ ਦੇ ਮੁੱਖ ਮੰਤਵ ਹਨ। ਇਸ ਮੌਕੇ ਜੋਗਿੰਦਰ ਕੁੱਲੇਵਾਲ, ਸੂਬਾ ਮੁਖੀ ਸੱਭਿਆਚਾਰਕ ਵਿਭਾਗ, ਵੱਲੋਂ ਤਰਕਸ਼ੀਲ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਬਾਰੇ ਪ੍ਰੇਰਿਤ ਕੀਤਾ ਗਿਆ। ਬਲਵਿੰਦਰ ਕੌਰ ਸਲੋਹ, ਰੂਬੀ ਬੰਗਾ, ਸੁਖਵਿੰਦਰ ਗੋਗਾ, ਕਮਲਜੀਤ ਕੌਰ ਕੁੱਲੇਵਾਲ ਅਤੇ ਰਾਜਵਿੰਦਰ ਕੌਰ ਮਾਈ ਦਿੱਤਾ ਨੇ ਕਿਹਾ ਕਿ ਸਾਨੂੰ ਆਪਣੇ ਘਰਾਂ ਵਿੱਚ ਖੁਸ਼ੀ ਗਮੀ ਦੇ ਮੌਕੇ ਫਾਲਤੂ ਮਨੌਤਾਂ, ਰਸਮਾਂ ਤੇ ਹੋਰ ਅਡੰਬਰਾਂ ਨੂੰ ਛੱਡ ਦੇਣਾ ਚਾਹੀਦਾ ਹੈ। ਬਹੁਤ ਸਾਰੀਆਂ ਮਾਨਤਾਵਾਂ ਸਾਡੇ ਲੋਕ ਐਵੇਂ ਹੀ ਬਿਨਾਂ ਮਤਲਬ ਹੀ ਕਰੀ ਜਾ ਰਹੇ ਹਨ। ਮਾ.ਰਾਜ ਕੁਮਾਰ ਗੜ੍ਹਸ਼ੰਕਰ, ਜਸਵੀਰ ਬੇਗਮਪੁਰੀ, ਬਲਜੀਤ ਖਟਕੜ, ਸਲੋਨੀ ਗੜ੍ਹਸ਼ੰਕਰ, ਕਮਲਜੀਤ ਕੌਰ ਖਟਕੜ ਨੇ ਕਿਹਾ ਕਿ ਸਾਨੂੰ ਅੰਧਵਿਸ਼ਵਾਸ, ਫੈਲਾਉਣ ਵਾਲੀਆਂ ਰਸਮਾਂ ਦਾ ਤਿਆਗ ਕਰਕੇ ਵਿਗਿਆਨਕ ਸੋਚ ਦੇ ਧਾਰਨੀ ਬਣਨਾ ਚਾਹੀਦਾ ਹੈ। ਸਤਨਾਮ ਖਟਕੜ, ਨਿੰਦਰ ਮਾਈਦਿੱਤਾ, ਰਾਜ ਕੁਮਾਰੀ ਲੰਗੇਰੀ, ਬਿਮਲਾ ਰਾਣੀ ਨਵਾਂਸ਼ਹਿਰ ਆਦਿ ਨੇ ਕਿਹਾ ਇਹੋ ਜਿਹੀਆਂ ਪਰਿਵਾਰਕ ਮਿਲਣੀਆ ਲਗਾਤਾਰ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਪਰਿਵਾਰਕ ਮੈਂਬਰਾ ਨੂੰ ਸੁਸਾਇਟੀ ਦੀ ਸਮਝ ਅਨੁਸਾਰ ਵਿਚਰਨ ਦੀ ਪ੍ਰੇਰਨਾ ਮਿਲਦੀ ਰਹੇ। ਇਕਾਈ ਬੰਗਾ ਦੇ ਸਰਗਰਮ ਆਗੂ ਸੁਖਵਿੰਦਰ ਲੰਗੇਰੀ ਨੇ ਮੈਜਿਕ ਟਰਿੱਕ ਦਿਖਾਉਂਦਿਆਂ ਇਸ ਦੇ ਗੁੱਝੇ ਭੇਦਾਂ ਸੰਬੰਧੀ ਜਾਣਕਾਰੀ ਦਿੱਤੀ। ਸੁਖਵਿੰਦਰ ਵਲੋਂ ਇਸ ਮੌਕੇ ਤਰਕਸ਼ੀਲ ਸਾਹਿਤ ਦਾ ਸਟਾਲ ਵੀ ਲਗਾਇਆ ਗਿਆ।

ਅੰਤ ਵਿੱਚ ਮਾਨਸਿਕ ਸਿਹਤ ਚੇਤਨਾ ਮਸ਼ਵਰਾ ਵਿਭਾਗ ਦੇ ਜੋਨ ਮੁਖੀ ਸੱਤਪਾਲ ਸਲੋਹ ਨੇ ਉਦਾਹਰਣਾਂ ਸਹਿਤ ਉਪਰੋਕਤ ਮੰਤਵਾਂ ਨੂੰ ਪੂਰਾ ਕਰਨ ਦੇ ਢੰਗ ਤਰੀਕੇ ਸੁਝਾਏ। ਉਹਨਾਂ ਤਰਕਸ਼ੀਲ ਸੁਸਾਇਟੀ ਵਿੱਚ ਵਿਚਰਦਿਆਂ ਕੀਤੇ ਕੰਮਾਂ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਬੇਟੀ ਸ਼ਾਈਨ ਕੁਮਾਰ, ਗੁਰਨਾਮ ਗੜ੍ਹਸ਼ੰਕਰ, ਸੁਰਜੀਤ ਰੁੜਕੀ, ਹਰਚਰਨ ਨੌਰਾ, ਕਾਕਾ ਅਵਿਨਾਸ਼, ਬੇਟੀ ਤਰਨਪ੍ਰੀਤ ਮਾਈ ਦਿੱਤਾ, ਦਿਲਸ਼ਾਨ ਕੁਮਾਰ ਅਤੇ ਗੁਰਪ੍ਰੀਤ ਸਿੰਘ ਹਾਜ਼ਰ ਸਨ।

**ਮਾ.ਜਗਦੀਸ਼ ਰਾਏਪੁਰ ਡੱਬਾ,**

## ਤਰਕਸ਼ੀਲ ਪ੍ਰੋਗਰਾਮ

ਮਿਤੀ 6 ਅਗਸਤ ਨੂੰ ਸਸਸ ਸਕੂਲ (ਕੰਨਿਆ) ਰੋਪੜ ਵਿਖੇ ਗੁਰਬਿੰਦਰ ਸਿੰਘ (ਰੋਮੀ ਘੜਾਮਾ) ਵਲੋਂ ਆਪਣੀ ਬੇਟੀ ਪ੍ਰਭਨੂਰ ਕੌਰ ਦੇ ਜਨਮ ਦਿਨ 'ਤੇ ਫਲਦਾਰ ਬੂਟੇ ਲਗਾਏ ਅਤੇ ਤਰਕਸ਼ੀਲ ਪ੍ਰੋਗਰਾਮ ਕਰਵਾਇਆ ਗਿਆ। ਜਗਦੇਵ ਕੰਮੋਮਾਜਰਾ ਵੱਲੋਂ ਪੇਸ਼ ਕੀਤੇ ਜਾਦੂ ਦੇ ਟ੍ਰਿਕਾਂ ਨੇ ਬੱਚਿਆਂ ਅਤੇ ਅਧਿਆਪਕਾਂ ਨੂੰ ਸੋਚਣ ਲਈ ਮਜਬੂਰ ਕਰਦਿਆਂ ਇਸ ਦੀ ਸਚਾਈ ਤੋਂ ਜਾਣੂ ਕਰਵਾਇਆ। ਸਭਿਆਚਾਰ ਵਿਭਾਗ ਮੁਖੀ ਹਰਨੇਕ ਚੱਕ ਕਰਮਾਂ ਨੇ ਹਾਜਰ ਬੱਚਿਆਂ ਨੂੰ ਦੱਸਿਆ ਕਿ ਸੰਸਾਰ ਵਿੱਚ ਕਿਤੇ ਵੀ ਕੋਈ ਗੈਬੀ ਸ਼ਕਤੀ, ਕਾਲਾ ਜਾਦੂ, ਭੂਤ-ਪ੍ਰੇਤ ਵਗੈਰਾ ਨਹੀਂ ਹੁੰਦੇ। ਇਹ ਸਭ ਚਲਾਕ ਲੋਕਾਂ ਵੱਲੋਂ ਆਪਣੇ ਮਨਾਫ਼ੇ ਲਈ ਫੈਲਾਇਆ ਜਾਲ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਜ਼ਿੰਦਗੀ ਨੂੰ ਚੰਗਾ ਅਤੇ ਸੋਹਣਾ ਬਣਾਉਣ ਲਈ ਤਰਕਸ਼ੀਲਤਾ ਅਤੇ ਵਿਗਿਆਨ ਨਾਲ ਸਬੰਧਿਤ ਕਿਤਾਬਾਂ ਜਰੂਰ ਪੜ੍ਹਿਆ ਕਰਨ। ਪ੍ਰਿੰਸੀਪਲ ਸੰਦੀਪ ਕੌਰ ਨੇ ਪ੍ਰੋਗਰਾਮ ਵਿੱਚ ਹਾਜਰ ਸ੍ਰੋਤਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸ਼੍ਰੀ ਅਮਰ ਨਾਥ ਅਤੇ ਹਰਪਿੰਦਰ ਕੌਰ ਡਿੰਪਲ ਵੀ ਹਾਜਰ ਸਨ।

***ਹਰਨੇਕ ਚੱਕ ਕਰਮਾਂ***

***ਮੁਖੀ ਸਭਿਆਚਾਰ ਵਿਭਾਗ, ਇਕਾਈ ਰੋਪੜ***

## ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਆਯੋਜਿਤ ਸਾਂਝੀ ਰੈਲੀ ਅਤੇ ਮੁਜ਼ਾਹਰੇ ਵਿੱਚ ਸ਼ਮੂਲੀਅਤ

ਤਰਕਸ਼ੀਲ ਸੁਸਾਇਟੀ ਵੱਲੋਂ ਪ੍ਰਚਾਰੀ ਜਾਂਦੀ ਤਰਕਸ਼ੀਲਤਾ ਦਾ ਮਤਲਬ ਕੇਵਲ ਲੋਕਾਂ ਵਿੱਚ ਪ੍ਰਚਲਿਤ ਅੰਧਵਿਸ਼ਵਾਸਾਂ ਦਾ ਖੰਡਨ ਕਰਨ ਤੱਕ ਹੀ ਸੀਮਤ ਨਹੀਂ ਬਲਕਿ ਹਰ ਤਰ੍ਹਾਂ ਦੇ ਆਰਥਿਕ, ਸਮਾਜਿਕ, ਰਾਜਨੀਤਕ ਵਰਤਾਰਿਆਂ ਨੂੰ ਤਰਕ ਦੇ ਆਧਾਰ ਉੱਤੇ ਪਰਖ ਕੇ ਲੋਕਾਂ ਨੂੰ ਸਿਖਿਅਤ ਕਰਨਾ ਹੈ। ਇਸ ਤੋਂ ਅੱਗੇ ਤਰਕਸ਼ੀਲ ਸੋਸਾਇਟੀ ਕੇਵਲ ਰਾਏ ਬਣਾਉਣ ਤੱਕ ਹੀ ਸੀਮਤ ਨਹੀਂ ਸਗੋਂ ਗਲਤ ਵਰਤਾਰਿਆਂ ਖਿਲਾਫ ਹੋਰ ਸੰਘਰਸ਼ਸ਼ੀਲ ਲੋਕਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਲੜਨ ਨੂੰ ਵੀ ਜਰੂਰੀ ਸਮਝਦੀ ਹੈ। ਅਸੀਂ ਜਾਣਦੇ ਹਾਂ ਕਿ ਜੋ ਧਾਰਮਿਕ ਮੂਲਵਾਦ ਫੈਲਾਇਆ ਜਾ ਰਿਹਾ ਹੈ, ਫਿਰਕੂ ਬਖੇੜੇ ਖੜੇ ਕੀਤੇ ਜਾ ਰਹੇ ਹਨ, ਵਿਗਿਆਨਕ ਸੋਚ ਉੱਤੇ ਹਮਲਾ ਕੀਤਾ ਜਾ ਰਿਹਾ ਹੈ, ਅੰਧਵਿਸ਼ਵਾਸਾਂ ਅਤੇ ਰੂੜੀਵਾਦੀ ਵਿਚਾਰਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਇਸ ਪਿੱਛੇ ਆਰਥਿਕ ਰਾਜਨੀਤਿਕ ਖੇਤਰ ਉੱਤੇ ਕਾਬਜ ਉਹ ਧਿਰਾਂ ਹਨ ਜੋ ਲੋਕਾਂ ਨੂੰ ਕਿਸਮਤ ਕਰਮਾਂ ਦੇ ਚੱਕਰਾਂ ਵਿੱਚ ਪਾ ਕੇ ਆਪਣੀ ਲੁੱਟ ਖਸੁੱਟ ਨੂੰ ਕਾਇਮ ਰੱਖਣਾ ਚਾਹੁੰਦੀਆਂ ਹਨ।

ਇਸੇ ਸੋਚ ਉੱਤੇ ਅਮਲ ਕਰਦਿਆਂ ਤਰਕਸ਼ੀਲ ਸੋਸਾਇਟੀ ਪੰਜਾਬ ਵੱਲੋਂ ਹਾਕਮਾਂ ਦੇ ਆਦਿਵਾਸੀ ਲੋਕਾਂ ਉੱਤੇ ਕੀਤੇ ਜਾ ਰਹੇ ਜਬਰ ਵਿਰੁੱਧ ਪੰਜਾਬ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ 8 ਅਗਸਤ ਨੂੰ ਮੋਗਾ ਵਿਖੇ ਕੀਤੀ ਗਈ ਰੋਹ ਭਰਪੂਰ ਰੈਲੀ ਅਤੇ ਮੁਜ਼ਾਹਰੇ ਵਿੱਚ ਭਰਵੀਂ ਸ਼ਮੂਲੀਅਤ ਕੀਤੀ ਗਈ। ਜਿੱਥੇ ਇਸ ਰੈਲੀ ਵਿੱਚ ਨੇੜਲੇ ਜਲੰਧਰ ਜੋਨ ਵੱਲੋਂ ਤਰਕਸ਼ੀਲਾਂ ਦਾ ਵੱਡਾ ਕਾਫਲਾ ਸ਼ਾਮਿਲ ਹੋਇਆ ਉੱਥੇ ਪੰਜਾਬ ਦੇ ਦੁਰਾਡੇ ਹਿੱਸਿਆਂ ਵਿੱਚੋਂ ਵੀ ਤਰਕਸ਼ੀਲ ਕਾਰਕੁੰਨ ਵੱਡੀ ਗਿਣਤੀ ਵਿੱਚ ਪਹੁੰਚੇ।

ਮੋਗੇ ਦੀ ਦਾਣਾ ਮੰਡੀ ਵਿੱਚ ਜੁੜੇ ਵਿਸ਼ਾਲ ਇਕੱਠ ਨੂੰ ਜਿੱਥੇ ਹੋਰ ਦਰਜਨਾਂ ਜਥੇਬੰਦੀਆਂ ਦੇ ਆਗੂਆਂ ਨੇ ਸੰਬੋਧਨ ਕੀਤਾ ਉਥੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਜਥੇਬੰਦਕ ਮੁਖੀ ਰਜਿੰਦਰ ਭਦੌੜ ਨੇ ਤਰਕਸ਼ੀਲ ਨਜ਼ਰੀਏ ਤੋਂ ਬੋਲਦਿਆਂ ਲੋਕਾਂ ਦੀਆਂ ਮਾੜੀਆਂ ਜਿਉਣ ਹਾਲਤਾਂ ਅਤੇ ਉਹਨਾਂ ਉੱਤੇ ਹੋ ਰਹੇ ਜਬਰ ਦੇ ਅਸਲ ਕਾਰਨਾਂ ਉੱਤੇ ਉਂਗਲ ਧਰੀ। ਉਹਨਾਂ ਕਿਹਾ ਕਿ ਲੋਕਾਂ ਦੀ ਕਿਸਮਤ ਕੋਈ ਪਰਮਾਤਮਾ ਜਾਂ ਧਰਮਰਾਜ ਨਹੀਂ ਲਿਖਦਾ ਸਗੋਂ ਲੋਕਾਂ ਨੂੰ ਲੁੱਟਣ ਵਾਲੇ ਅਡਾਨੀ, ਅੰਬਾਨੀ ਵਰਗੇ ਕਾਰਪੋਰੇਟ ਅਤੇ ਇਹਨਾਂ ਕਾਰਪੋਰੇਟਾਂ ਦੀ ਨੁਮਾਇੰਦਗੀ ਕਰਨ ਵਾਲੇ ਟਰੰਪ, ਮੋਦੀ ਵਰਗੇ ਰਾਜਨੇਤਾ ਨਿਰਧਾਰਤ ਕਰ ਰਹੇ ਹਨ। ਸੋ ਆਪਣੀਆਂ ਹਾਲਤਾਂ ਬਦਲਣ ਲਈ ਕਿਸਮਤ, ਕਰਮਾਂ ਅਤੇ ਧਰਮਾਂ ਉੱਤੇ ਟੇਕ ਛੱਡ ਕੇ ਅਸਲ ਦੁਸ਼ਮਣਾਂ ਖਿਲਾਫ਼ ਇਕਜੁੱਟ ਹੋ ਕੇ ਲੜਨ ਅਤੇ ਕਿਸੇ ਵੀ ਜਗ੍ਹਾ ਲੋਕਾਂ ਉੱਤੇ ਹੁੰਦੇ ਜ਼ੁਲਮ ਵਿਰੁੱਧ ਖੜਨ ਦੀ ਲੋੜ ਹੈ।

ਇਸ ਤਰ੍ਹਾਂ ਤਰਕਸ਼ੀਲ ਸੋਸਾਇਟੀ ਪੰਜਾਬ ਲੋਕਾਂ ਦੇ ਸੰਘਰਸ਼ਾਂ ਨਾਲ ਇਕਜੁਟਤਾ ਨੂੰ ਹੋਰ ਪੱਕਾ ਕਰਦੀ ਹੋਈ ਅਜਿਹਾ ਸਮਾਜ ਸਿਰਜਣ ਲਈ ਯਤਨਸ਼ੀਲ ਹੈ ਜਿਸ ਵਿੱਚ ਫਿਰਕਾਪ੍ਰਸਤੀ ਅਤੇ ਅੰਧਵਿਸ਼ਵਾਸੀ ਵਰਤਾਰਿਆਂ ਲਈ ਕੋਈ ਜਗ੍ਹਾ ਨਾ ਹੋਵੇ।

---

## ਬਹੁਤਾ ਨਾ ਪੜ੍ਹੋ ਦਿਮਾਗ ਹਿੱਲ ਜੂ !

ਮੇਰੇ ਵਾਂਗੂੰ ਤੁਸੀਂ ਵੀ ਕਿਸੇ ਨਾ ਕਿਸੇ ਮੂੰਹੋਂ ਸੁਣਿਆ ਹੀ ਹੋਣਾ। ਜਿਹੜਾ ਵੀ ਕਹਿੰਦਾ ਸਹੀ ਹੀ ਕਹਿੰਦਾ। ਜਿਆਦਾ ਪੜ੍ਹਨ ਨਾਲ਼ ਦਿਮਾਗ ਹਿੱਲ ਜਾਂਦਾ।

ਮੈਨੂੰ ਲੱਗਦਾ ਜੜ੍ਹ ਦਿਮਾਗ ਹੋਣ ਨਾਲ਼ੋਂ ਦਿਮਾਗ ਦਾ ਹਿੱਲ ਜਾਣਾ ਚੰਗਾ ਹੈ!

ਜਦੋਂ ਇੱਕ ਵਾਰ ਦਿਮਾਗ ਹਿੱਲਦਾ ਹੈ ਤਾਂ ਕਿਤੇ ਨਹੀਂ ਖੜ੍ਹਦਾ, ਫੇਰ ਇਹ ਕਲਪਨਾਵਾਂ ਦੀਆਂ ਉਡਾਰੀਆਂ ਭਰਨ ਲੱਗਦਾ ਹੈ, ਸੁਪਨੇ ਗੁੰਦਣ ਲੱਗਦਾ ਹੈ, ਰੀਝਾਂ ਪਾਲਣ ਲੱਗਦਾ ਹੈ!

ਅੱਜ ਤੱਕ ਦੁਨੀਆਂ ਵਿੱਚ ਜੋ ਵੀ ਨਵਾਂ ਹੋਇਆ ਉਹ ਹਿੱਲੇ ਹੋਏ ਦਿਮਾਗਾਂ ਨੇ ਹੀ ਕੀਤਾ ਹੈ।

ਜੇ ਸਪਾਰਟਕਸ ਅਤੇ ਉਸਦੇ ਨਾਲ਼ ਦੇ ਗੁਲਾਮਾਂ ਦਾ ਦਿਮਾਗ ਨਾ ਹਿੱਲਦਾ ਤਾਂ ਅਜੇ ਵੀ ਸਮਾਜ ਗੁਲਾਮਦਾਰੀ ਯੁੱਗ ਚ ਜੀਅ ਰਿਹਾ ਹੁੰਦਾ।

ਹਿੱਲੇ ਹੋਏ ਦਿਮਾਗਾਂ ਨੇ ਹੀ ਸਦਾ ਦੁਨੀਆਂ ਨੂੰ ਬਦਲਣ ਦੇ ਸੁਪਨੇ ਦੇਖੇ ਅਤੇ ਸਦਾ ਇਹਨੂੰ ਹੋਰ ਸੋਹਣਾ ਬਣਾਉਣਾ ਲੋਚਿਆ ਅਤੇ ਆਉਣ ਵਾਲ਼ੀਆਂ ਪੀੜ੍ਹੀਆਂ ਦਾ ਦਿਮਾਗ ਹਿਲਾਉਣ ਦੇ ਨੁਕਤੇ ਕਿਤਾਬਾਂ ਚ ਲਿਖ ਦਿੱਤੇ।

ਅਸਲੀ ਕਿਤਾਬ ਓਹੀ ਹੈ ਜੋ ਦਿਮਾਗ ਹਿਲਾ ਦਵੇ, ਦਿਮਾਗ ਹੀ ਨਹੀਂ ਸਗੋਂ ਸਾਡੀ ਜਿੰਦਗੀ ਚ ਉਥਲ-ਪੁਥਲ ਮਚਾ ਦਵੇ, ਤਾਂ ਕਿ ਸਾਨੂੰ ਸਾਡੇ ਆਲੇ-ਦੁਆਲੇ ਦਾ ਸਭ ਕੁਝ ਠੀਕ-ਠਾਕ ਲੱਗਣੋਂ ਹਟ ਜਾਵੇ ਅਤੇ ਫੇਰ ਅਸੀਂ ਕੁਝ ਨਵਾਂ ਸੋਚੀਏ।

ਕੁਝ ਨਵਾਂ, ਬਹੁਤ ਹੀ ਸੋਹਣਾ!

**– ਬਲਜੀਤ ਕੌਰ#ਲਲਕਾਰ**

* * * * *

# ਪਾਠਕ ਪ੍ਰਤੀਕਰਮ

ਤਰਕਸ਼ੀਲ ਮੈਗਜ਼ੀਨ ਦਾ ਏ. ਆਈ. ਵਿਸ਼ੇਸ਼ ਕੱਢਣ ਦਾ ਫੈਸਲਾ ਕਰਨ ਲਈ ਤੁਸੀਂ ਪ੍ਰਸੰਸਾ ਦੇ ਹੱਕਦਾਰ ਹੋ। ਇਹ ਅੱਜ ਦੇ ਦੌਰ ਵਿੱਚ ਵਿਗਿਆਨ ਦੀ ਮਹੱਤਵਪੂਰਨ ਡਿਵੈਲਪਮੈਂਟ ਹੈ ਜਿਸਦੇ ਬਾਰੇ ਜਾਣਨਾ ਸਾਡੇ ਲਈ ਬਹੁਤ ਜਰੂਰੀ ਹੈ।

ਏ.ਆਈ. ਬਾਰੇ ਮੇਰਾ ਵਿਚਾਰ ਹੈ ਕਿ ਇਹ ਮਨੁੱਖ ਤੋਂ ਅੱਗੇ ਨਹੀਂ ਜਾ ਸਕਦੀ, ਕਿਉਂਕਿ ਇਹ ਕਲਪਨਾ ਨਹੀਂ ਕਰ ਸਕਦੀ ਜਦ ਕਿ ਮਨੁੱਖ ਕਲਪਨਾ ਕਰ ਸਕਦਾ ਹੈ। ਇਹ ਸਿਰਫ ਓਹੀ ਕੁਝ ਕਰ ਸਕੇਗੀ ਜੋ ਮਨੁੱਖ ਵੱਲੋਂ ਇਸ ਵਿੱਚ ਭਰਿਆ ਜਾਵੇਗਾ। ਇਹ ਸੀਮਤਾਈ ਮੈਗਜ਼ੀਨ ਵਿੱਚ ਏ.ਆਈ. ਵੱਲੋਂ ਲਿਖੀ ਕਹਾਣੀ ਅਤੇ ਜਸਪਾਲ ਮਾਨਖੇੜਾ ਵੱਲੋਂ ਲਿਖੀ ਕਹਾਣੀ ਦੀ ਤੁਲਨਾ ਵਿਚੋਂ ਵੀ ਵੇਖੀ ਜਾ ਸਕਦੀ ਹੈ। ਮਾਨਖੇੜਾ ਨੇ ਕਹਾਣੀ ਵਿੱਚ ਉਨ੍ਹਾਂ ਪ੍ਰਸਥਿਤੀਆਂ ਨੂੰ ਚਿਤਰਿਆ ਹੈ ਜਿਨ੍ਹਾਂ ਵਿਚੋਂ ਕਹਾਣੀ ਦੇ ਪਾਤਰਾਂ ਦੀ ਵਿਸ਼ੇਸ਼ ਸੋਚ ਬਣਦੀ ਹੈ ਅਤੇ ਉਸ ਅਨੁਸਾਰ ਉਹ ਆਪਣਾ ਰੋਲ ਕਰਦੇ ਹਨ, ਜਦ ਕਿ ਏ.ਆਈ. ਵੱਲੋਂ ਲਿਖੀ ਕਹਾਣੀ ਵਿੱਚ ਕੇਵਲ ਘਟਨਾਵਾਂ ਦਾ ਵਰਣਨ ਹੈ। ਆਉਣ ਵਾਲੇ ਸਮੇਂ ਵਿੱਚ ਏ.ਆਈ. ਨੇ ਹੋਰ ਬਹੁਤ ਸਾਰੇ ਖੇਤਰਾਂ ਵਿੱਚ ਦਖਲ-ਅੰਦਾਜ਼ੀ ਕਰਨੀ ਹੈ ਇਸ ਲਈ ਇਸ ਬਾਰੇ ਗੱਲ ਜਾਰੀ ਰੱਖਣੀ ਚਾਹੀਦੀ ਹੈ।

**ਜਗਦੇਵ ਸਿੰਘ ਜੱਗਾ, ਬੰਗੀ ਕਲਾਂ**

ਤਰਕਸ਼ੀਲ ਸੋਸਾਇਟੀ ਦੇ ਬੁਲਾਰੇ ਵਜੋਂ ਜਾਣੇ ਜਾਂਦੇ ਮੈਗਜ਼ੀਨ ਤਰਕਸ਼ੀਲ ਦੇ ਮਸ਼ੀਨੀ ਬੌਧਿਕਤਾ ਵਿਸ਼ੇਸ਼ ਅੰਕ ਨੇ ਵਿਸ਼ੇਸ਼ ਤੌਰ ਤੇ ਮੇਰਾ ਧਿਆਨ ਆਪਣੇ ਵੱਲ ਖਿਚਿਆ ਹੈ। ਪਰਚੇ ਵੱਲੋ ਸਿਰਜਿਆ ਇਹ ਪ੍ਰਵਚਨ ਪੂਰੀ ਤਰ੍ਹਾਂ ਤਰਕ 'ਤੇ ਅਧਾਰਿਤ ਹੈ ਕਿ ਆਉਣ ਵਾਲਾ ਸਮਾਂ ਏ. ਆਈ. ਜਾਂ ਮਸ਼ੀਨੀ ਬੁੱਧੀ ਦਾ ਸਮਾਂ ਹੋਵੇਗਾ। ਇਹ ਗੱਲ ਹੁਣ ਨਿਸਚਿਤ ਵੀ ਵਿਖਾਈ ਦਿੰਦੀ ਹੈ ਕਿ ਅਸੀਂ ਪੁਰਜੋਰ ਵਿਰੋਧ ਕਰਕੇ ਵੀ ਇਸਦੀ ਆਮਦ ਨੂੰ ਰੋਕ ਨਹੀਂ ਸਕਾਂਗੇ। ਇਸ ਲਈ ਸਾਡੇ ਲਈ ਬਿਹਤਰ ਇਹੀ ਹੈ ਕਿ ਅਸੀਂ ਮਸ਼ੀਨੀ ਬੌਧਿਕਤਾ ਬਾਰੇ ਵੱਧ ਤੋ ਵੱਧ ਜਾਣਕਾਰੀ ਹਾਸਲ ਕਰਕੇ ਆਉਣ ਵਾਲੇ ਸਮੇਂ ਦੀਆਂ ਚੁਣੌਤੀਆਂ ਦਾ ਮੁਕਾਬਲਾ ਕਰਨ ਦੇ ਕਾਬਲ ਬਣੀਏ।

ਪਰਚੇ ਵਿਚ ਸ਼ਾਮਲ ਰਾਜਪਾਲ ਸਿੰਘ ਤੇ ਡਾ. ਰਜਿੰਦਰਪਾਲ ਬਰਾੜ ਦੇ ਲੇਖ ਏ. ਆਈ. ਦੀ ਵਰਤੋਂ ਅਤੇ ਨਫੇ ਨੁਕਸਾਨ ਬਾਰੇ ਏਨੀ ਸਰਲ, ਸਹਿਜ ਤੇ ਦਿਲਚਸਪ ਭਾਸ਼ਾ ਵਿਚ ਜਾਣਕਾਰੀ ਦਿੰਦੇ ਹਨ ਕਿ ਇਹ ਦੋਵੇਂ ਲੇਖ ਪਾਠਕੀ ਚੇਤਿਆਂ ਵਿਚ ਚੰਗੀ ਖੁਣ ਜਾਂਦੇ ਹਨ। ਇਹ ਲੇਖ ਜਿੱਥੇ ਇਹਨਾਂ ਤੌਖਲਿਆਂ ਨੂੰ ਨਕਾਰਦੇ ਹਨ ਕਿ ਕਿਸੇ ਖਾਸ ਪੜਾਅ 'ਤੇ ਮਸ਼ੀਨੀ ਬੁੱਧੀ ਮਨੁੱਖੀ ਬੁੱਧੀ ਨੂੰ ਪੂਰਨ ਤੌਰ ਤੇ ਆਪਣੇ ਤੇ ਨਿਰਭਰ ਕਰ ਕੇ ਮਨੁੱਖ ਨੂੰ ਆਪਣਾ ਗੁਲਾਮ ਬਣਾ ਲਵੇਗੀ, ਉਥੇ ਇਹ ਚਿਤਾਵਨੀ ਵੀ ਦਿੰਦੇ ਹਨ ਕਿ ਜੇ ਆਈ.ਟੀ. ਅਤੇ ਏ.ਆਈ. ਸੈਕਟਰ ਉਤੇ ਕਾਰਪੋਰੇਟ ਜਗਤ ਦਾ ਹੀ ਏਕਾ-ਅਧਿਕਾਰ ਰਿਹਾ ਤਾਂ ਮਿਹਨਤਕਸ਼ ਜਮਾਤ ਤੇ ਆਮ ਲੋਕਾਂ ਨੂੰ ਇਸਦਾ ਨੁਕਸਾਨ ਜ਼ਰੂਰ ਪੁੱਜੇਗਾ। ਇਸ ਗੱਲ ਲਈ ਪ੍ਰੇਰਿਤ ਕਰਦੇ ਹਨ ਕਿ ਉਹ ਏ.ਆਈ. ਦੇ ਨਤੀਜਿਆਂ ਨੂੰ ਲੋਕ ਹਿਤੈਸ਼ੀ ਦਿਸ਼ਾ ਦੇਣ ਲਈ ਲੋਕ ਸੰਘਰਸ਼ਾਂ, ਲੋਕਪੱਖੀ ਸ਼ਖਸੀਅਤਾਂ, ਲੋਕ ਸਭਿਆਚਾਰ ਤੇ ਲੋਕ ਧਾਰਾ ਬਾਰੇ ਵੱਧ ਤੋਂ ਵੱਧ ਤੋ ਵੱਧ ਡਾਟੇ ਕੰਪਿਊਟਰ ਵਿਚ ਫੀਡ ਕਰਨ ਸਬੰਧੀ ਨਵੀਂ ਪਹਿਲ ਕਦਮੀ ਕਰਨ।

ਤਰਕਸ਼ੀਲ ਸੁਸਾਇਟੀ ਹਰੇਕ ਨਵੇ ਵਰਤਾਰੇ ਨੂੰ ਭਾਵਨਾਵਾਂ ਦੀ ਬਜਾਏ ਤਰਕ ਦੀ ਕਸਵੱਟੀ ਤੇ ਹੀ ਪਰਖਦੀ ਹੈ। ਸਾਹਿਤਕ ਖੇਤਰ ਵਿਚ ਮਸ਼ੀਨੀ ਬੌਧਿਕਤਾ ਦੇ ਵੱਧ ਰਹੇ ਦਖਲ ਦੇ ਸੰਭਾਵਿਤ ਨਤੀਜਿਆਂ ਨੂੰ ਪਰਖਣ ਲਈ ਵੀ ਉਸ ਇਹੀ ਵਿਧੀ ਅਪਣਾਈ ਹੈ। ਸੁਸਾਇਟੀ ਨੇ ਜੋਤਿਸ਼ ਦੇ ਨਾਂ ਤੇ ਲੋਕਾਂ ਦੇ ਜੀਵਨ ਨਾਲ ਕੀਤੇ ਜਾ ਰਹੇ ਖਿਲਵਾੜ ਨਾਲ ਸਬੰਧਿਤ ਇਕ ਕੇਸ ਬਾਰੇ ਕਹਾਣੀ ਲਿਖਣ ਦਾ ਕੰਮ ਮਸ਼ੀਨ ਤੇ ਮਨੁੱਖ (ਕਹਾਣੀਕਾਰ ਜਸਪਾਲ ਮਾਨਖੇੜਾ) ਨੂੰ ਸੌਂਪਿਆਂ ਗਿਆ। ਹੁਣ ਜੇ ਮੈਗਜ਼ੀਨ ਦੇ ਇਸ ਅੰਕ ਵਿਚ ਇਸ ਵਿਸ਼ੇ ਤੇ ਛਪੀਆਂ ਦੋਵੇਂ ਕਹਾਣੀਆਂ ਵਿਚਲੇ ਫਰਕ ਨੂੰ ਵੇਖੀਏ ਤਾਂ ਸਹਿਜੇ ਹੀ ਸਪਸ਼ਟ ਹੋ ਜਾਂਦਾ ਹੈ ਕਿ ਭਾਵਨਾਵਾਂ ਰਹਿਤ ਮਸ਼ੀਨੀ ਬੁੱਧੀ ਕਦੇ ਵੀ ਪੂਰਨ ਤੌਰ 'ਤੇ ਮਨੁੱਖੀ ਬੁੱਧੀ ਦਾ ਬਦਲ ਨਹੀਂ ਬਣ ਸਕਦੀ। ਮਾਨਖੇੜਾ ਦੀ ਕਹਾਣੀ ਆਪਣੇ ਪਾਤਰਾਂ ਦੇ ਮਨੋ ਵਿਗਿਆਨ ਦੀ ਪਰਤਾਂ ਨੂੰ ਜਿਸ ਸੂਖਮਤਾ ਨਾਲ ਫੜਦੀ ਹੈ, ਮਸ਼ੀਨੀ ਬੁੱਧੀ ਨਾਲ ਲਿਖੀ ਕਹਾਣੀ ਇਸ ਦੇ ਨੇੜੇ ਵੀ ਨਹੀਂ ਅਪੜਦੀ।

ਮਸਨੂਈ ਬੁੱਧੀ ਦੇ ਸਾਡੇ ਜੀਵਨ ਤੇ ਪੈ ਸਕਦੇ ਪ੍ਰਭਾਵਾਂ ਦੀ ਸਟੀਕ ਬਿਆਨੀ ਕਰਦੀ ਅਜਮੇਰ ਸਿੱਧੂ ਦੀ ਕਹਾਣੀ ਨਵੇਂ ਅਵਤਾਰ ਇਸ ਅੰਕ ਦਾ ਵਿਸ਼ੇਸ਼ ਹਾਸਲ ਹੈ। ਕਹਾਣੀ ਸਵਾਲ ਪੈਦਾ ਕਰਦੀ ਹੈ ਕਿ ਮਸ਼ੀਨੀ ਬਲ ਤਾਂ ਪਹਿਲਾਂ ਹੀ ਮਨੁੱਖੀ ਬਲ 'ਤੇ ਹਾਵੀ ਪ੍ਰਭਾਵੀ ਹੈ ਜੇ ਮਸ਼ੀਨੀ ਬੁੱਧੀ ਮਨੁੱਖੀ ਬੁੱਧੀ ਉੱਤੇ ਹਾਵੀ ਹੋ ਗਈ ਤਾਂ ਸਮਾਜ ਤੇ ਸਮਾਜਿਕਤਾ ਦੇ ਅਰਥ ਹੀ ਕੀ ਰਹਿ ਜਾਣਗੇ ? ਕਹਾਣੀ ਦੇ ਅੰਤ ਤੇ ਵਰਿੰਦਰ ਸਰ ਦੇ ਇਹ ਸ਼ਬਦ ਪਾਠਕਾਂ ਲਈ ਧਰਵਾਸ ਬਣਦੇ ਹਨ, "ਸੁਪਰ ਕੰਪਿਊਟਰ ਵਰਗੀਆਂ ਤਕਨੀਕਾਂ ਸਿਰਫ ਕਾਰਪੋਰੇਟਾਂ ਦੇ ਮੁਨਾਫੇ ਲਈ ਵਰਤੀਆਂ ਜਾ ਰਹੀਆਂ ਹਨ ..ਅਜਿਹੇ ਸੰਕਟਾਂ ਵੇਲੇ ਆਮ ਬੰਦੇ ਦਾ ਹੱਥ ਸਿਰਫ ਆਮ ਬੰਦਾ ਹੀ ਫੜ੍ਹਦਾ ਹੈ।" **-ਨਿਰੰਜਣ ਬੋਹਾ**

ਅੰਕ ਮਈ ਜੂਨ 2025 ਵਿੱਚ ਕੁਲਜੀਤ ਡੰਗਰ ਖੇੜਾ ਵੱਲੋਂ 'ਪੈਰੀਆਰ ਦੀ ਵਿਰਾਸਤ' ਲੇਖ ਵਿੱਚ ਫੀਰਾ ਕਾਨਫਰੰਸ ਦੌਰਾਨ ਤਾਮਿਲਨਾਡੂ ਫੇਰੀ ਬਾਰੇ 'ਮਾਂ ਬੋਲੀ ਦਾ ਮਾਣ' ਸਿਰਲੇਖ ਹੇਠ ਲਿਖਿਆ ਗਿਆ ਹੈ-

ਫਿਰ ਉਸ ਨੇ ਹਿੰਦੀ ਬੋਲਦੇ ਹੋਏ ਦੱਸਿਆ ਕਿ ਉਹ ਹਿੰਦੀ ਬੋਲ ਤਾਂ ਲੈਂਦੀ ਹੈ ਪਰ ਅਸੀਂ ਲੋਕ ਹਿੰਦੀ ਬੋਲਣਾ ਪਸੰਦ ਨਹੀ ਕਰਦੇ। ਅਸੀ ਆਪਣੀ ਮਾਂ ਬੋਲੀ ਨੂੰ ਬੇਹੱਦ ਪਿਆਰ ਕਰਦੇ ਹਾਂ। ....ਸਾਨੂੰ ਵੀ ਉਹਨਾਂ ਤੋਂ ਆਪਣੀ ਮਾਂ ਬੋਲੀ ਨੂੰ ਸੰਭਾਲਣ ਅਤੇ ਹਰ ਥਾਂ ਤੇ ਵਰਤਣ ਦਾ ਸਬਕ ਲੈਣਾ ਚਾਹੀਦਾ ਹੈ।"

ਇਸ ਲਿਖਤ ਤੋ ਸਵਾਲ ਪੈਦਾ ਹੁੰਦਾ ਹੈ।

1 ਕਿ ਇਹ ਭਾਸ਼ਾ ਵਿਚ ਕੱਟੜਵਾਦ ਨਹੀ ਹੈ ?

2 ਕਿ ਆਪਣੀ ਮਾਂ ਬੋਲੀ ਨੂੰ ਬੇਹੱਦ ਪਿਆਰ ਕਰਨ ਲਈ ਦੂਜੀ ਭਾਸ਼ਾ ਨੂੰ ਨਫਰਤ ਕਰਨਾ ਜਰੂਰੀ ਹੈ।

3 ਕਿ ਮਾਂ ਬੋਲੀ ਪ੍ਰਤੀ ਭਾਵਨਾਤਮਕ ਲਗਾਅ ਤਰਕਸ਼ੀਲ ਨਜ਼ਰੀਏ ਨਾਲ ਮੇਲ ਖਾਂਦਾ ਹੈ।

4 ਕਿ ਇਕ ਹੀ ਭਾਸ਼ਾ ਵਿਚ ਸੰਚਾਰ ਵਖ ਵਖ ਖਿੱਤੇ ਦੇ ਲੋਕਾਂ ਵਿਚ ਮੇਲ-ਜੋਲ ਲਈ ਰੁਕਾਵਟ ਨਹੀ ਬਣਦੇ।

ਅੰਕ ਜੁਲਾਈ ਅਗਸਤ 2025 ਵਿਚ ਪਾਠਕਾਂ ਨੇ ਅਵਤਾਰ ਗੌਂਦਾਰਾ ਜੀ ਦੇ ਲੇਖ ਸਬੰਧੀ ਔਖੇ ਸ਼ਬਦ ਬਾਰੇ ਜਿਕਰ ਕੀਤਾ ਹੈ। ਮੇਰੀ ਸਮਝ ਅਨੁਸਾਰ ਲਿਖਤ ਵਿਚ ਕੋਈ ਸ਼ਬਦ ਔਖਾ ਨਹੀ ਹੁੰਦਾ। ਹਾਂ ਨਵਾਂ ਜਰੂਰ ਹੋ ਸਕਦਾ ਹੈ। ਕੁਝ ਸ਼ਬਦ ਆਮ ਬੋਲ ਚਾਲ ਵਿੱਚ ਹੋਣ ਕਾਰਨ ਸਾਨੂੰ ਸੌਖੇ ਲਗਦੇ ਹਨ। ਅਵਤਾਰ ਗੌਂਦਾਰਾ ਦੇ ਲੇਖ ਵਿਚ ਇਕ ਦੋ ਸ਼ਬਦ ਜਰੂਰ ਨਵੇਂ ਹੁੰਦੇ ਨੇ, ਪਰ ਲੇਖ ਮਹੱਤਵਪੂਰਨ ਅਤੇ ਨਾਲ ਨਾਲ ਤੋਰਨ ਵਾਲਾ ਹੁੰਦਾ ਹੈ। ਸ਼ਬਦ ਭੰਡਾਰ ਵਿੱਚ ਵਾਧਾ ਕਰਨ ਲਈ ਨਵੇਂ ਸ਼ਬਦਾਂ ਦਾ ਹੋਣਾ ਜਰੂਰੀ ਵੀ ਹੈ।

**ਪ੍ਰਿੰ. ਗੁਰਮੀਤ ਖਰੜ, ਜੋਨ ਮੀਡੀਆ ਵਿਭਾਗ ਮੁਖੀ**

**ਭਾਸ਼ਾਈ ਕੱਟੜਵਾਦ ਸਬੰਧੀ ਉਠਾਏ ਪ੍ਰਸ਼ਨ ਬਾਰੇ ਲੇਖਕ ਦਾ ਸਪਸ਼ਟੀਕਰਨ**

ਪੇਰੀਆਰ ਦੀ ਵਿਰਾਸਤ ਲੇਖ ਵਿੱਚ ਮਾਂ ਬੋਲੀ ਦਾ ਮਾਣ ਉੱਪ ਸਿਰਲੇਖ ਅਧੀਨ ਇੱਕ ਵਾਕ, ਸਾਨੂੰ ਵੀ ਉਹਨਾਂ (ਤਾਮਿਲ ਲੋਕਾਂ) ਤੋਂ ਆਪਣੀ ਮਾਂ ਬੋਲੀ ਨੂੰ ਸੰਭਾਲਣ ਅਤੇ ਹਰ ਥਾਂ ਵਰਤਣ ਲਈ ਸਬਕ ਲੈਣਾ ਚਾਹੀਦਾ ਹੈ।" ਲਿਖਿਆ ਗਿਆ ਹੈ। ਇਸ ਗੱਲ ਦਾ ਮਤਲਬ ਭਾਸ਼ਾ ਪ੍ਰਤੀ ਕੱਟੜਤਾ ਨਹੀਂ ਸਗੋਂ ਮਾਂ ਬੋਲੀ ਦੀ ਵਧੇਰੇ ਵਰਤੋਂ ਕਰਨ ਅਤੇ ਇਸ ਪ੍ਰਤੀ ਪਿਆਰ ਨੂੰ ਪ੍ਰਗਟ ਕਰਨ ਬਾਰੇ ਕਿਹਾ ਗਿਆ ਹੈ। ਇਸੇ ਹੀ ਹਿੱਸੇ ਵਿੱਚ ਜਿਸ ਤਾਮਿਲ ਲੜਕੀ ਦੀ ਗੱਲ ਕੀਤੀ ਗਈ ਹੈ, ਉਹ ਖੁਦ ਵੀ ਸੱਤ ਭਾਸ਼ਾਵਾਂ ਦੀ ਜਾਣੂ ਹੈ। ਜੇ ਭਾਸ਼ਾਵਾਂ ਪ੍ਰਤੀ ਉਸਦਾ ਨਜ਼ਰੀਆ ਕੱਟੜਤਾ ਵਾਲਾ ਹੁੰਦਾ ਤਾਂ ਉਸ ਨੇ ਕਦੇ ਵੀ ਹੋਰ ਭਾਸ਼ਾਵਾਂ ਨਹੀਂ ਸਿੱਖਣੀਆਂ ਸਨ। ਇਸ ਤੋਂ ਸਪਸ਼ਟ ਹੈ ਕਿ ਦੂਜੀਆਂ ਭਾਸ਼ਾਵਾਂ ਸਿੱਖਣੀਆਂ ਚੰਗੀ ਗੱਲ ਹੈ ਪਰ ਸਿੱਖਣ-ਸਿਖਾਉਣ ਲਈ ਆਪਣੀ ਮਾਂ ਬੋਲੀ ਦੀ ਵਧੇਰੇ ਵਰਤੋਂ ਕਰਨੀ ਚਾਹੀਦੀ ਹੈ। ਬਹੁਤ ਸਾਰੇ ਮਨੋਵਿਗਿਆਨੀ ਵੀ ਇਸ ਗੱਲ ਨੂੰ ਮੰਨਦੇ ਹਨ ਕਿ ਗਿਆਨ ਪ੍ਰਾਪਤੀ ਲਈ ਜੋ ਭੂਮਿਕਾ ਮਾਂ ਬੋਲੀ ਅਦਾ ਕਰ ਸਕਦੀ ਹੈ ਉਹ ਦੂਜੀਆਂ ਭਾਸ਼ਾਵਾਂ ਨਹੀਂ ਕਰ ਸਕਦੀਆਂ। ਇਸੇ ਕਾਰਨ ਹੀ ਸਿੱਖਿਆ ਸ਼ਾਸਤਰੀ ਬੱਚੇ ਦੀ ਮੁੱਢਲੀ ਸਿੱਖਿਆ ਮਾਂ ਬੋਲੀ ਵਿੱਚ ਦੇਣ ਲਈ ਜੋਰ ਦਿੰਦੇ ਹਨ। ਪੰਜਾਬੀ ਦੇ ਉੱਘੇ ਸ਼ਾਇਰ ਸੁਰਜੀਤ ਪਾਤਰ ਨੇ ਵੀ ਆਪਣੀ ਕਵਿਤਾ ਆਇਆ ਨੰਦ ਕਿਸ਼ੋਰ ਵਿੱਚ ਪੰਜਾਬੀਆਂ ਦੁਆਰਾ ਮਾਂ ਬੋਲੀ ਪੰਜਾਬੀ ਦੀ ਘਟਦੀ ਵਰਤੋਂ ਬਾਰੇ ਚਿੰਤਾ ਪ੍ਰਗਟ ਕੀਤੀ ਹੈ ਅਤੇ ਨਾਲ ਹੀ ਦੱਸਿਆ ਹੈ ਕਿ ਕਿਵੇਂ ਪੰਜਾਬ ਤੋਂ ਬਾਹਰੋਂ ਆ ਕੇ ਵਸੇ ਪ੍ਰਵਾਸੀ ਮਜਦੂਰ ਅਤੇ ਉਹਨਾਂ ਦੇ ਬੱਚੇ ਪੰਜਾਬੀ ਸਿੱਖ ਰਹੇ ਹਨ। ਸੋ ਇਸ ਲੇਖ ਲਿਖਣ ਦਾ ਮਕਸਦ ਦੱਖਣੀ ਭਾਰਤ ਦੇ ਲੋਕਾਂ ਦੀਆਂ ਚੰਗੀਆਂ ਕਦਰਾਂ-ਕੀਮਤਾਂ ਨੂੰ ਪੇਸ਼ ਕਰਕੇ ਕੁਝ ਨਵਾਂ ਸਿੱਖਣ ਬਾਰੇ ਹੀ ਹੈ।

**ਕੁਲਜੀਤ ਡੰਗਰਖੇੜਾ, ਸੰਪਾਦਕ ਹਿੰਦੀ ਮੈਗਜ਼ੀਨ 'ਤਰਕਸ਼ੀਲ ਪਥ'**

ਤਰਕਸ਼ੀਲ ਮੈਗਜ਼ੀਨ ਹੁਣ ਨਵੀਆਂ ਰਾਹਾਂ ਤੇ ਪੈ ਗਿਆ ਹੈ। ਇਸ ਵਾਰ ਦੇ ਨਿਵੇਕਲੇ ਉਪਰਾਲੇ ਤੋਂ ਬਹੁਤ ਕੁਛ ਵਧੀਆ ਤੇ ਚੰਗਾ ਲੱਗਿਆ। ਕਹਾਣੀ ਦਾ ਤੁਲਨਾਤਮਿਕ ਅਧਿਐਨ ਕਰੀਏ ਤਾਂ ਇੰਝ ਲਗਦਾ ਹੈ ਕਿ AI ਗਰੋਕ ਦੀ ਲਿਖੀ ਕਹਾਣੀ ਮਨੁੱਖੀ ਬੁੱਧੀ ਵਾਲੀ ਯਾਨੀ ਜਸਪਾਲ ਮਾਨਖੇੜਾ ਵੱਲੋਂ ਲਿਖੀ ਕਹਾਣੀ ਦਾ ਸਾਰੰਸ਼ ਕਹਿ ਸਕਦੇ ਹਾਂ। ਇਹ ਅਸਲ ਕਹਾਣੀ ਤੋਂ ਬਹੁਤ ਦੂਰ ਐ। ਗ੍ਰੋਕ ਸਾਫਟਵੇਅਰ ਕੋਲ਼ ਕੋਈ ਭਾਵੁਕਤਾ ਜਾਂ ਸੰਵੇਦਨਸ਼ੀਲਤਾ ਨਹੀਂ ਹੈ ਜੋ ਮਨੁੱਖੀ ਬੁੱਧੀ ਕੋਲ਼ ਹੋ ਸਕਦੀ ਐ। ਮਾਨਖੇੜਾ ਸਾਹਿਬ ਦੀ ਕਹਾਣੀ ਵਿੱਚ ਆਏ ਹੋਏ ਸਭਿਆਚਾਰਕ ਪੇਂਡੂ ਸ਼ਬਦ ਰੋਪਨਾ, ਅਤੇ ਮੁਹਾਵਰੇ ਜਾਂ ਕਵਿਤਾ ਦੇ ਅੰਸ਼ ਜਿਹੜੇ ਓਹਨਾਂ ਵਰਤੇ ਹਨ ਇਹ AI ਗ੍ਰੋਕ ਨਹੀਂ ਕਰ ਸਕਦਾ। ਲੇਖਕ ਆਪਣੀ ਬੁੱਧੀ ਰਾਹੀਂ, ਆਪਣੀ ਕਲਾ ਰਾਹੀਂ ਕਹਾਣੀ ਵਿੱਚ ਜਿਹੜਾ ਵਾਤਾਵਰਣ ਸਿਰਜਦਾ ਹੈ ਤੇ ਓਹ ਗਰੋਕ ਦੇ ਵਸ ਦੀ ਗੱਲ ਨਹੀਂ ਹੈ। ਗਰੋਕ ਪਾਠਕ ਨੂੰ ਰੁਆ ਨਹੀਂ ਸਕਦਾ ਪਰ ਲੇਖਕ ਆਪਣੀ ਬੁੱਧੀ ਅਤੇ ਕਲਾ ਨਾਲ਼ ਰੁਆ ਸਕਦਾ ਐ। ਇਸ ਲਈ ਮਾਨਖੇੜਾ ਸਾਹਿਬ ਵੱਲੋਂ ਲਿਖੀ ਗਈ ਕਹਾਣੀ ਹੀ ਸਹੀ ਕਹਾਣੀ ਐ। ਉਂਝ ਨਵੇਂ ਤਜ਼ਰਬੇ ਦਾ ਪਤਾ ਲੱਗਿਆ। ਪਰ ਇਸ ਦੀ ਵਰਤੋਂ ਨਾਲ਼ ਹੋ ਸਕਦੈ ਮਨੁੱਖ ਆਪਣੀ ਮੌਲਿਕ ਯਾਦਾਸ਼ਤ ਹੀ ਗੁਆ ਲਵੇ । **ਮਨਜੀਤ ਸਿੰਘ ਜੀਤ, ਬਠਿੰਡਾ**

# ਲੇਖ ਰਚਨਾ ਮੁਕਾਬਲਾ

ਅਦਾਰਾ 'ਤਰਕਸ਼ੀਲ' ਵੱਲੋਂ ਸ਼ੁਰੂ ਕੀਤੇ ਗਏ ਲੇਖ ਰਚਨਾ ਮੁਕਾਬਲੇ ਲਈ ਇਸ ਵਾਰ ਦਾ ਵਿਸ਼ਾ ਸੀ – ਸਭ ਤੋਂ ਖਤਰਨਾਕ ਹੁੰਦਾ ਹੈ ਸਾਡੇ ਸੁਪਨਿਆਂ ਦਾ ਮਰ ਜਾਣਾ। ਲੇਖ ਮੁਕਾਬਲੇ ਨੂੰ ਕਾਫੀ ਵੱਡਾ ਹੁੰਗਾਰਾ ਮਿਲਿਆ ਹੈ। ਸਾਨੂੰ ਪ੍ਰਾਪਤ ਹੋਏ ਲੇਖਾਂ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ **ਵਰਿੰਦਰ ਮਹਿਤਾ, ਪਟਿਆਲਾ** ਨੇ ਅਤੇ ਦੂਸਰਾ ਸਥਾਨ ਹਾਸਲ ਕੀਤਾ ਹੈ **ਸ਼ੁਭਕਿਰਨ, ਅੰਮ੍ਰਿਤਸਰ** ਨੇ। ਇਹ ਦੋਵੇਂ ਲੇਖ ਪ੍ਰਕਾਸ਼ਿਤ ਕੀਤੇ ਜਾ ਰਹੇ ਹਨ। ਇਨ੍ਹਾਂ ਤੋਂ ਇਲਾਵਾ ਹੋਰ ਵੀ ਕਾਫੀ ਪਾਠਕਾਂ ਨੇ ਇਸ ਵਿਸ਼ੇ ਉਪਰ ਵਧੀਆ ਲਿਖਤਾਂ ਭੇਜੀਆਂ ਹਨ, ਉਨ੍ਹਾਂ ਵਿਚੋਂ ਵੀ ਕੁਝ ਚੋਣਵੇਂ ਅੰਸ਼ ਅੱਗੇ ਸਾਂਝੇ ਕਰ ਰਹੇ ਹਾਂ।

(1)

ਸਭ ਤੋਂ ਖਤਰਨਾਕ ਹੁੰਦਾ ਹੈ ਸਾਡੇ ਸੁਪਨਿਆਂ ਦਾ ਮਰ ਜਾਣਾ ਪਾਸ਼ ਦਾ ਇਹ ਕਹਿਣਾ ਸਿਰਫ਼ ਕਵਿਤਾ ਦੀ ਇੱਕ ਤੁਕ ਨਹੀਂ, ਸਗੋਂ ਜੀਵਨ ਦੀ ਇੱਕ ਭਿਆਨਕ ਸੱਚਾਈ ਅਤੇ ਸਾਡੇ ਸਮੇਂ ਦੀ ਸਭ ਤੋਂ ਵੱਡੀ ਖ਼ਤਰੇ ਦੀ ਘੰਟੀ ਹੈ। ਪਾਸ਼, ਜਿਸਨੇ ਆਪਣੀ ਕਵਿਤਾ ਨਾਲ ਸਮਾਜਕ ਅਨਿਆਂ, ਜ਼ੁਲਮ ਅਤੇ ਗ਼ੁਲਾਮੀ ਦੇ ਵਿਰੁੱਧ ਆਵਾਜ਼ ਬੁਲੰਦੀ ਕੀਤੀ, ਉਸਨੇ ਸਾਫ਼ ਦੱਸਿਆ ਕਿ ਸਰੀਰਕ ਮੌਤ ਤੋਂ ਵੀ ਜ਼ਿਆਦਾ ਖ਼ਤਰਨਾਕ ਉਹ ਮਾਨਸਿਕ–ਆਤਮਿਕ ਮੌਤ ਹੁੰਦੀ ਹੈ ਜਦੋਂ ਅਸੀਂ ਸੁਪਨੇ ਦੇਖਣਾ, ਬਦਲਾਅ ਦੀ ਉਮੀਦ ਕਰਨਾ ਅਤੇ ਵਧੀਆ ਭਵਿੱਖ ਲਈ ਲੜਨਾ ਛੱਡ ਦਿੰਦੇ ਹਾਂ। ਅੱਜ, 21ਵੀਂ ਸਦੀ ਦੇ ਇਸ ਜਟਿਲ ਦੌਰ ਵਿੱਚ, ਜਦੋਂ ਅਸੀਂ ਗਲੋਬਲਾਈਜ਼ੇਸ਼ਨ, ਤਕਨਾਲੋਜੀ ਦੇ ਵਿਸਫੋਟ ਅਤੇ ਬੇਮਿਸਾਲ ਚੁਨੌਤੀਆਂ ਦੇ ਵਿਚਕਾਰ ਜੀਅ ਰਹੇ ਹਾਂ, ਪਾਸ਼ ਦੀ ਇਹ ਚੇਤਾਵਨੀ ਪਹਿਲਾਂ ਨਾਲੋਂ ਕਿਤੇ ਵੱਧ ਡੂੰਘੀ ਮਹੱਤਤਾ ਰੱਖਦੀ ਹੈ।

ਸੁਪਨੇ ਸਿਰਫ਼ ਖ਼ਿਆਲੀ ਖੇਡ ਨਹੀਂ। ਉਹ ਮਨੁੱਖੀ ਤਰੱਕੀ, ਸਿਰਜਣਾਤਮਕਤਾ ਅਤੇ ਜੀਵਨ ਲਈ ਲੋੜੀਂਦੀ ਊਰਜਾ ਦਾ ਸੋਮਾ ਹਨ। ਉਹ ਅਸਲੀਅਤ ਦੀਆਂ ਕੰਧਾਂ ਨੂੰ ਤੋੜਕੇ ਨਵੀਆਂ ਸੰਭਾਵਨਾਵਾਂ ਦੇ ਦਰਵਾਜ਼ੇ ਖੋਲ੍ਹਦੇ ਹਨ। ਸਮਾਜਿਕ ਨਿਆਂ ਦਾ ਸੁਪਨਾ, ਵਿਅਕਤੀਗਤ ਪੂਰਨਤਾ ਦਾ ਸੁਪਨਾ, ਇੱਕ ਸ਼ਾਂਤ ਅਤੇ ਸੁਮੇਲ ਵਾਲੇ ਸੰਸਾਰ ਦਾ ਸੁਪਨਾ – ਇਹ ਸਭ ਮਨੁੱਖੀ ਸਭਿਅਤਾ ਨੂੰ ਅੱਗੇ ਧੱਕਣ ਵਾਲੇ ਇੰਜਣ ਹਨ। ਜਦੋਂ ਇਹ ਸੁਪਨੇ ਮਰ ਜਾਂਦੇ ਹਨ, ਤਾਂ ਜੀਵਨ ਸਿਰਫ਼ ਟੁੱਟੇ–ਫੁੱਟੇ ਅਨੁਭਵਾਂ ਦਾ ਇੱਕ ਬੋਝ ਬਣ ਕੇ ਰਹਿ ਜਾਂਦਾ ਹੈ। ਆਤਮਾ ਦੀ ਚਿੰਗਾਰੀ ਬੁਝ ਜਾਂਦੀ ਹੈ, ਅਤੇ ਅਸੀਂ ਮਸ਼ੀਨਾਂ ਵਾਂਗ ਕੰਮ ਕਰਨ ਅਤੇ ਮਰਨ ਲਈ ਮਜਬੂਰ ਹੋ ਜਾਂਦੇ ਹਾਂ।

**ਅੱਜ ਦੇ ਸੰਦਰਭ ਵਿੱਚ ਸੁਪਨਿਆਂ ਦਾ ਕਤਲ: ਸੂਖ਼ਮ ਅਤੇ ਭਿਆਨਕ**

ਪਾਸ਼ ਦੇ ਸਮੇਂ ਦੇ ਖੁੱਲ੍ਹੇ ਜ਼ੁਲਮ ਅਤੇ ਦਮਨ ਦੇ ਤਰੀਕੇ ਅੱਜ ਵਧੇਰੇ ਸੂਖ਼ਮ, ਪਰ ਉਸੇ ਤਰ੍ਹਾਂ ਭਿਆਨਕ ਰੂਪ ਧਾਰਨ ਕਰ ਚੁੱਕੇ ਹਨ, ਜੋ ਸਾਡੇ ਸੁਪਨਿਆਂ ਨੂੰ ਚੁੱਪਚਾਪ ਮਾਰ ਰਹੇ ਹਨ:

1. **ਪੂੰਜੀਵਾਦੀ ਮਸ਼ੀਨ ਅਤੇ ਨਿਰਾਰਥਕਤਾ :** ਭੌਤਿਕਵਾਦ ਅਤੇ ਖਪਤਕਾਰੀ ਸਭਿਅਤਾ ਨੇ ਸੁਪਨਿਆਂ ਨੂੰ ਵੀ ਵਸਤੂਆਂ ਵਿੱਚ ਬਦਲ ਦਿੱਤਾ ਹੈ। ਸਫਲਤਾ ਦਾ ਸੁਪਨਾ ਸਿਰਫ਼ ਇੱਕ ਵੱਡੀ ਕਾਰ, ਮਹਿੰਗੇ ਘਰ ਜਾਂ ਉੱਚੀ ਤਨਖਾਹ ਤੱਕ ਸੀਮਤ ਹੋ ਗਿਆ ਹੈ। ਨੌਜਵਾਨ ਪੀੜ੍ਹੀਆਂ ਉੱਤੇ 'ਯਥਾਰਥਵਾਦੀ' ਬਣਨ ਲਈ ਦਬਾਅ ਪਾਇਆ ਜਾਂਦਾ ਹੈ – ਯਾਨੀ ਕਿ ਉਨ੍ਹਾਂ ਦੇ ਗਹਿਰੇ, ਦੁਨੀਆ ਬਦਲਣ ਵਾਲੇ ਸੁਪਨਿਆਂ ਨੂੰ ਛੱਡ ਕੇ ਸਿਰਫ਼ 'ਨੌਕਰੀ ਪ੍ਰਾਪਤ ਕਰਨ ਯੋਗ' ਖੇਤਰਾਂ ਵੱਲ ਮੁੜਨ ਲਈ। ਬੇਰੁਜ਼ਗਾਰੀ ਅਤੇ ਅਨਿਸ਼ਚਿਤਤਾ ਵੀ ਇੱਕ ਗਹਿਰੀ ਨਿਰਾਸ਼ਾ ਅਤੇ ਭਵਿੱਖ ਲਈ ਉਮੀਦਾਂ ਦੇ ਮਰਨ ਦਾ ਕਾਰਨ ਬਣਦੀ ਹੈ।
2. **ਡਿਜੀਟਲ ਭਰਮ-ਭੁਲੇਖੇ :** ਸੋਸ਼ਲ ਮੀਡੀਆ ਨੇ ਸਾਨੂੰ ਸਫਲ ਜੀਵਨ ਦੇ ਝੂਠੇ ਅਤੇ ਅਸੰਭਵ ਚਿੱਤਰਾਂ ਨਾਲ ਭਰ ਦਿੱਤਾ ਹੈ, ਜਿਸ ਨਾਲ ਸਾਡੇ ਆਪਣੇ ਜੀਵਨ ਅਤੇ ਪ੍ਰਾਪਤੀਆਂ ਬਾਰੇ ਅਸੰਤੁਸ਼ਟੀ ਅਤੇ ਹੀਣਭਾਵਨਾ ਪੈਦਾ ਹੁੰਦੀ ਹੈ। ਇਹ ਪਲੇਟਫਾਰਮ ਸਾਡਾ ਧਿਆਨ ਖਰੀਦ ਕੇ, ਸਾਨੂੰ ਨਿਰੰਤਰ ਡਿਸਟ੍ਰੈਕਟ (ਭਟਕਾਉਣ) ਕਰਕੇ ਅਤੇ ਸਤਹੀ ਜਾਣਕਾਰੀ ਵਿੱਚ ਡੁਬੋ ਕੇ, ਡੂੰਘੇ ਵਿਚਾਰ, ਕਲਪਨਾ ਅਤੇ ਅਸਲ ਸੁਪਨੇ ਦੇਖਣ ਦੀ ਸਮਰੱਥਾ ਨੂੰ ਨਸ਼ਟ ਕਰ ਰਹੇ ਹਨ। ਅਸੀਂ ਸਕ੍ਰੋਲਿੰਗ ਦੇ ਅੰਤਹੀਣ ਚੱਕਰ ਵਿੱਚ ਫਸੇ ਹੋਏ ਹਾਂ, ਜਦੋਂ ਕਿ ਸਾਡੇ ਆਪਣੇ ਸੁਪਨੇ ਮਰ ਰਹੇ ਹਨ।
3. **ਗਲੋਬਲ ਸੰਕਟ ਅਤੇ ਨਿਰਾਸ਼ਾ ਦੇ ਸਿਆਹ ਬੱਦਲ :** ਜਲਵਾਯੂ ਤਬਾਹੀ, ਯੁੱਧ, ਰਾਜਨੀਤਿਕ ਕੱਟੜਤਾ, ਭਿਆਨਕ ਆਰਥਿਕ ਅਸਮਾਨਤਾ ਅਤੇ ਮਹਾਂਮਾਰੀਆਂ ਨੇ ਵਿਸ਼ਵਵਿਆਪੀ ਨਿਰਾਸ਼ਾ ਅਤੇ ਭਵਿੱਖ–ਭੈਅ ਦਾ ਮਾਹੌਲ ਪੈਦਾ ਕੀਤਾ ਹੈ। ਬਹੁਤ ਸਾਰੇ ਲੋਕ, ਖਾਸ ਕਰਕੇ ਨੌਜਵਾਨ, ਇਸ ਗੱਲ 'ਤੇ ਵਿਸ਼ਵਾਸ ਗੁਆ ਰਹੇ ਹਨ ਕਿ ਉਹਨਾਂ ਦੀਆਂ ਕਾਰਵਾਈਆਂ ਦਾ ਕੋਈ ਅਰਥ ਹੈ ਜਾਂ ਕਿ ਭਵਿੱਖ ਵਧੀਆ ਹੋਵੇਗਾ। ਕਲਾਈਮੇਟ ਐਂਗਜ਼ਾਈਟੀ (ਜਲਵਾਯੂ ਚਿੰਤਾ) ਅਤੇ ਡੂਮਸਕ੍ਰੋਲਿੰਗ ( ਵਿਨਾਸ਼ਕਾਰੀ ਸਮਾਚਾਰਾਂ 'ਤੇ ਮਸਤ ਰਹਿਣਾ) ਇਸੇ ਮਾਨਸਿਕਤਾ ਦੇ ਲੱਛਣ ਹਨ। ਇਹ ਵਿਸ਼ਵਾਸ ਕਿ ਸਮੂਹਿਕ ਕਾਰਵਾਈ ਨਾਲ ਕੁਝ ਬਦਲਿਆ ਜਾ ਸਕਦਾ ਹੈ, ਇਸ ਸੁਪਨੇ ਦਾ ਕਤਲ ਕੀਤਾ ਜਾ ਰਿਹਾ ਹੈ।

**4. ਵਿਅਕਤੀਵਾਦ ਦਾ ਚਰਮ ਅਤੇ ਸਮਾਜਿਕ ਤਾਣੇ-ਬਾਣੇ ਦਾ ਟੁੱਟਣਾ :** ਪੱਛਮੀ ਸੱਭਿਅਤਾ ਵਿੱਚ ਵਿਅਕਤੀਵਾਦ ਦੇ ਚਰਮ ਨੇ ਅਕਸਰ ਸਮੂਹਿਕਤਾ ਅਤੇ ਸਾਂਝੇ ਸੁਪਨਿਆਂ ਦੀ ਭਾਵਨਾ ਨੂੰ ਕਮਜ਼ੋਰ ਕੀਤਾ ਹੈ। ਲੋਕ ਆਪਣੇ-ਆਪ ਵਿੱਚ ਸਮੇਟੇ ਹੋਏ, ਸਮਾਜਿਕ ਸੰਗਠਨਾਂ, ਯੂਨੀਅਨਾਂ ਜਾਂ ਸਾਂਝੇ ਅੰਦੋਲਨਾਂ ਨਾਲ ਜੁੜਨ ਤੋਂ ਦੂਰ ਹੋ ਰਹੇ ਹਨ। ਇਹ ਇਕੱਲਤਾ ਸਾਂਝੇ ਸੁਪਨਿਆਂ ਨੂੰ ਪਾਲਣ ਅਤੇ ਉਹਨਾਂ ਲਈ ਲੜਨ ਦੀ ਸ਼ਕਤੀ ਨੂੰ ਤੋੜਦੀ ਹੈ। ਸੁਪਨੇ, ਖਾਸ ਕਰਕੇ ਸਮਾਜਿਕ ਬਦਲਾਅ ਵਾਲੇ, ਸਮੂਹਿਕ ਊਰਜਾ ਅਤੇ ਵਿਸ਼ਵਾਸ ਤੋਂ ਬਿਨਾਂ ਨਹੀਂ ਜੀਅ ਸਕਦੇ।

**5. ਰਾਜਨੀਤਕ ਅਤੇ ਆਲੋਚਨਾਤਮਕ ਸੋਚ ਦਾ ਦਮਨ:**

ਜਿਹੜੀਆਂ ਸਰਕਾਰਾਂ ਜਾਂ ਸ਼ਕਤੀਸ਼ਾਲੀ ਸੰਸਥਾਵਾਂ ਨੂੰ ਆਲੋਚਨਾ ਪਸੰਦ ਨਹੀਂ, ਉਹ ਅਕਸਰ ਉਹਨਾਂ ਸੁਪਨਿਆਂ ਨੂੰ ਦਬਾਉਂਦੀਆਂ ਹਨ ਜੋ ਮੌਜੂਦਾ ਵਿਵਸਥਾ ਨੂੰ ਚੁਣੌਤੀ ਦਿੰਦੇ ਹਨ। ਵਿਦਿਆਰਥੀ ਅੰਦੋਲਨਾਂ, ਸਮਾਜਿਕ ਕਾਰਕੁਨਾਂ ਅਤੇ ਵਿਚਾਰਕਾਂ ਨੂੰ ਦੇਸ਼-ਧ੍ਰੋਹੀ ਕਰਾਰ ਦੇਣਾ, ਸੈਂਸਰਸ਼ਿਪ ਲਗਾਉਣਾ, ਜਾਂ ਹਿੰਸਕ ਦਮਨ ਕਰਨਾ, ਇਹ ਸਭ ਸਾਂਝੇ, ਵਧੀਆ ਭਵਿੱਖ ਦੇ ਸੁਪਨਿਆਂ ਨੂੰ ਮਾਰਨ ਦੇ ਤਰੀਕੇ ਹਨ। ਜਦੋਂ ਲੋਕ ਡਰ ਜਾਂ ਹਤਾਸ਼ਾ ਵਿੱਚ ਚੁੱਪ ਕਰ ਜਾਂਦੇ ਹਨ, ਤਾਂ ਸੁਪਨੇ ਵੀ ਮਰ ਜਾਂਦੇ ਹਨ।

ਮੌਤ ਤੋਂ ਵੱਧ ਭਿਆਨਕ ਕੀ ਹੈ? ਪਾਸ਼ ਸਹੀ ਸੀ। ਕੀ ਸਰੀਰਕ ਮੌਤ ਤੋਂ ਵੱਧ ਭਿਆਨਕ ਕੁਝ ਹੈ? ਹਾਂ, ਹੈ: 'ਜ਼ਿੰਦਾ ਰਹਿੰਦਿਆਂ ਮਰ ਜਾਣਾ'

ਜਦੋਂ ਸੁਪਨੇ ਮਰ ਜਾਂਦੇ ਹਨ ਨਵੀਨਤਾ ਮਰ ਜਾਂਦੀ ਹੈ। ਬਿਨਾਂ ਸੁਪਨਿਆਂ ਦੇ, ਨਵੀਆਂ ਖੋਜਾਂ, ਕਲਾਤਮਕ ਸਿਰਜਣਾਵਾਂ, ਅਤੇ ਸਮਾਜਿਕ ਨਵਚਾਰਾਂ ਦੀ ਗੁੰਜਾਇਸ਼ ਨਹੀਂ ਰਹਿੰਦੀ। ਵਿਰੋਧ ਦੀ ਸ਼ਕਤੀ ਖਤਮ ਹੋ ਜਾਂਦੀ ਹੈ। ਲੋਕ ਜ਼ੁਲਮ, ਅਨਿਆਂ ਅਤੇ ਭ੍ਰਿਸ਼ਟਾਚਾਰ ਨੂੰ ਸਵੀਕਾਰ ਕਰਨ ਲੱਗ ਪੈਂਦੇ ਹਨ, ਕਿਉਂਕਿ ਬਦਲਾਅ ਦੀ ਕੋਈ ਉਮੀਦ ਨਹੀਂ ਰਹਿੰਦੀ।

ਆਤਮ-ਸਨਮਾਨ ਢਹਿ ਜਾਂਦਾ ਹੈ: ਆਪਣੇ ਅਤੇ ਆਪਣੇ ਭਵਿੱਖ ਬਾਰੇ ਸੁਪਨੇ ਦੇਖਣਾ ਛੱਡਣਾ, ਆਪਣੀ ਕਦਰ ਅਤੇ ਸੰਭਾਵਨਾ 'ਤੇ ਵਿਸ਼ਵਾਸ ਗੁਆਉਣ ਦੇ ਬਰਾਬਰ ਹੈ। ਹਮਦਰਦੀ, ਇਨਸਾਫ਼ ਲਈ ਤੜਪ, ਅਤੇ ਸਾਂਝੇ ਭਲੇ ਦੀ ਚਾਹ - ਇਹ ਸਭ ਸੁਪਨਿਆਂ 'ਤੇ ਟਿਕੀ ਹੁੰਦੀ ਹੈ।

**ਸੁਪਨਿਆਂ ਨੂੰ ਜਿਊਣਾ: ਜੀਵਨ ਦਾ ਸੰਘਰਸ਼**

ਪਾਸ਼ ਦੀ ਕਵਿਤਾ ਸਿਰਫ਼ ਚੇਤਾਵਨੀ ਹੀ ਨਹੀਂ, ਇੱਕ ਲਲਕਾਰਾ ਵੀ ਹੈ। ਸੁਪਨਿਆਂ ਨੂੰ ਜਿਉਂਦਾ ਰੱਖਣਾ ਕੋਈ ਆਸਾਨ ਕੰਮ ਨਹੀਂ; ਇਹ ਇੱਕ ਸਰਗਰਮ, ਅਕਸਰ ਦਰਦ ਭਰਿਆ, ਜੀਵਨ ਭਰ ਦਾ ਸੰਘਰਸ਼ ਹੈ:

**1. ਯਥਾਰਥ ਨਾਲ ਟਕਰਾਉਂਦੇ ਰਹਿਣਾ :** ਸੁਪਨੇ ਦੇਖਣ ਦਾ ਮਤਲਬ ਅਸਲੀਅਤ ਤੋਂ ਭੱਜਣਾ ਨਹੀਂ, ਸਗੋਂ ਉਸ ਨੂੰ ਸਮਝਣਾ ਅਤੇ ਉਸਨੂੰ ਬਦਲਣ ਲਈ ਚੁਣੌਤੀ ਦੇਣਾ ਹੈ। ਇਸਦਾ ਅਰਥ ਹੈ ਡੂੰਘੇ ਸੰਕਟਾਂ ਨੂੰ ਸਵੀਕਾਰ ਕਰਨਾ, ਪਰ ਉਹਨਾਂ ਦੇ ਸਾਹਮਣੇ ਹਾਰ ਨਾ ਮੰਨਣਾ।

**2. ਛੋਟੇ-ਛੋਟੇ ਕਦਮਾਂ ਵਿੱਚ ਵਿਸ਼ਵਾਸ :** ਵੱਡੇ ਸੁਪਨੇ ਅਕਸਰ ਡਰਾਉਣੇ ਲੱਗ ਸਕਦੇ ਹਨ। ਇਹਨਾਂ ਨੂੰ ਜੀਵੰਤ ਰੱਖਣ ਦਾ ਰਾਹ ਛੋਟੇ-ਛੋਟੇ, ਅਰਥਪੂਰਨ ਕਦਮ ਚੁੱਕਣਾ ਹੈ - ਆਪਣੇ ਆਸ-ਪਾਸ ਦੇ ਸਮਾਜ ਵਿੱਚ ਬਦਲਾਅ ਲਿਆਉਣਾ, ਆਪਣੀ ਕਲਾ ਰਾਹੀਂ ਆਵਾਜ਼ ਬੁਲੰਦ ਕਰਨਾ, ਗਿਆਨ ਹਾਸਲ ਕਰਨਾ, ਜਾਂ ਸਿਰਫ਼ ਰੋਜ਼ ਉਸ ਵਿਸ਼ਵਾਸ ਨੂੰ ਦੁਹਰਾਉਣਾ ਕਿ ਬਦਲਾਅ ਸੰਭਵ ਹੈ।

**3. ਸਾਂਝ ਬਣਾਉਣਾ ਅਤੇ ਸੰਗਠਿਤ ਹੋਣਾ :** ਸਾਂਝੇ ਸੁਪਨੇ ਸਾਂਝੇ ਸੰਘਰਸ਼ ਦੀ ਮੰਗ ਕਰਦੇ ਹਨ। ਉਹਨਾਂ ਸਮਾਨਵਿਚਾਰਕ ਲੋਕਾਂ ਨਾਲ ਜੁੜੋ ਜੋ ਤੁਹਾਡੇ ਵਿਸ਼ਵਾਸਾਂ ਨੂੰ ਸਾਂਝਾ ਕਰਦੇ ਹਨ। ਇਕੱਲੇਪਣ ਦੇ ਇਸ ਦੌਰ ਵਿੱਚ, ਸੰਗਠਨ ਅਤੇ ਇਕੱਠ ਹੀ ਸੁਪਨਿਆਂ ਨੂੰ ਜੀਵਤ ਰੱਖ ਸਕਦੇ ਹਨ।

**4. ਕਲਾ,, ਸਾਹਿਤ ਅਤੇ ਸਭਿਆਚਾਰ ਨੂੰ ਸਰਪ੍ਰਸਤੀ ਦੇਣਾ :** ਇਹ ਖੇਤਰ ਸੁਪਨਿਆਂ ਦੇ ਪਾਲਣਹਾਰ ਅਤੇ ਪ੍ਰਗਟਾਅ ਦੇ ਸਭ ਤੋਂ ਸ਼ਕਤੀਸ਼ਾਲੀ ਮਾਧਿਅਮ ਹਨ। ਇਹਨਾਂ ਦਾ ਸਮਰਥਨ ਕਰਨਾ ਅਤੇ ਉਹਨਾਂ ਨੂੰ ਖੁੱਲ੍ਹੇਪਣ ਨਾਲ ਗ੍ਰਹਿਣ ਕਰਨਾ ਸਾਡੀ ਸਮੂਹਿਕ ਕਲਪਨਾ ਸ਼ਕਤੀ ਨੂੰ ਜੀਵਤ ਰੱਖਦਾ ਹੈ।

**ਸਿੱਟਾ :** ਪਾਸ਼ ਦੇ ਸ਼ਬਦ ਅੱਜ ਵੀ ਗੂੰਜਦੇ ਹਨ, ਇੱਕ ਭਿਆਨਕ ਸੱਚਾਈ ਨੂੰ ਉਜਾਗਰ ਕਰਦੇ ਹੋਏ। ਸਾਡੇ ਸੁਪਨਿਆਂ ਦੀ ਮੌਤ ਸਾਡੀ ਆਤਮਾ ਦੀ, ਸਾਡੀ ਮਨੁੱਖਤਾ ਦੀ, ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਡੀ ਉਮੀਦ ਦੀ ਮੌਤ ਹੈ। ਅੱਜ ਦੀ ਦੁਨੀਆਂ, ਆਪਣੀ ਸਾਰੀ ਤਕਨਾਲੋਜੀਕਲ ਤਰੱਕੀ ਦੇ ਬਾਵਜੂਦ, ਸਾਡੇ ਸੁਪਨਿਆਂ ਨੂੰ ਮਾਰਨ ਲਈ ਨਵੇਂ ਅਤੇ ਸੂਖ਼ਮ ਹਥਿਆਰਾਂ ਨਾਲ ਲੈਸ ਹੈ। ਇਸ ਖ਼ਤਰੇ ਦਾ ਸਾਹਮਣਾ ਕਰਨਾ ਅਤੇ ਆਪਣੇ ਅੰਦਰ ਅਤੇ ਆਪਣੇ ਸਮਾਜਾਂ ਵਿੱਚ ਸੁਪਨਿਆਂ ਨੂੰ ਸਾਂਭਣਾ ਅਤੇ ਪਾਲਣਾ- ਇਹ ਸਾਡੇ ਸਮੇਂ ਦਾ ਸਭ ਤੋਂ ਮਹੱਤਵਪੂਰਨ ਸੰਘਰਸ਼ ਹੈ। ਕਿਉਂਕਿ ਜਦੋਂ ਸੁਪਨੇ ਜਿਉਂਦੇ ਰਹਿੰਦੇ ਹਨ, ਤਾਂ ਮਨੁੱਖਤਾ ਦੀ ਚਿੰਗਾਰੀ ਵੀ ਜਗਦੀ ਰਹਿੰਦੀ ਹੈ, ਅਤੇ ਇਸੇ ਵਿੱਚ ਹੀ ਇੱਕ ਵਧੀਆ, ਨਿਆਂਪੂਰਨ ਅਤੇ ਮਨੁੱਖੀ ਕਦਰਾਂ-ਕੀਮਤਾਂ 'ਤੇ ਅਧਾਰਿਤ ਦੁਨੀਆ ਦੀ ਸੰਭਾਵਨਾ ਵੀ ਦੱਬੀ ਹੁੰਦੀ ਹੈ।

**ਵਰਿੰਦਰ ਮਹਿਤਾ,, ਪਟਿਆਲਾ।**
**99888 05060**

(2)

ਸੁਪਨੇ, ਇਹ ਸਿਰਫ਼ ਰਾਤ ਨੂੰ ਆਉਣ ਵਾਲੇ ਹਸੀਨ ਦ੍ਰਿਸ਼ ਨਹੀਂ ਹੁੰਦੇ। ਇਹ ਮਨੁੱਖੀ ਚੇਤਨਾ ਦੇ ਉਹ ਰੰਗ ਹਨ ਜੋ ਅਸੀਂ ਜਾਗਦੇ ਹੋਏ ਵੀ ਵੇਖਦੇ ਹਾਂ। ਸੁਪਨੇ ਅਸਲ ਵਿਚ ਉਹ ਆਸਾਂ ਹਨ ਜੋ ਅਸੀਂ ਆਪਣੇ ਦਿਲ ਵਿਚ ਵਸਾਈ ਕਿਸੇ ਦਿਸ਼ਾ ਵਿਚ ਗਤੀਮਾਨ ਰਹਿੰਦੇ ਹਾਂ, ਉਹ ਇੱਛਾਵਾਂ ਹਨ ਜੋ ਸਾਡੀ ਸੋਚ ਨੂੰ ਉਡਾਣ ਦਿੰਦੀਆਂ ਹਨ। ਪਰ ਸੋਚੋ, ਜੇ ਇਹ ਸੁਪਨੇ ਹੀ ਮਰ ਜਾਣ - ਤਾਂ?

ਜੇਕਰ ਸੁਪਨੇ ਮਰ ਜਾਣ, ਤਾਂ ਇਨਸਾਨ ਅੰਦਰੋਂ ਖਾਲੀ ਹੋ ਜਾਂਦਾ ਹੈ। ਇੱਕ ਮਸ਼ੀਨ ਜੋ ਭਾਵਨਾ ਰਹਿਤ ਬਣ ਚੁੱਕੀ ਹੈ। ਇੱਕ ਅਜਿਹਾ ਪਿੰਜਰਾ ਜਿਸ ਵਿੱਚ ਸਿਰਫ਼ ਖਾਮੋਸ਼ੀ ਕੈਦ ਹੈ। ਸੁਪਨੇ ਮਰ ਜਾਣ ਦਾ ਅਰਥ ਹੈ ਇਨਸਾਨ ਦੇ ਅੰਦਰੋਂ ਉਮੀਦ ਦਾ ਦੀਵਾ ਬੁਝ ਜਾਣਾ। ਇਨਸਾਨ ਜਿਉਂਦਾ ਹੋਇਆ ਵੀ ਮੁਰਦਿਆਂ ਵਾਲੀ ਚਿਤਾ ਤੇ ਪਿਆ ਪ੍ਰਤੀਤ ਹੁੰਦਾ ਹੈ।

**ਸੁਪਨੇ ਨਾ ਹੋਣ ਦਾ ਅਰਥ**

ਜਪਾਨੀ ਵਿੱਚ ਇੱਕ ਸ਼ਬਦ ਹੈ 'ਇਕਿਗਾਈ' ਇਕਿਗਾਈ ਦਾ ਅਰਥ ਹੈ 'ਜੀਵਨ ਦਾ ਮਕਸਦ'। ਜਪਾਨੀ ਮੰਨਦੇ ਹਨ ਕਿ ਜੀਵਨ ਦਾ ਮੰਤਵ ਇੱਕ 'ਉਦੇਸ਼ਪੂਰਨ ਜੀਵਨ' ਹੈ। ਜੇਕਰ ਤੁਹਾਡੇ ਸਾਹਮਣੇ ਜੀਉਂਦੇ ਰਹਿਣ ਦਾ ਕੋਈ ਮਕਸਦ ਹੈ ਤਾਂ ਤੁਹਾਡਾ ਜੀਵਨ ਸਲੀਕੇਭਰਪੂਰ ਹੋਵੇਗਾ। ਤੁਹਾਡੇ ਕੋਲ ਸਵੇਰੇ ਉੱਠਣ ਦਾ ਕੋਈ ਕਾਰਨ ਹੋਣਾ ਤੁਹਾਨੂੰ ਸਵੇਰੇ ਉਠਾਏਗਾ। ਉਦੇਸ਼ ਰਹਿਤ ਜ਼ਿੰਦਗੀ ਖੜ੍ਹੇ ਪਾਣੀ ਵਾਂਗ ਹੋਵੇਗੀ, ਬਦਬੂਦਾਰ ਤੇ ਭੱਦੀ।

ਇਕ ਵਿਦਿਆਰਥੀ ਜੇ ਸਿੱਖਣ ਦੀ ਇੱਛਾ ਹੀ ਗਵਾ ਬੈਠੇ, ਤਾਂ ਉਹ ਕਦੇ ਵੀ ਅੱਗੇ ਨਹੀਂ ਵੱਧ ਸਕੇਗਾ। ਇਕ ਕਲਾਕਾਰ ਦੇ ਜੇ ਰੰਗਾਂ ਨਾਲ ਖੇਡਣ ਦੇ ਸੁਪਨੇ ਮਰ ਜਾਂਦੇ ਹਨ, ਤਾਂ ਕੈਨਵਸ ਵੀ ਕਾਲਾ ਹੋ ਜਾਂਦਾ ਹੈ। ਇਸੇ ਤਰ੍ਹਾਂ, ਜਦ ਇਨਸਾਨ ਆਪਣੇ ਸੁਪਨਿਆਂ ਨੂੰ ਮਰ ਜਾਣ ਦਿੰਦਾ ਹੈ, ਤਾਂ ਉਹ ਰੁਕ ਜਾਂਦਾ ਹੈ, ਬਿਨਾ ਰੁਕਾਵਟਾਂ ਦੇ ਵੀ।

ਅਕਸਰ ਅਸੀਂ ਜ਼ਿੰਦਗੀ ਦੀ ਦੌੜ ਵਿੱਚ, ਆਪਣੀ ਰੋਟੀ-ਰੋਜ਼ੀ ਦੀ ਚਿੰਤਾ ਕਰਦੇ ਕਰਦੇ ਆਪਣੇ ਸੁਪਨਿਆਂ ਨੂੰ ਗੁਆ ਬੈਠਦੇ ਹਨ। ਜੀਵਨ ਦੇ ਉਤਾਰ ਚੜ੍ਹਾਅ ਵਿਚਲਿਤ ਕਰਨ ਵਾਲੇ ਬਣ ਜਾਂਦੇ ਹਨ। ਪਰ ਹਕੀਕਤ ਤਾਂ ਇਹ ਹੈ ਕਿ ਇਹ ਸਭ ਸਾਡੇ ਜਿਉਂਦੇ ਹੋਣ ਦਾ ਸਬੂਤ ਹੁੰਦੇ ਹਨ। ਵਹਿੰਦਾ ਪਾਣੀ ਕਦੀ ਕੰਢਿਆਂ ਨਾਲ ਟਕਰਾਉਂਦਾ ਹੈ ਕਦੀ ਵੱਡੇ ਵੱਡੇ ਪੱਥਰਾਂ ਨਾਲ ਖਹਿੰਦਾ ਹੈ, ਪਰ ਵਗਣਾ ਨਹੀਂ ਛੱਡਦਾ। ਵਹਿੰਦੇ ਪਾਣੀ ਦੀ ਮੰਜ਼ਿਲ ਉਸ ਨੂੰ ਅੱਗੇ ਤੋਰੀ ਰੱਖਦੀ ਹੈ। ਉਸੇ ਤਰ੍ਹਾਂ ਜੇ ਸੁਪਨੇ ਵੇਖੇ ਹੋਣ ਤਾਂ ਓਹਨਾਂ ਨੂੰ ਸੱਚ ਕਰਨ ਦੀ ਹੋੜ ਸਾਨੂੰ ਅਗਾਂਹ ਨੂੰ ਤੁਰਦਾ ਰੱਖਦੀ ਹੈ। ਪਰ ਸੁਪਨਿਆਂ ਦਾ ਮਰ ਜਾਣਾ ...ਮਤਲਬ ਇੱਕ ਵਿਸ਼ਾਲ ਵਗਦੇ ਦਰਿਆ ਦਾ ਖੜੋਤ ਵਾਲਾ ਛੱਪੜ ਬਣ ਜਾਣਾ!

ਇਤਹਾਸ ਗਵਾਹੀ ਭਰਦਾ ਹੈ ਕਿ ਜਿਨ੍ਹਾਂ ਨੇ ਆਪਣੇ ਸੁਪਨਿਆਂ ਨੂੰ ਜਿਉਂਦਾ ਰੱਖਿਆ, ਉਨ੍ਹਾਂ ਨੇ ਦੁਨੀਆਂ ਨੂੰ ਨਵਾਂ ਰਾਹ ਦਿੱਤਾ। ਭਗਤ ਸਿੰਘ ਨੇ ਅਜ਼ਾਦ ਭਾਰਤ ਦਾ ਸੁਪਨਾ ਵੇਖਿਆ। ਓਸ ਸੁਪਨੇ ਨੇ ਉਨ੍ਹਾਂ ਦੀ ਸ਼ਖ਼ਸੀਅਤ ਦਾ ਐਸਾ ਨਿਰਮਾਣ ਕੀਤਾ ਕਿ ਅੱਜ ਵੀ ਜੇ ਨੌਜਵਾਨ ਪੀੜ੍ਹੀ ਕਿਸੇ ਨੂੰ ਆਪਣਾ ਆਦਰਸ਼ ਮੰਨਦੀ ਹੈ ਤਾਂ ਉਹ ਭਗਤ ਸਿੰਘ ਹੈ।

ਡਾ. ਏ.ਪੀ.ਜੇ. ਅਬਦੁਲ ਕਲਾਮ ਨੇ ਕਿਹਾ ਸੀ, ਸੁਪਨਾ ਉਹ ਨਹੀਂ ਜੋ ਤੁਸੀਂ ਨੀਂਦ ਵਿੱਚ ਵੇਖੋ, ਸੁਪਨਾ ਉਹ ਹੈ ਜੋ ਤੁਹਾਨੂੰ ਸੌਣ ਨਾ ਦੇਵੇ। ਜੇਕਰ ਉਹ ਆਪਣੇ ਬਚਪਨ ਦੇ ਗਰੀਬੀ ਭਰੇ ਹਾਲਾਤ ਵਿੱਚ ਹਾਰ ਜਾਂਦੇ, ਤਾਂ ਕਦੇ ਰਾਸ਼ਟਰਪਤੀ ਨਹੀਂ ਬਣ ਸਕਦੇ ਸਨ। ਬਹੁਤ ਸਾਰੇ ਲੇਖਕ, ਵਿਗਿਆਨੀ, ਨੇਤਾ, ਅਧਿਆਪਕ, ਵਪਾਰੀ ਜਿਨ੍ਹਾਂ ਨੇ ਬਹੁਤ ਔਖੀਆਂ ਹਾਲਤਾਂ ਵਿੱਚ ਰਹਿੰਦੇ ਹੋਏ ਵੀ ਆਪਣੇ ਮਕਸਦ ਨੂੰ ਅੱਗੇ ਰੱਖਿਆ ਤੇ ਆਪਣੇ ਸੁਪਨੇ ਸਾਕਾਰ ਕਰ ਵਿਖਾਏ।

ਸੁਪਨੇ ਸਿਰਫ਼ ਮਨੋਰੰਜਨ ਨਹੀਂ, ਇਹ ਮਨੁੱਖੀ ਹੋਂਦ ਦੀ ਰੀੜ੍ਹ ਦੀ ਹੱਡੀ ਹਨ। ਇਹ ਸਾਨੂੰ ਸਿਖਾਉਂਦੇ ਹਨ ਕਿ ਕਿਵੇਂ ਹਾਰ ਤੋਂ ਵੀ ਸਿੱਖਿਆ ਜਾ ਸਕਦਾ ਹੈ। ਕਿਵੇਂ ਇੱਕ ਵਾਰ ਨਹੀਂ, ਦਸ ਵਾਰ ਹਾਰ ਕੇ ਵੀ, ਅਸੀਂ ਅੱਗੇ ਵਧ ਸਕਦੇ ਹਾਂ। ਸਾਡੇ ਦਿਲ ਵਿੱਚ ਜਿਉਂਦੀ ਸਿਰੜ ਸਾਨੂੰ ਹਾਰ ਕੇ ਵੀ ਹਾਰ ਨਹੀਂ ਮੰਨਣ ਦਿੰਦੀ।

ਆਦਿ ਕਾਲ ਤੋਂ ਹੁਣ ਤੱਕ ਦਾ ਮਨੁੱਖ ਦਾ ਸਫ਼ਰ ਸਿੱਧ ਕਰਦਾ ਹੈ ਕਿ ਅਸੀਂ ਰੁਕਣਾ ਨਹੀਂ ਅਪਣਾਇਆ। ਮਨੁੱਖ ਹਮੇਸ਼ਾ ਅਗਾਂਹ ਵੱਲ ਵਧਦਾ ਗਿਆ। ਜਾਨਵਰਾਂ ਵਰਗਾ ਜੀਵਨ ਜੀਉਣ ਤੋਂ ਚੰਨ ਤੇ ਕਦਮ ਰੱਖਣ ਤੱਕ ਦਾ ਰਾਹ ਸੁਪਨਿਆਂ ਨੇ ਹੀ ਬਣਾਇਆ। ਵਿਕਾਸ ਦੀ ਨੀਂਹ ਖ਼ਵਾਹਿਸ਼ਾਂ ਵਿੱਚ ਹੀ ਰੱਖੀ ਗਈ। ਘਰ, ਰੋਟੀ, ਅੱਗ, ਪਹੀਆ ਤੇ ਫੇਰ ਹੁਣ ਤੱਕ ਦਾ ਸਾਰਾ ਵਿਕਾਸ ਕਦੀ ਕਿਸੇ ਦੁਆਰਾ ਵੇਖਿਆ ਸੁਪਨਾ ਹੀ ਸੀ। ਇਹ ਸਾਡਾ ਸੁਪਨਿਆਂ ਵੱਲ ਝੁਕਾਅ ਸੀ, ਜੋ ਸਾਡੀ ਵਿਕਾਸ ਯਾਤਰਾ ਦਾ ਅਧਾਰ ਬਣਿਆ।

ਸੁਪਨਾ ਮਰ ਗਿਆ ਤਾਂ ਇਨਸਾਨ ਸਿਰਫ਼ ਜਿਉਂਦਾ ਹੈ, ਜੀਵਨ ਨਹੀਂ ਜਿਉਂਦਾ। ਇਸ ਲਈ ਆਪਣੇ ਸੁਪਨਿਆਂ ਨੂੰ ਸੰਭਾਲੋ, ਉਨ੍ਹਾਂ ਦੀ ਦੇਖਭਾਲ ਕਰੋ, ਉਨ੍ਹਾਂ ਲਈ ਦਿਨ-ਰਾਤ ਇੱਕ ਕਰੋ। ਜੇਕਰ ਕੋਈ ਤੁਹਾਨੂੰ ਕਹੇ ਕਿ ਇਹ ਹੋ ਨਹੀਂ ਸਕਦਾ, ਤਾਂ ਉਨ੍ਹਾਂ ਨੂੰ ਆਪਣੇ ਜਨੂੰਨ ਨਾਲ ਗਲਤ ਸਾਬਤ ਕਰੋ।

ਸੁਪਨੇ ਨਾ ਸਿਰਫ਼ ਤੁਹਾਡਾ ਰੂਪ ਬਦਲਦੇ ਹਨ, ਇਹ ਦੁਨੀਆਂ ਨੂੰ ਵੀ ਨਵਾਂ ਰੂਪ ਦੇ ਸਕਦੇ ਹਨ। ਨਿਵੇਕਲੇ ਵਿਚਾਰ, ਨਵੇਂ ਖ਼ੁਆਬ, ਨਵੀਂ ਕਲਪਨਾ - ਇਹ ਸਭ ਕੁਝ ਇਨਸਾਨੀ ਪ੍ਰਗਤੀ ਦੀ ਚਾਬੀ ਹਨ।

ਇਸ ਸੰਸਾਰ ਵਿੱਚ ਜਿਉਂਦੇ ਰਹਿਣਾ ਕੁਦਰਤ ਦੇ ਹੱਥ ਹੈ, ਪਰ ਆਪਣੇ ਸੁਪਨਿਆਂ ਲਈ ਜਿਉਣਾ ਵੱਖਰੀ ਗੱਲ ਹੈ। ਆਪਣੇ ਸੁਪਨੇ ਨਾ ਮਰਨ ਦਿਓ -ਜੇਕਰ ਉਹ ਮਰ ਗਏ, ਤਾਂ ਤੁਹਾਡਾ ਅਸਲ

ਵਜੂਦ ਵੀ ਮਰ ਜਾਏਗਾ। ਜੇਕਰ ਤੁਸੀਂ ਆਪਣੇ ਅੰਦਰ ਦੀ ਚਮਕ ਨੂੰ ਜਿਉਂਦਾ ਰੱਖਣਾ ਚਾਹੁੰਦੇ ਹੋ, ਤਾਂ ਹਰ ਰੋਜ਼ ਨਵਾਂ ਸੁਪਨਾ ਵੇਖੋ, ਅਤੇ ਉਸਨੂੰ ਸੱਚ ਕਰਨ ਦੀ ਕੋਸ਼ਿਸ਼ ਕਰੋ। ਕਿਉਂਕਿ ਜੇਕਰ ਸੁਪਨੇ ਜਿਉਂਦੇ ਹਨ, ਤਾਂ ਇਨਸਾਨ ਅੰਦਰੋਂ ਜਿਉਂਦਾ ਰਹਿੰਦਾ ਹੈ।

ਸੁਪਨਿਆਂ ਤੋਂ ਵੱਡੀ ਕੋਈ ਵਿਰਾਸਤ ਨਹੀਂ, ਤੇ ਉਮੀਦ ਤੋਂ ਵੱਡੀ ਕੋਈ ਤਾਕਤ ਨਹੀਂ।

**ਸ਼ੁਭਕਿਰਨ, ਅੰਮ੍ਰਿਤਸਰ**
**70874 33077**

**ਕੁਝ ਹੋਰ ਵਧੀਆ ਲਿਖਤਾਂ ਵਿਚੋਂ ਚੋਣਵੇਂ ਅੰਸ਼**

ਸਭ ਤੋਂ ਖਤਰਨਾਕ ਨਹੀਂ ਦੁਸ਼ਮਣ, ਨਾ ਹੀ ਤਾਨਾਸ਼ਾਹੀ ਏ
ਸਭ ਤੋਂ ਖਤਰਨਾਕ ਏ ਚੁੱਪੀ ਜੋ ਬਣੇ ਗੁਲਾਮੀ ਦੀ ਰਾਹੀ ਏ,
ਸਭ ਤੋਂ ਖਤਰਨਾਕ ਹੁੰਦਾ ਹੈ ਜਦ ਸਾਡੇ ਅੰਦਰ ਹੀ ਜੰਗ ਨਾ ਰਹੇ
ਸਭ ਤੋਂ ਖਤਰਨਾਕ ਹੋ ਜਾਂਦਾ ਹੈ ਜਦ ਕੋਈ ਉਮੰਗ ਨਾ ਰਹੇ।

**- ਮੰਜੂ ਰਾਇਕਾ, ਰਣਬੀਰ ਕਾਲਜ ਸੰਗਰੂਰ**

ਇਹ ਸਤਰ ਸਾਨੂੰ ਦੱਸਦੀ ਹੈ ਕਿ ਅਸਲ ਖਤਰਾ ਤਲਵਾਰ, ਗੋਲੀ ਜਾਂ ਬੰਬ ਤੋਂ ਨਹੀਂ ਸਗੋਂ ਚੁੱਪੀ, ਬੇਹਿਸੀ ਅਤੇ ਅੰਦਰਲੇ ਇਨਕਾਰ ਤੋਂ ਹੁੰਦਾ ਹੈ। ਇਹ ਸਾਨੂੰ ਇੱਕ ਅੰਦਰੂਨੀ ਜੰਗ ਦੀ ਯਾਦ ਦਿਵਾਉਂਦੀ ਹੈ, ਉਹ ਜੰਗ ਜੋ ਅਸੀਂ ਆਪਣੇ ਡਰ, ਆਲਸ ਅਤੇ ਚੁੱਪੀ ਖਿਲਾਫ਼ ਲੜਨੀ ਹੈ।

**- ਹਰਵਿੰਦਰ ਸਿੰਘ, ਭੋਖੜਾ (ਬਠਿੰਡਾ)**

ਮਨੁੱਖਤਾ ਨੇ ਜੋ ਤਰੱਕੀ ਕੀਤੀ ਹੈ ਉਹ ਸੁਪਨਿਆਂ ਦੀ ਹੀ ਦੇਣ ਹੈ, ਇਹ ਵੱਖਰੀ ਗੱਲ ਹੈ ਕਿ ਤਰੱਕੀ ਕੀਹਦੇ ਹੱਥਾਂ ਵਿੱਚ ਗਈ। ਇੱਕ ਉਹ ਸ਼੍ਰੇਣੀ ਪੈਦਾ ਹੋ ਗਈ ਜੋ ਆਪਣੇ ਸੁਪਨੇ ਪੂਰੇ ਕਰਨ ਲਈ ਦੂਸਰਿਆਂ ਦੇ ਸੁਪਨਿਆਂ ਦਾ ਘਾਣ ਕਰਨ ਤੱਕ ਚਲੀ ਜਾਂਦੀ ਹੈ। ..ਚੇਤਨ ਹੋਕੇ ਅਜਿਹਾ ਸੁਪਨਾ ਲਵੋ ਜਿੱਥੇ ਹਰ ਇੱਕ ਦੇ ਸੁਪਨੇ ਪੂਰੇ ਹੋਣ।

**- ਗੁਰਾ, ਕੋਠਾ ਗੁਰੂ**

ਬੁਜ਼ਦਿਲ ਲੋਕਾਂ ਦਾ ਨਾਹਰਾ ਹੁੰਦਾ ਹੈ, 'ਲੋਕ ਕੀ ਕਹਿਣਗੇ', ਹਿੰਮਤੀ ਲੋਕਾਂ ਦਾ ਨਾਹਰਾ ਹੁੰਦਾ ਹੈ, 'ਜ਼ਿੰਦਗੀ ਜਿੰਦਾਦਿਲੀ ਦਾ ਨਾਮ ਹੈ।' ਆਪਣੀ ਮੰਜ਼ਿਲ 'ਤੇ ਪਹੁੰਚਣ ਲਈ ਸਾਨੂੰ ਜਾਗਦੀਆਂ ਅੱਖਾਂ ਰਾਹੀਂ ਸੁਪਨੇ ਵੇਖ ਕੇ ਆਪਣਾ ਰਸਤਾ ਆਪ ਤੈਅ ਕਰਨਾ ਚਾਹੀਦਾ ਹੈ। ਜ਼ਿੰਦਗੀ ਨੂੰ ਜਿਉਣ ਦਾ ਸਹੀ ਢੰਗ ਆਪਣੇ ਅੰਦਰ ਆਪਣੇ ਸੁਪਨੇ ਜਾਗਦੇ ਰੱਖਣ ਦਾ ਜਜ਼ਬਾ ਪੈਦਾ ਕਰਨਾ ਹੈ।

**ਰਾਜਦੇਵ ਕੌਰ ਸਿੱਧੂ, ਬਠਿੰਡਾ**

ਪਰਿਵਾਰਕ ਬੰਧਨਾਂ ਵਿੱਚ ਬੰਨ੍ਹੀ ਹੋਈ ਔਰਤ ਆਪਣੇ ਮਰੇ ਹੋਏ ਸੁਪਨਿਆਂ ਦਾ ਬੋਝ ਸਾਰੀ ਉਮਰ ਢੋਂਦੀ ਹੈ। ਔਰਤ ਦੇ ਸੁਪਨਿਆਂ ਦਾ ਮਰਨਾ ਪੂਰੇ ਪਰਿਵਾਰ ਲਈ ਹੀ ਨਹੀਂ, ਸਾਰੇ ਸਮਾਜ ਲਈ ਘਾਤਕ ਸਾਬਤ ਹੁੰਦਾ ਹੈ। ਸੋ ਆਓ ਆਪਣੇ ਭੈਣ ਭਰਾਵਾਂ ਦੇ ਸੁਪਨੇ ਮਰਨ ਤੋਂ ਬਚਾਈਏ। ਇੱਕ ਅਜਿਹਾ ਸਮਾਜ ਸਿਰਜੀਏ ਜਿਸ ਵਿੱਚ ਸਾਡੇ ਬੱਚੇ ਖੁੱਲ੍ਹ ਕੇ ਹੱਸ ਖੇਡ ਸਕਣ, ਸਾਡੇ ਨੌਜਵਾਨ ਜ਼ਿੰਦਗੀ ਦਾ ਸੋਹਣਾ ਗੀਤ ਗਾ ਸਕਣ, ਸਾਡੀਆਂ ਭੈਣਾਂ ਆਪਣੇ ਸੁਪਨਿਆਂ ਦੇ ਪਤੰਗ ਅਸਮਾਨੀ ਚੜ੍ਹਾ ਸਕਣ।

**ਜਸਵੀਰ ਬਾਵਾ, ਬਰਨਾਲਾ**

ਜ਼ਿੰਦਗੀ ਜਿਉਣ ਦਾ ਸਾਫ ਮਕਸਦ ਹੋਣਾ ਵੀ ਬਹੁਤ ਜਰੂਰੀ ਹੈ ਭਾਵ ਸਿਰਫ ਸੁਪਨਿਆਂ ਦੀ ਚਾਹਤ ਹੀ ਨਹੀਂ ਸਗੋਂ ਚਾਹਤ ਦੀ ਦਿਸ਼ਾ ਵੀ ਸਹੀ ਹੋਣੀ ਚਾਹੀਦੀ ਹੈ। ਜੀਵਨ ਸਿਰਫ ਸਾਹ ਲੈਣ ਨੂੰ ਹੀ ਨਹੀਂ ਕਿਹਾ ਜਾਂਦਾ, ਇਨਸਾਨ ਦੀਆਂ ਅੱਖਾਂ ਵਿੱਚ ਸੁਪਨਿਆਂ ਦੀ ਚਮਕ ਹੋਣੀ ਚਾਹੀਦੀ ਹੈ।

**ਸੰਦੀਪ ਕੁਮਾਰ ਕਿਰੋੜੀਵਾਲ**

ਅਸੀਂ ਆਪਣੀਆਂ ਨਿੱਜੀ ਲੋੜਾਂ ਅਤੇ ਭੌਤਿਕਵਾਦੀ ਸੁਪਨਿਆਂ ਵਿੱਚ ਇੰਨੇ ਉਲਝ ਜਾਂਦੇ ਹਾਂ ਕਿ ਸਮਾਜਿਕ ਨਿਆਂ ਅਤੇ ਸਮਾਨਤਾ ਵਰਗੇ ਵੱਡੇ ਸੁਪਨੇ ਸਾਡੇ ਮਨਾਂ ਵਿਚੋਂ ਨਿਕਲ ਜਾਂਦੇ ਹਨ। ...ਪਾਸ਼ ਸਾਨੂੰ ਚੇਤਾਵਨੀ ਦਿੰਦੇ ਹਨ ਕਿ ਹਾਲਾਤ ਭਾਵੇਂ ਕਿੰਨੇ ਵੀ ਮੁਸ਼ਕਿਲ ਕਿਉਂ ਨਾ ਹੋਣ, ਸਾਨੂੰ ਆਪਣੇ ਅੰਦਰ ਉਮੀਦ ਦੀ ਚੰਗਿਆੜੀ ਨੂੰ ਬੁਝਣ ਨਹੀਂ ਦੇਣਾ ਚਾਹੀਦਾ। ਸੁਪਨੇ ਸਾਨੂੰ ਜੀਵਨ ਦਾ ਮਕਸਦ ਦਿੰਦੇ ਹਨ, ਸਾਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਦੇ ਹਨ ਅਤੇ ਸਾਨੂੰ ਬਿਹਤਰ ਭਵਿੱਖ ਦੀ ਕਲਪਨਾ ਕਰਨ ਦੀ ਸ਼ਕਤੀ ਦਿੰਦੇ ਹਨ।

**ਜਸਵਿੰਦਰ ਸਿੰਘ ਕਾਈਨੌਰ**

ਜਦ ਇਨਸਾਨ ਸਮਾਜਿਕ ਜੀਵਨ ਵਿੱਚ ਕੋਈ ਰੁਚੀ ਨਹੀਂ ਰਖਦਾ, ਉਸਦਾ ਸਾਰਾ ਵਿਹਾਰ ਖ਼ੁਦਗਰਜ ਹੋ ਜਾਂਦਾ ਹੈ, ਸਿਰਫ ਤੇ ਸਿਰਫ ਆਪਣਾ ਮਤਲਬ ਦੇਖਦਾ ਹੈ। ਇਹ ਲੋਕ ਘਰਾਂ ਤੋਂ ਕੰਮ 'ਤੇ ਜਾਂਦੇ ਹਨ ਤੇ ਕੰਮ ਤੋਂ ਘਰ ਮੁੜ ਆਉਂਦੇ ਹਨ। ਰਸਤੇ ਵਿੱਚ ਕਿਸ ਨਾਲ ਕੀ ਵਾਪਰਿਆ ਇਨ੍ਹਾਂ ਨੂੰ ਕੋਈ ਵਾਸਤਾ ਨਹੀਂ ਹੁੰਦਾ। ਇਨ੍ਹਾਂ ਬਾਰੇ ਹੀ ਪਾਸ਼ ਲਿਖਦਾ ਹੈ– 'ਘਰਾਂ ਤੋਂ ਨਿਕਲਣਾ ਕੰਮ ੜਤੇ, ਤੇ ਕੰਮ ਤੋਂ ਘਰ ਜਾਣਾ। ਸਭ ਤੋਂ ਖਤਰਨਾਕ ਹੁੰਦਾ ਹੈ ਸਾਡੇ ਸੁਪਨਿਆਂ ਦਾ ਮਰ ਜਾਣਾਝ

**ਅਮਰਜੀਤ ਸਿੰਘ ਸਿੱਧੂ**

ਕਿਸੇ ਦੇਸ਼ ਦਾ ਭਵਿੱਖ ਕਿਹੋ ਜਿਹਾ ਹੋਵੇਗਾ, ਇਸ ਦਾ ਅੰਦਾਜ਼ਾ ਉਸ ਦੇਸ਼ ਦੀ ਜਵਾਨੀ ਦੇ ਸੁਪਨਿਆਂ ਤੋਂ ਲਾਇਆ ਜਾ ਸਕਦਾ ਹੈ ਪਰ ਈਰਖਾ, ਸਵਾਰਥ, ਨਿਰਾਸ਼ਾ ਅਤਤੇ ਫਿਰਕਾਪ੍ਰਸਤੀ ਨਾਲ ਬੰਜਰ ਅਤੇ ਕੁੰਠਿਤ ਹੋ ਚੁੱਕੇ ਦਿਮਾਗਾਂ ਵਿੱਚ ਕਿਹੋ ਜਿਹੇ ਸੁਪਨੇ ਹੋਣਗੇ, ਇਸਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ...ਜਾਗਦੀਆਂ, ਜਗਦੀਆਂ ਅੱਖਾਂ ਦਾ ਰਾਹ, ਨਿੱਗਰ ਸਿਹਤਮੰਦ ਸੁਪਨਿਆਂ ਦੇ ਪਿੰਡ ਵਿਚੋਂ ਗੁਜ਼ਰ ਕੇ ਜਾਂਦਾ ਹੈ।

**ਜਸਵਿੰਦਰ ਸਿੰਘ ਜਸ, ਬਾਘੇ ਵਾਲਾ (ਫਾਜਿਲਕਾ)**

# ਅਦਿੱਖ ਕਿੱਲਾਂ ਦੀ ਚੁਣੌਤੀ

**-ਜਸਵੰਤ ਮੋਹਾਲੀ**

ਕਲਮ ਸੋਚਦੀ ਹੈ ਹਰ ਵਾਰ ਕਿ ਆਖਰੀ ਪੰਨਾ ਕੁੱਝ ਨਵੇਂ ਵਿਸ਼ੇ 'ਤੇ ਲਿਖਿਆ ਜਾਵੇ। ਪਰ ਇਹ ਕਿੰਝ ਹੋਵੇ ? ਜਦੋਂ ਆਸ ਪਾਸ ਓਹੀ ਕੁੱਝ ਹੁੰਦਾ ਵਾਪਰਦਾ ਹੈ ਤਾਂ ਕਲਮ ਆਖਰੀ ਪੰਨੇ ਦਾ ਵਿਸ਼ਾ ਵੀ ਕਿੰਨਾ ਕੁ ਬਦਲ ਦੇਵੇ। ਅੰਗਰੇਜ਼ਾਂ ਨੇ 1857 ਵੇਲੇ ਗੁਲਾਮ ਹੋ ਚੁੱਕੇ ਹਿੰਦੂ, ਮੁਸਲਿਮ ਰਿਆਸਤੀ ਰਾਜਿਆਂ ਦੇ ਸਾਂਝੇ ਗਦਰ ਤੋਂ ਬਾਅਦ ਇਹ ਜਾਣ ਲਿਆ ਸੀ ਕਿ ਏਕਤਾ ਤੋੜਨੀ ਕਿੰਨੀ ਜਰੂਰੀ ਹੈ। ਅਤੇ ਇਸ ਏਕਤਾ ਨੂੰ ਤੋੜਨ ਲਈ ਬਾਦ ਦੇ ਸਮਿਆਂ ਵਿੱਚ ਸਾਡੇ ਹੀ ਦੇਸੀ ਮੁਸਲਿਮ ਲੀਗੀ, ਸੰਘੀ ਤੇ ਮਹਾਂਸਭੀਏ ਉਹਨਾਂ ਦੇ ਕੰਮ ਆਏ ਸਨ। ਇਸ ਦੇ ਬਾਵਜੂਦ ਸਾਂਝੇ ਸੰਘਰਸ਼ ਦੀ ਲੋੜ ਵਿਚੋਂ 'ਈਸ਼ਵਰ ਅੱਲ੍ਹਾ ਤੇਰੋ ਨਾਮ' ਦੇ ਬੋਲਾਂ ਨੇ ਵੀ ਲੋਕਾਂ ਵਿੱਚ ਆਪਣੀ ਥਾਂ ਬਣਾ ਹੀ ਲਈ ਸੀ ਤੇ ਇਨਕਲਾਬ ਦੇ ਨਾਅਰੇ ਨੇ ਵੀ।ਆਜਾਦੀ ਦੇ ਪੰਜ ਛੇ ਦਹਾਕੇ ਬੀਤਦਿਆਂ 'ਸਖੀ ਸਈਆਂ ਤੋਂ ਖੂਬ ਹੀ ਕਮਾਤ ਹੈਂ, ਮਹਿੰਗਾਈ ਡਾਇਨ ਖਾਏ ਜਾਤ ਹੈ' ਵਰਗੇ ਗੀਤ ਹਾਲਤਾਂ ਨੂੰ ਬਿਆਨ ਕਰਨ ਲੱਗੇ। ਮਹਿੰਗਾਈ ਤੇ ਗਰੀਬੀ ਦੀ ਕੁੱਖੋਂ ਅਣਪੜ੍ਹਤਾ ਅਤੇ ਜਹਾਲਤ ਵੀ ਜਨਮ ਲੈ ਲੈਂਦੀ ਹੈ। ਇਸਦੇ ਨਾਲ ਹੀ 'ਯੇਹ ਤੋ ਏਕ ਝਾਕੀ ਹੈ ਮਥੁਰਾ ਕਾਸ਼ੀ ਬਾਕੀ ਹੈ' ਦਾ ਨਫਰਤੀ ਨਾਅਰਾ ਸਮਾਜ ਦੀ ਬਣਤਰ ਨੂੰ ਉਧੇੜਨ ਲਈ ਘੁਸਪੈਠ ਕਰ ਚੁੱਕਾ ਸੀ। ਪਰ ਅਜੇ ਵੀ ਲੋਕਤੰਤਰੀ ਸੰਸਥਾਵਾਂ ਦੀ ਤੱਕੜੀ ਦਾ ਪੱਲੜਾ ਧਰਮਨਿਰਪੱਖ ਤਾਕਤਾਂ ਵੱਲ ਝੁਕਦਾ ਸੀ।

ਫਿਰ ਨੱਬੇਵਿਆਂ ਦਾ ਖੁੱਲ੍ਹੇ ਮੁਕਾਬਲੇ ਵਾਲਾ ਪੂੰਜੀਵਾਦ, ਕਰੋਨੀ ਕੈਪੀਟਲਿਜ਼ਮ ਯਾਨੀ ਗੰਢ-ਤੁੱਪ ਵਾਲਾ ਪੂੰਜੀਵਾਦ ਬਣ ਗਿਆ।ਹਮ ਦੋ ਹਮਾਰੇ ਦੋ ਯਾਨੀ ਕਾਰਪੋਰੇਟ ਤੇ ਰਾਜਨੀਤੀ ਰਲ ਕੇ ਦੇਸ ਨੂੰ ਚਲਾਉਣ ਲੱਗੇ। ਸੂਚਨਾ ਟੈਕਨਾਲੋਜੀ ਦਾ ਸਭ ਤੋਂ ਵੱਡਾ ਸਰਕਾਰੀ ਅਦਾਰਾ ਬੀਐਸਐਨਐਲ ਮੂਧੇ ਮੂੰਹ ਡਿੱਗ ਪਿਆ ਅਤੇ ਜੀਓ ਰਿਲਾਇੰਸ ਦੀ ਗੁੱਡੀ ਅਸਮਾਨ ਵਿੱਚ ਚੜ੍ਹਾ ਦਿੱਤੀ ਗਈ। ਜ਼ਮੀਨਾਂ ਤੇ ਖੇਤੀ ਸੈਕਟਰ ਨੂੰ ਵੱਡਾ ਚੱਕ ਮਾਰਨ ਲਈ ਖੇਤੀ ਕਾਨੂੰਨ ਲਿਆਂਦੇ ਗਏ।ਪਰ ਮੁੱਖ ਤੌਰ ਤੇ ਪੰਜਾਬ ਹਰਿਆਣਾ ਤੇ ਪੱਛਮੀ ਯੂਪੀ ਅਤੇ ਨਾਲ ਬਾਕੀ ਰਾਜਾਂ ਦੇ ਕਿਸਾਨਾਂ ਦੀ ਬੇਮਿਸਾਲ ਏਕਤਾ ਨੇ, ਚਾਰ ਪਾਸਿਓਂ ਦਿੱਲੀ ਨੂੰ ਘੇਰ ਕੇ ਕੀਤੇ ਲੰਮੇ ਮਿਸਾਲੀ ਸੰਘਰਸ਼ ਨੇ, ਇਹ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ।ਅੰਗਰੇਜਾਂ ਨੂੰ ਹੀ ਨਹੀਂ, ਸਾਡੇ ਦੇਸੀ ਹਾਕਮਾਂ ਨੂੰ ਵੀ ਕਦੇ ਨਹੀਂ ਭੁੱਲਿਆ ਕਿ ਸੱਤਾ ਲਈ ਸਾਂਝਾ ਸੰਘਰਸ਼ ਕਿੰਨਾ ਖਤਰਨਾਕ ਹੁੰਦਾ ਹੈ ਤੇ ਲੋਕ ਏਕਤਾ ਤੋੜਨੀ ਕਿੰਨੀ ਜਰੂਰੀ ਹੈ। ਕਿਸਾਨ ਮੋਰਚੇ ਦੌਰਾਨ, 26 ਜਨਵਰੀ ਨੂੰ ਤੈਅ ਕੀਤੇ ਟਰੈਕਟਰ ਮਾਰਚ ਸਮੇਂ ਜਦੋਂ ਇਸ ਮੋਰਚੇ ਦਾ ਜਲੌਅ ਆਪਣੇ ਸਿਖਰ 'ਤੇ ਸੀ, ਇਸ ਏਕਤਾ ਨੂੰ ਤੋੜਨ ਲਈ ਧਰਮ ਦਾ ਅਜ਼ਮਾਇਆ ਪੱਤਾ ਵਰਤਿਆ ਗਿਆ। ਅੰਦੋਲਨ ਨੂੰ ਹਿੰਸਕ ਕਰਕੇ ਹਾਈਜੈਕ ਕਰਨ ਦੀ ਕੋਸ਼ਿਸ਼ ਕੀਤੀ ਗਈ।ਭਾਵੇਂ ਕਿਸਾਨਾਂ ਦੇ ਸਿਆਣੇ ਆਗੂਆਂ ਇਸਨੂੰ ਕਾਮਯਾਬ ਨਾ ਹੋਣ ਦਿੱਤਾ। ਪਰ ਸੋਸ਼ਲ ਮੀਡੀਆ ਦੇ ਪ੍ਰਚਾਰ ਨੇ ਇਸ ਵਰਤਾਰੇ ਦੇ ਪੈਰ ਪੰਜਾਬ ਦੀ ਰਾਜਨੀਤੀ ਵਿੱਚ ਤਾਂ ਲਾ ਹੀ ਦਿੱਤੇ ਹਨ।

ਪੰਜਾਬ ਸਰਕਾਰ ਨੂੰ ਲੈਂਡ ਪੂਲਿੰਗ ਨੀਤੀ ਯਾਨਿ 'ਹਜਾਰਾਂ ਏਕੜ ਜ਼ਮੀਨ ਉੱਤੇ ਸੇਠਾਂ ਦਾ ਕਬਜਾ ਕਰਾਉਣ ਦੀ ਨੀਤੀ' ਵਾਪਸ ਲੈਣ ਲਈ ਮਜਬੂਰ ਹੋਣਾ ਪਿਆ। 65 ਹਜਾਰ ਏਕੜ ਜਮੀਨ ਖੁੱਸ ਜਾਣ ਦੀ ਚੀਸ ਸਰਮਾਏ ਦੇ ਪੁੱਤ ਕਿਵੇਂ ਭੁੱਲਣਗੇ ? ਇਸ ਲਈ ਉਹ ਭਟਕਾਉਣਗੇ, ਫੰਡਰ ਮਸਲਿਆਂ ਵਿੱਚ। ਤੁਹਾਨੂੰ ਯਾਦ ਹੋਵੇਗਾ ਕਿਸਾਨ ਅੰਦੋਲਨ ਦੌਰਾਨ ਪ੍ਰਸ਼ਾਸ਼ਨ ਨੇ ਕਿਸਾਨਾਂ ਦੇ ਰਸਤੇ ਵਿੱਚ ਲੋਹੇ ਦੀਆ ਕਿੱਲਾਂ ਗੱਡ ਦਿਤੀਆਂ ਸਨ।ਅੱਜ ਕੱਲ੍ਹ ਪੰਜਾਬ ਵਿੱਚ ਧਾਰਮਿਕ ਰੰਗਤ ਵਾਲੀਆਂ ਮੰਗਾਂ ਦਾ ਉੱਭਰਨਾ ਆਰਥਿਕ ਹਿਤਾਂ ਦੀ ਸਾਂਝੀ ਲੜਾਈ ਦੇ ਰਾਹ ਵਿੱਚ ਗੱਡੀਆਂ ਅਦਿੱਖ ਕਿੱਲਾਂ ਹੀ ਹਨ। ਇਨ੍ਹਾਂ ਕਿੱਲਾਂ ਨੂੰ ਟੱਪਣਾ, ਦਿਸਦੀਆਂ ਕਿੱਲਾਂ ਤੋਂ ਟੱਪਣ ਨਾਲੋਂ ਕਿਤੇ ਵੱਡੀ ਚੁਣੌਤੀ ਹੈ।

ਦੇਸੋਂ ਬਾਹਰ ਸੁਰੱਖਿਅਤ ਬੈਠਾ ਕੋਈ ਨਾ ਕੋਈ ਸਿੱਖ ਆਗੂ ਹਮੇਸ਼ਾ ਹੀ ਗਰਮ ਭਾਸ਼ਣ ਦੇ ਕੇ ਪੰਜਾਬ ਦੇ ਪੁੱਤਾਂ ਨੂੰ ਉਕਸਾਉਂਦਾ ਰਹਿੰਦਾ ਹੈ। ਕਹਿੰਦੇ ਹਨ ਮੀਟ ਪਲਾਂਟ ਵਿੱਚ ਝੋਟਿਆਂ ਨੂੰ ਝਟਕਾਉਣ ਲਈ ਸਭ ਤੋਂ ਮੂਹਰੇ ਇੱਕ ਡੰਮੀ ਝੋਟਾ ਬੰਨ੍ਹਿਆ ਹੁੰਦਾ ਹੈ।ਬਾਕੀ ਝੋਟੇ ਉਸਦੇ ਪਿੱਛੇ ਲੱਗ ਤੁਰਦੇ ਹਨ। ਡੰਮੀ ਝੋਟੇ ਨੂੰ ਮੋੜ ਕੇ ਵਾਪਸ ਲਿਆਂਦਾ ਜਾਂਦਾ ਹੈ ਤੇ ਮਸ਼ੀਨ ਝੋਟਿਆਂ ਦਾ ਝਟਕਾ ਕਰਦੀ ਜਾਂਦੀ ਹੈ। ਬਾਹਰ ਬੈਠੇ ਗਰਮ ਖਿਆਲੀ ਆਗੂ ਪੰਜਾਬ ਦੇ ਪੁੱਤਾਂ ਦਾ ਝਟਕਾ ਕਰਵਾਉਣ ਵਾਸਤੇ ਰੱਖੇ ਡੰਮੀ ਝੋਟੇ ਹੀ ਹਨ। ਇਹ ਫਿਰਕੂ ਵਰਤਾਰਾ ਜਜ਼ਬਾਤੀ ਹੋਣ ਕਰਕੇ ਕੁੱਝ ਲੋਕਾਂ ਦੀ ਮਾਨਸਿਕਤਾ ਦਾ ਹਿੱਸਾ ਆਸਾਨੀ ਨਾਲ ਬਣ ਜਾਂਦਾ ਹੈ। ਚੁਣੌਤੀ ਇਹ ਹੈ ਕਿ ਸੱਤਾ ਪੱਖੀ ਤੇ ਲੋਕ ਵਿਰੋਧੀ ਹੁੰਦਾ ਹੋਇਆ ਵੀ ਕਈਆਂ ਨੂੰ ਇਹ ਇੱਕ ਇਨਕਲਾਬ ਜਾਪਦਾ ਹੈ।

# ਪੱਤਾ ਵੀ ਨੀ ਹਿਲਦਾ




ਗਾਇਕ ਕਾਕਾ ਆਪਣੀ ਵੱਖਰੀ ਸ਼ਬਦਾਵਲੀ ਅਤੇ ਵੱਖਰੀ ਤਰ੍ਹਾਂ ਦੀ ਗਾਇਕੀ ਕਰਕੇ ਨਵੀਂ ਪੀੜ੍ਹੀ ਵਿੱਚ ਬਹੁਤ ਪਾਪੂਲਰ ਹੈ। ਮਿੱਟੀ ਦੇ ਟਿੱਬੇ, ਲਿਬਾਸ, ਕਹਿ ਲੈਣ ਦੇ, ਵਰਗੇ ਉਸਦੇ ਗੀਤਾਂ ਨੂੰ ਸੋਸ਼ਲ ਮੀਡੀਆ ਉੱਤੇ ਕਰੋੜਾਂ ਲੋਕਾਂ ਵੱਲੋਂ ਸੁਣਿਆ ਗਿਆ ਹੈ।

ਜਿਲ੍ਹਾ ਪਟਿਆਲਾ ਦੇ ਪਿੰਡ ਚੰਦੂਮਾਜਰਾ ਦੇ ਜੰਮਪਲ ਇਸ 31 ਸਾਲਾ ਗਾਇਕ ਦਾ ਅਸਲ ਨਾਂ ਰਵਿੰਦਰ ਸਿੰਘ ਹੈ। ਮਕੈਨੀਕਲ ਇੰਜਨੀਅਰਿੰਗ ਵਿੱਚ ਬੀ.ਟੈੱਕ. ਕੀਤੀ ਹੋਈ ਹੈ। ਇਸਦੀ ਪੜ੍ਹਨ ਲਿਖਣ ਪ੍ਰਤੀ ਰੁਚੀ ਦਾ ਏਥੋਂ ਪਤਾ ਲਗਦਾ ਹੈ ਕਿ ਇਸ ਨੇ ਆਪਣੇ ਪਿੰਡ ਵਿੱਚ ਸਿਤਾਰ ਦੀ ਸ਼ਕਲ ਦੀ ਬਹੁਤ ਵਧੀਆ ਲਾਇਬ੍ਰੇਰੀ ਬਣਾਈ ਹੋਈ ਹੈ।

ਇਸ 25 ਜੁਲਾਈ ਨੂੰ ਆਪਣਾ ਗੀਤ 'ਪੱਤਾ ਵੀ ਨੀ ਹਿੱਲਦਾ' ਰਿਲੀਜ਼ ਕਰਕੇ ਇਸ ਕਾਕੇ ਨੇ ਨਵਾਂ ਧਮਾਕਾ ਕਰ ਦਿੱਤਾ ਹੈ। ਇਸ ਗੀਤ ਵਿੱਚ ਉਸ ਨੇ ਧਾਰਮਿਕ ਲੋਕਾਂ ਵੱਲੋਂ ਪ੍ਰਚਾਰੀ ਜਾਂਦੀ ਇਹ ਸੋਚ ਕਿ ਦੁਨੀਆ ਵਿੱਚ ਜੋ ਕੁਝ ਵਾਪਰਦਾ ਹੈ, ਉਹ ਰੱਬ ਦੀ ਮਰਜੀ ਨਾਲ ਵਾਪਰਦਾ ਹੈ, ਇਸ ਬਾਰੇ ਬਹੁਤ ਮਹੱਤਵਪੂਰਨ ਸਵਾਲ ਉਠਾਏ ਹਨ। ਇਸ ਗੀਤ ਵਿੱਚ ਤਰਕ ਅਤੇ ਕਲਾ ਦਾ ਬਹੁਤ ਵਧੀਆ ਸੁਮੇਲ ਹੈ।

ਇਸ ਗੀਤ ਨੂੰ ਪਹਿਲੇ 15 ਦਿਨ ਵਿੱਚ 15 ਲੱਖ ਲੋਕਾਂ ਵੱਲੋਂ ਸੁਣਿਆ ਜਾ ਚੁੱਕਾ ਸੀ ਅਤੇ ਇਹ ਵੀ ਨੋਟ ਕਰਨਯੋਗ ਹੈ ਕਿ ਇਸ ਗੀਤ ਉੱਤੇ 10 ਅਗਸਤ ਤੱਕ ਜੋ 4500 ਕੁਮੈਂਟ ਕੀਤੇ ਗਏ ਹਨ। ਉਨ੍ਹਾਂ ਵਿਚੋਂ 95% ਗੀਤ ਦੀ ਪ੍ਰਸੰਸਾ ਵਿੱਚ ਹਨ। ਇਹ ਵਿਊ ਅਤੇ ਕੁਮੈਂਟ ਇਹ ਵੀ ਦਰਸਾਉਂਦੇ ਹਨ ਕਿ ਰੱਬ ਦੇ ਸੰਕਲਪ ਪ੍ਰਤੀ ਲੋਕਾਂ ਦੀ ਸੋਚ ਵਿੱਚ ਕਿੰਨੀ ਤਬਦੀਲੀ ਆ ਚੁੱਕੀ ਹੈ ਜੋ ਸਾਡੇ ਲਈ ਵੀ ਤਸੱਲੀ ਵਾਲੀ ਗੱਲ ਹੈ।

ਪੱਤਾ ਵੀ ਨੀ ਹਿਲਦਾ ਓਹਦੀ ਮਰਜ਼ੀ ਤੋਂ ਬਗੈਰ,
ਢਾਹ ਦਿੰਦਾ ਏ ਪਿੰਡ ਦੇ ਪਿੰਡ ਤੇ ਉਜਾੜ ਦਿੰਦਾ ਏ ਸ਼ਹਿਰ,
ਨਿੱਤ ਹੀ ਕਰਦਾ ਖ਼ੂਨ ਖਰਾਬੇ, ਰੇਪ ਕਰਨ ਦਾ ਆਦੀ ਏ,
ਗਰੀਬਾਂ ਨੂੰ ਹੀ ਤੰਗ ਕਰਦਾ, ਬੜਾ ਬੁਜ਼ਦਿਲ ਉਹ ਅੱਤਵਾਦੀ ਏ
ਜਾਨਵਰਾਂ 'ਤੇ ਕਰਦਾ ਰਹਿੰਦਾ ਰਹਿੰਦਾ ਵੰਨ ਸੁਵੰਨੇ ਕਹਿਰ,
ਹਰ ਇੱਕ ਦਿਲ ਵਿੱਚ ਵਸਦਾ ਏਹਦੇ ਨਾਲ ਦਿਲਾਂ ਵਿੱਚ ਜ਼ਹਿਰ।
ਪੱਤਾ ਵੀ ਨੀ ਹਿਲਦਾ ਓਹਦੀ ਮਰਜ਼ੀ ਤੋਂ ਬਗੈਰ,
ਢਾਹ ਦਿੰਦਾ ਏ ਪਿੰਡ ਦੇ ਪਿੰਡ ਤੇ ਉਜਾੜ ਦਿੰਦਾ ਏ ਸ਼ਹਿਰ।

ਬਹੁਤ ਚੜ੍ਹਾਵੇ ਲੈਂਦਾ ਏ ਰਿਸ਼ਵਤਖੋਰ ਸਿਰੇ ਦਾ ਏ,
ਸ਼ਰੇਆਮ ਨੀਂ ਸਾਹਮਣੇ ਆਉਂਦਾ ਪੱਕਾ ਚੋਰ ਸਿਰੇ ਦਾ ਏ,
ਕਮਜ਼ੋਰਾਂ ਨੂੰ ਲਾਈਨ 'ਚ ਰੱਖਦਾ, ਅਮੀਰਾਂ ਦੇ ਘੁਟਦਾ ਪੈਰ,
ਰਾਜਿਆਂ ਦੇ ਨਾਲ ਯਾਰੀ ਰੱਖੇ ਜਨਤਾ ਦੇ ਨਾਲ ਵੈਰ,
ਪੱਤਾ ਵੀ ਨੀ ਹਿਲਦਾ ਓਹਦੀ ਮਰਜ਼ੀ ਤੋਂ ਬਗੈਰ।

ਜੇ ਇਨਸਾਨ ਦੇ ਹੱਥ ਵੱਸ ਕੁਝ ਨਾਹੀਂ ਫੇਰ ਤਾਂ ਏਹੀ ਪਾਪੀ ਏ,
ਰਾਵਣ, ਲਾਦਿਨ, ਹਿਟਲਰ, ਇਹੀ ਔਰੰਗਜ਼ੇਬ ਗਦਾਫ਼ੀ ਏ,
ਤੇ ਜੇ ਬੰਦੇ ਦੀ ਮਰਜੀ ਏ ਤਾਂ ਏਹਦੀ ਹੋਂਦ ਹੀ ਫਰਜ਼ੀ ਏ,
ਜੇ ਪਾਪ ਪੁੰਨ ਦਾ ਫਲ ਦਿੰਦਾ ਤਾਂ ਤੋਲਣ ਤੋਂ ਇਹਨੂੰ ਅਲਰਜੀ ਏ
ਜੇ ਏਹੀ ਕਰਤਾ ਧਰਤਾ ਏ ਫਿਰ ਪਹਿਲੀ ਗੱਲ 'ਤੇ ਠਹਿਰ,
ਉਹ ਆਪੇ ਆ ਕੇ ਦੇ ਜੂ ਗਾ ਤੂੰ ਮੰਗਦਾਂ ਫਿਰਦਾ ਖੈਰ,
ਗੁੱਸਾ ਕਾਹਨੂੰ ਕਰ ਗਿਆ ਯਾਰਾ ਮੇਰੀਆਂ ਗੱਲਾਂ ਦਾ,
ਗੁੱਸਾ ਲਗਦਾ ਕਰ ਗਿਆ ਭਗਤਾ ਮੇਰੀਆਂ ਗੱਲਾਂ ਦਾ,
ਤੂੰ ਆਪ ਚਲਾਵੇਂ, ਆਪ ਲਿਖਾਵੇਂ ਮੇਰੀ ਕਲਮ ਦੀ ਲੈਅ।

ਉਹਦੇ ਦਫ਼ਤਰ ਜਾਂਦਾ, ਚੌਂਕੀਦਾਰਾਂ ਤੋਂ ਧੱਕੇ ਖਾਂਦਾ,
ਇਹ ਬੰਦਾ ਕਿੰਨਾ ਝੱਲਾ ਏ,
ਇਹ ਕੀਹਨੂੰ ਦੁੱਖ ਸੁਣਾਂਦਾ, ਜਿਹੜੇ ਲੈਕਰ ਪੈਸੇ ਪਾਂਦਾ,
ਉਹ ਗੋਲਕ ਨਹੀਂ ਉਹ ਗੱਲਾ ਏ, ਗੱਲਾ ਏ, ਗੱਲਾ ਏ
ਗੱਲੇ ਪਿੱਛੇ ਦੱਲੇ ਹੱਲੇ ਕਰਦੇ ਰੋਜ ਦਾ ਕਾਰਾ ਏ,
ਜਿਹੜਾ ਕਿਸਮਤ ਨੂੰ ਮੰਨਦਾ ਬੱਸ ਓਹੀ ਕਿਸਮਤ ਵਾਲਾ ਏ,
ਅਗਲੀ ਪਿਛਲੀ ਜ਼ਿੰਦਗੀ ਕੀਹਨੇ ਦੇਖੀ ਕਾਕਾ ਜੀ,
ਤੇਰੇ ਸਾਹ ਥੋੜ੍ਹੇ ਨੇ ਜਿੰਨੀ ਕਰਨੀ ਕਰ ਲੈ ਸੈਰ।

ਤਰਕਸ਼ੀਲ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।




ਆਦਿਵਾਸੀ ਲੋਕਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਉੱਪਰ ਤਸ਼ੱਦਦ ਵਿਰੁੱਧ 8 ਅਗਸਤ 2025 ਨੂੰ ਮੋਗਾ ਵਿੱਚ ਜਨਤਕ ਜਮਹੂਰੀ ਸੰਸਥਾਵਾਂ ਦੀ ਕਨਵੈਨਸ਼ਨ ਵਿੱਚ ਤਰਕਸ਼ੀਲ ਕਾਮੇ।



ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੋਨ ਅੰਮ੍ਰਿਤਸਰ ਦੀ 17 ਅਗਸਤ 2025 ਨੂੰ ਹੋਈ ਵਰਕਸ਼ਾਪ ਵਿੱਚ ਹਾਜ਼ਰ ਤਰਕਸ਼ੀਲ।

If undelivered please return to :

**Tarksheel**

**Tarksheel Bhawan, Tarksheel Chowk,**
**Sanghera By Pass, BARNALA-148101**
**Post Box No. 55**
Cell. 98769 53561, 98728 74620
Web : www.tarksheel.org
e-mail : tarkshiloffice@gmail.com

BOOK POST
(Printed Matter)

To ........................................................................

........................................................................

........................................................................